# PUNJAB VIDHAN SABHA

## DEBATES

***Monday, the 18th February, 2019***

***Vol. VII- No. 5***

OFFICIAL REPORT

CONTENTS


| | Page |
|---|---|
| Starred Questions and Answers | (5)01 |
| Welcome Announcement by the Speaker | (5) 18 |
| Starred Questions and Answers *(Resumption)* | (5) 19 |
| Written Answers to Starred Questions laid on the Table of the House under Rule 38 | (5) 39 |
| Unstarred Questions and Answers | (5) 51 |
| Presentation of Third report of the Business Advisory Committee | (5) 62 |
| Resolution reg: Highly condemning the barbaric attack carried out by the terrorists on the CRPF personnel in Pulwama in Srinagar | (5) 65 |


---


**Punjab Vidhan Sabha Secretariat, Chandigarh**

Price : Rs._________.

| | |
|---|---|
| Presentation of Budget Estimates for the year 2019-20 | (5) 68 |
| Walk Out | (5) 69 |
| Presentation of Budget Estimates for the year 2019-20 (Resumption) | (5) 69 |
| Naming of the Members | (5) 94 |
| Short Adjournment of the House | (5) 94 |
| Presentation of Budget Estimates for the year 2019-20 (Resumption) | (5) 95 |
| Appendix | (5) (i) |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ, ਸੂਚਨਾਂ ਤੇ ਲੋਕ ਸੰਪਰਕ, ਕਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ, ਫੂਡ ਪ੍ਰੋਸੈਸਿੰਗ |
| | Captain Amarinder Singh<br>Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs, Food Processing |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Health & Family Welfare, Medical Education & Research , Parliamentary Affairs, Elections, Removal of Grievances Minister |

| | | |
|---|---|---|
| 3. | ਸਰਦਾਰ ਨਵਜੋਤ ਸਿੰਘ ਸਿੱਧੂ<br>Sardar Navjot Singh Sidhu | ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Local Government, Tourism and Cultural Affairs Minister |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 5. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Farests, Social Justice Empowerment Minorities, Printing & Stationery Minister |
| 6. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਮੰਤਰੀ<br>School Education , Freedom Fighters Minister |
| 7. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ<br>Rural Development & Panchayats, Housing & Urban Development Minister |
| 8. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਮੰਤਰੀ<br>Sports and Youth Affairs Minister |

| | | |
|---|---|---|
| 9. | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸਾਇੰਸ ਤੇ ਤਕਨਾਲੋਜੀ ਮੰਤਰੀ<br>Technical Education and Industrial Training, Employment Generation, Science & Technology Minister |
| 10. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ<br>Social Security, Women & Child Development, Transport Minister |
| 11. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ<br>Higher Education, Water Supply & Sanitation Minister |
| 12. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |
| 13. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br>Sardar Sukhbinder Singh Sarkaria | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ<br>Revenue, Rehabilitation and Disaster Management, Water Resources, Mines & Geology Minister |
| 14. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ<br>Power, New and Renewable Energy Sources Minister |

| | |
|---|---|
| 15. ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ<br>Animal Husbandry, Dairy Development, Labour Minister |
| 16. ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ<br>Public Works, Information Technology Minister |
| 17. ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 18. ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

## PUNJAB VIDHAN SABHA

*Monday, the 18th February, 2019*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Rana Kanwar Pal Singh) in the Chair.*

---

## STARRED QUESTIONS AND ANSWERS

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਮਾਨਯੋਗ ਸਪੀਕਰ ਸਾਹਿਬ, ਅਸੀਂ ਇੱਕ ਬਹੁਤ ਹੀ ਗੰਭੀਰ ਮੁੱਦਾ ਸਦਨ ਵਿਚ ਉਠਾਉਣਾ ਚਾਹੁੰਦੇ ਹਾਂ।

**ਮਾਨਯੋਗ ਸਪੀਕਰ:** ਪਹਿਲਾਂ ਪ੍ਰਸ਼ਨ ਕਾਲ ਕਰ ਲਈਏ, ਪਲੀਜ਼।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਪਲੀਜ਼ ਸਾਡੀ ਗੱਲ ਸੁਣ ਲਈ ਜਾਵੇ ਜੀ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਢੀਂਡਸਾ ਸਾਹਿਬ, ਮੈ ਚਾਹੁੰਦਾ ਹਾਂ ਕਿ ਤੁਸੀਂ ਪ੍ਰਸ਼ਨ ਕਾਲ ਡਿਸਟਰਬ ਨਾ ਕਰੋ। (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਸੀਂ ਬੈਠੋ, ਪਲੀਜ਼, ਤੁਸੀਂ ਬੈਠੋ, ਪ੍ਰਸ਼ਨ ਕਾਲ ਦੀ ਇੱਕ sanctity ਹੈ। ਪ੍ਰਸ਼ਨ ਕਾਲ ਦੀ ਇੱਕ sanctity ਹੈ, ਪਲੀਜ਼ ਬੈਠੋ, ਤੁਸੀਂ ਬੈਠੋ। ਤੁਸੀਂ ਜਿਹੜੀ ਗੱਲ ਕਰਨੀ ਹੈ, ਉਹ ਬਾਅਦ ਵਿੱਚ ਕਰ ਲੈਣਾ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ** **

**ਮਾਨਯੋਗ ਸਪੀਕਰ:** ਪਲੀਜ਼ ਤੁਸੀਂ ਬੈਠੋ, ਪਲੀਜ਼, ਇਹ ਪ੍ਰਸ਼ਨ ਕਾਲ ਹੈ। ਬੈਠੋ, ਬੈਠੋ।ਹਾਂ ਜੀ, ਸਰਦਾਰ ਗੁਰਕੀਰਤ ਸਿੰਘ ਕੋਟਲੀ ਜੀ। (ਵਿਘਨ, ਸ਼ੋਰ)

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਪੀਕਰ ਸਾਹਿਬ, ਪਲੀਜ਼ ਪਹਿਲਾਂ ਇਨ੍ਹਾਂ ਨੂੰ ਸ਼ਾਂਤ ਕਰਵਾਓ। ਪਹਿਲਾਂ ਇਨ੍ਹਾਂ ਨੂੰ ਸ਼ਾਂਤ ਕਰਵਾਓ ਜੀ। (ਵਿਘਨ, ਸ਼ੋਰ)

---

** Not recorded as ordered by the Chair.

**ਮਾਨਯੋਗ ਸਪੀਕਰ:** ਪਲੀਜ਼ ਬੈਠੋ। (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਆਪਣੀ ਗੱਲ ਬਾਅਦ ਵਿੱਚ ਕਰ ਲੈਣਾ, ਬਾਅਦ ਵਿੱਚ ਕਰ ਲੈਣਾ, ਪਲੀਜ਼ ਬੈਠੋ।

## ਉਦਯੋਗਿਕ ਫੋਕਲ ਪੁਆਇੰਟ, ਖੰਨਾ ਦੀਆਂ ਅੰਦਰੂਨੀ ਸੜਕਾਂ ਬਣਾਉਣ ਲਈ ਫੰਡ ਰਿਲੀਜ਼ ਕਰਨਾ

***1783. ਸਰਦਾਰ ਗੁਰਕੀਰਤ ਸਿੰਘ ਕੋਟਲੀ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਦਯੋਗਿਕ ਫੋਕਲ ਪੁਆਇੰਟ, ਖੰਨਾ ਦੀਆਂ ਅੰਦਰੂਨੀ ਸੜਕਾਂ ਬਣਾਉਣ ਲਈ ਫੰਡ ਕਦੋਂ ਤੱਕ ਰਿਲੀਜ਼ ਕਰ ਦਿੱਤੇ ਜਾਣਗੇ ਅਤੇ ਇਹ ਸੜਕਾਂ ਬਣਾਉਣ ਦਾ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ, ਸ਼ੋਰ)

**ਸਰਦਾਰ ਨਵਜੋਤ ਸਿੰਘ ਸਿੱਧੂ:** ਖੰਨਾ ਸ਼ਹਿਰ ਵਿਖੇ ਉਦਯੋਗਿਕ ਫੋਕਲ ਪੁਆਇੰਟ ਦੀਆਂ ਅੰਦਰੂਨੀ ਸੜਕਾਂ ਦੀ ਦੇਖ-ਰੇਖ ਦਾ ਕੰਮ ਨਗਰ ਕੌਂਸਲ, ਖੰਨਾ ਵੱਲੋਂ ਸਾਲ 2002 ਵਿੱਚ ਪੀ.ਐਸ.ਆਈ.ਈ.ਸੀ (Punjab Small Scale Industries and Export Corporation) ਤੋਂ ਟੇਕ ਓਵਰ ਕਰ ਲਿਆ ਗਿਆ ਸੀ। ਉਦਯੋਗਿਕ ਫੋਕਲ ਪੁਆਇੰਟ ਖੰਨਾ ਦੀਆਂ ਅੰਦਰੂਨੀ ਸੜਕਾਂ ਬਣਾਉਣ ਲਈ ਪੀ.ਐਸ.ਆਈ.ਈ.ਸੀ. (Punjab Small Industries and Export Corporation) ਵਲੋਂ ਸਾਲ 2003-04 ਵਿੱਚ 64.12 ਲੱਖ ਰੁਪਏ ਦੀ ਰਾਸ਼ੀ ਨਗਰ ਕੌਂਸਲ ਨੂੰ ਤਬਦੀਲ ਕੀਤੀ ਗਈ ਸੀ ਜੋ ਕਿ ਫੋਕਲ ਪੁਆਇੰਟ ਦੀਆਂ ਸੜਕਾਂ ਆਦਿ ਤੇ ਸਾਲ 2003-04 ਵਿੱਚ ਖਰਚ ਕੀਤੀ ਗਈ ਸੀ। ਨਗਰ ਕੌਂਸਲ ਵਲੋਂ ਉਦਯੋਗਿਕ ਫੋਕਲ ਪੁਆਇੰਟ ਦੀਆਂ ਅੰਦਰੂਨੀ ਸੜਕਾਂ ਨੂੰ ਅਪਗਰੇਡ ਕਰਨ ਲਈ ਤਿੰਨ ਕਰੋੜ ਦੇ ਤਖਮੀਨੇ ਤਿਆਰ ਕੀਤੇ ਗਏ ਹਨ, ਮੌਜੂਦਾ ਸਮੇਂ ਨਗਰ ਕੌਂਸਲ, ਖੰਨਾ ਕੋਲ ਇਨ੍ਹਾਂ ਕੰਮਾਂ ਲਈ ਫੰਡਜ਼ ਉਪਲਬਧ ਨਹੀਂ ਹਨ। ਇਸ ਏਰੀਏ ਨੂੰ ਅਮਰੁੱਤ ਸਕੀਮ ਅਧੀਨ ਕਵਰ ਕਰਨ ਲਈ ਕੇਸ ਵਿਚਾਰਿਆ ਜਾਵੇਗਾ ਅਤੇ ਫੰਡਜ਼ ਉਪਲਬਧ ਹੋਣ ਤੇ ਇਹ ਕੰਮ ਕਰਵਾਏ ਜਾਣਗੇ।

---

** Not recorded as ordered by the Chair.

**ਮਾਨਯੋਗ ਸਪੀਕਰ:** ਧੰਨਵਾਦ।ਹਾਂ ਜੀ, ਕੋਟਲੀ ਜੀ। (ਵਿਘਨ, ਸ਼ੋਰ) ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠ ਜਾਓ, ਪ੍ਰਸ਼ਨ ਕਾਲ ਵਿੱਚ ਡਿਸਟਰਬ ਨਾ ਕਰਿਆ ਕਰੋ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਪੀਕਰ ਸਾਹਿਬ, ਹੁਣ ਮੈਂ ਕੀ ਕਹਾਂ ਤੇ ਕੀ ਨਾ ਕਹਾਂ? ਮੇਰੀ ਆਪਣੀ ਸਰਕਾਰ ਹੈ।

**ਮੰਤਰੀ:** ** ** (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਕੋਟਲੀ ਜੀ, ਕੋਟਲੀ ਜੀ, ਤੁਸੀਂ ਆਪਣੀ ਗੱਲ carry ਕਰੋ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਪੀਕਰ ਸਾਹਿਬ, ਸ਼ਾਂਤੀ ਤਾਂ ਬਣਵਾਓ ਜੀ, ਨਹੀਂ ਤਾਂ ਫਿਰ ਗੱਲ ਦਾ ਸਵਾਦ ਨਹੀਂ ਆਉਂਦਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ** **

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਮਜੀਠੀਆ ਜੀ, ਬੈਠ ਜਾਓ, ਪਲੀਜ਼।

**ਮਾਨਯੋਗ ਸਪੀਕਰ:** ਪਲੀਜ਼, ਪਲੀਜ਼, ਪਲੀਜ਼, ਪਲੀਜ਼।

**ਮੰਤਰੀ:** ** **

**ਮਾਨਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ, ਰਿਕਾਰਡ ਨਾ ਕੀਤਾ ਜਾਵੇ। ਕੋਟਲੀ ਜੀ, ਤੁਸੀਂ ਬੋਲੋ।(ਵਿਘਨ, ਸ਼ੋਰ)

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਿੱਧੂ ਸਾਹਿਬ, ਇੱਕ ਮਿੰਟ ਸ਼ਾਂਤੀ ਰੱਖਿਓ।

**ਮੰਤਰੀ:** ** **

**ਮਾਨਯੋਗ ਸਪੀਕਰ:** ਕੋਟਲੀ ਜੀ। ਸਿੱਧੂ ਸਾਹਿਬ, ਪਲੀਜ਼ ਚੇਅਰ ਨੂੰ ਐਡਰੈੱਸ ਕਰੋ। ਸਿੱਧੂ ਸਾਹਿਬ, ਪਲੀਜ਼।

**ਮੰਤਰੀ:** ** **

**ਸਰਦਾਰ ਬਿਕਰਮ ਸਿੰਘ ਮਜੀਠੀਆ:** ** **

**ਮਾਨਯੋਗ ਸਪੀਕਰ:** ਪਲੀਜ਼, ਪਲੀਜ਼, ਪਲੀਜ਼ ਆਪਾਂ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੀਏ। ਆਪਾਂ ਪ੍ਰਸ਼ਨ ਕਾਲ ਦੀ sanctity ਨੂੰ ਖਰਾਬ ਨਾ ਕਰੀਏ।

---

** Not recorded as ordered by the Chair.

**ਮੰਤਰੀ:** ** **

**ਮਾਨਯੋਗ ਸਪੀਕਰ:** ਪਲੀਜ਼, ਪਲੀਜ਼।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਪਲੀਜ਼ ਸਾਰੇ ਬੈਠੋ, ਸਾਰੇ ਬੈਠੋ, ਪਲੀਜ਼ ਬੈਠੋ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਮਜੀਠੀਆ ਜੀ, ਥੋੜ੍ਹੀ ਜਿਹੀ ਸ਼ਾਂਤੀ ਰੱਖੋ।

**ਮਾਨਯੋਗ ਸਪੀਕਰ:** ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਇਹ ਸਵਾਲ-ਜਵਾਬ ਬੜੇ ਜ਼ਰੂਰੀ ਹਨ।

**ਮਾਨਯੋਗ ਸਪੀਕਰ:** ਕੋਟਲੀ ਜੀ, ਤੁਸੀਂ ਆਪਣੀ ਗੱਲ ਕਰੋ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਪੀਕਰ ਸਾਹਿਬ, ਆਪਣੇ ਹਲਕੇ ਦੇ ਲੋਕਾਂ ਵੱਲੋਂ ਉਠਾਏ ਸਵਾਲਾਂ ਦਾ ਜਵਾਬ ਮੰਗਣ ਦਾ ਇਹੀ ਮੌਕਾ ਹੁੰਦਾ ਹੈ। ਸਪੀਕਰ ਸਾਹਿਬ, ਹੁਣ ਮੈਂ ਕੀ ਬੋਲਾਂ ਅਤੇ ਕੀ ਨਾ ਬੋਲਾਂ।

**ਮਾਨਯੋਗ ਸਪੀਕਰ:** ਇੱਕ ਸੈਕਿੰਡ ਜੀ। ਮਜੀਠੀਆ ਸਾਹਿਬ, ਪ੍ਰਸ਼ਨ ਕਾਲ ਦੀ ਆਪਣੀ ਇੱਕ sanctity ਹੈ। ਮੈਂ ਸਾਰੇ ਹਾਊਸ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਪ੍ਰਸ਼ਨ ਕਾਲ ਦੇ ਵਿੱਚ ਕੋਈ ਡਿਸਟਰਬ ਨਾ ਕਰਿਆ ਕਰੋ। ਕੋਟਲੀ ਜੀ, ਅੱਗੇ ਗੱਲ ਕਰੋ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਪੀਕਰ ਸਾਹਿਬ, ਮੇਰੀ ਆਪਣੀ ਸਰਕਾਰ ਹੈ। ਜੇ ਮੈਂ ਬੋਲ ਗਿਆ ਤਾਂ ਇਹ ਕਹਿਣਗੇ ਬੇਗਾਨਾ ਹੋ ਗਿਆ ਅਤੇ ਜੇ ਨਾ ਬੋਲਿਆ ਤਾਂ ਫਿਰ ਲੋਕ ਕਹਿਣਗੇ ਬੇਜ਼ੁਬਾਨਾ ਹੋ ਗਿਆ। ਸਪੀਕਰ ਸਾਹਿਬ, ਅਸੀਂ ਬਹੁਤ ਸਮੇਂ ਤੋਂ ਫੋਕਲ ਪੁਆਇੰਟ ਦੀ ਮੰਗ ਕਰਦੇ ਆ ਰਹੇ ਹਾਂ ਕਿਉਂਕਿ ਖੰਨੇ ਦੀ ਸਮੁੱਚੀ ਇੰਡਸਟਰੀ ਉੱਥੇ ਲੱਗੀ ਹੋਈ ਹੈ ਅਤੇ ਇਹ ਬੜੀ ਅਹਿਮ ਇੰਡਸਟਰੀ ਹੈ। ਉੱਥੇ ਨਾ ਤਾਂ ਸੜਕਾਂ ਹਨ, ਨਾ ਉੱਥੇ ਸੀਵਰੇਜ ਹੈ, ਨਾ ਕੋਈ ਸਟਰੀਟ ਲਾਈਟ ਦਾ ਪ੍ਰਬੰਧ ਹੈ। ਸੋ, ਪਿਛਲੀ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਵਿੱਤ ਮੰਤਰੀ ਜੀ ਨੇ, ਜੋ ਹੁਣ ਇੱਥੇ ਮੌਜੂਦ ਨਹੀਂ ਹਨ, ਉਨ੍ਹਾਂ ਨੇ ਬਜਟ ਦੇ ਵਿੱਚ ਖੰਨਾ ਫੋਕਲ ਪੁਆਇੰਟ ਦੇ ਲਈ ਪ੍ਰੋਵੀਜ਼ਨ ਕੀਤੀ ਸੀ ਪਰ ਇੱਕ ਸਾਲ

** Not recorded as ordered by the Chair.

ਹੋ ਗਿਆ ਹੈ ਅਤੇ ਅਸੀਂ ਇੱਕ ਰੁਪਿਆ ਵੀ ਉੱਥੇ ਨਹੀਂ ਲਾ ਸਕੇ। ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਇਹ ਫੋਕਲ ਪੁਆਇੰਟ ਮਿਉਂਸਿਪਲ ਕਮੇਟੀ ਨੇ ਐਡਾਪਟ ਕਰ ਲਿਆ ਹੈ ਪਰ ਸਪੀਕਰ ਸਾਹਿਬ ਜਦ ਤੱਕ ਮਿਉਂਸਿਪਲ ਕਮੇਟੀ ਨੂੰ ਪੈਸੇ ਨਹੀਂ ਦਿੱਤੇ ਜਾਂਦੇ, ਕੰਮ ਕਿਵੇਂ ਹੋਵੇਗਾ। ਇੱਥੋਂ ਤੱਕ ਕਿ ਮਿਉਂਸਿਪਲ ਕਮੇਟੀ ਵੱਲੋਂ ਲਿਖ ਕੇ ਦੇ ਦਿੱਤਾ ਹੋਇਆ ਹੈ ਕਿ 60:40 ਦੇ ਨਾਲ ਅਸੀਂ ਇਹ ਸੜਕਾਂ ਅਤੇ ਇਨਫਰਾਸਟੱਰਕਚਰ ਕਰੀਏਟ ਕਰਨ ਨੂੰ ਤਿਆਰ ਹਾਂ ਪਰ ਹਾਲੇ ਤੱਕ ਨਾ ਤਾਂ ਫਾਈਨਾਂਸ ਡਿਪਾਰਟਮੈਂਟ ਨੇ ਕੋਈ ਪੈਸਾ ਰਿਲੀਜ਼ ਕੀਤਾ ਹੈ ਅਤੇ ਨਾ ਹੀ ਹਾਲੇ ਤੱਕ ਕੋਈ ਗੱਲ ਅੱਗੇ ਵਧਦੀ ਨਜ਼ਰ ਆ ਰਹੀ ਹੈ। ਸੋ, ਮੇਰੀ ਮੰਤਰੀ ਜੀ ਨੂੰ ਇਹ ਗੁਜ਼ਾਰਿਸ਼ ਹੈ ਕਿ ਜਿਵੇਂ ਮੰਤਰੀ ਜੀ ਨੇ ਕਿਹਾ ਹੈ ਕਿ AMRUT ਪਲਾਨ ਦੇ ਵਿੱਚ...

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ, ਸਵਾਲ ਪੁੱਛੋ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਰ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਇਸ ਕੰਮ ਨੂੰ AMRUT ਪਲਾਨ ਦੇ ਵਿੱਚ ਲਿਆ ਜਾਵੇਗਾ। ਸਪੀਕਰ ਸਾਹਿਬ, ਮੈਨੂੰ ਨਹੀਂ ਲਗਦਾ ਕਿ AMRUT ਪਲਾਨ ਸਕੀਮ ਦੇ ਵਿੱਚ ਫੋਕਲ ਪੁਆਇੰਟ ਆਉਂਦਾ ਹੈ। ਅਗਰ ਫੋਕਲ ਪੁਆਇੰਟ ਇਸ ਸਕੀਮ ਤਹਿਤ ਆਉਂਦਾ ਹੈ ਤਾਂ ਮੰਤਰੀ ਜੀ ਇਸ ਦਾ ਆਸ਼ਵਾਸਨ ਦੇ ਦੇਣ ਜਾਂ ਮੰਤਰੀ ਜੀ ਇਹ ਕਹਿ ਦੇਣ ਕਿ ਫਾਈਨਾਂਸ ਡਿਪਾਰਟਮੈਂਟ ਤੋਂ ਇਸ ਦੀ ਗਰਾਂਟ ਰਿਲੀਜ਼ ਕਰਵਾ ਦਿੱਤੀ ਜਾਵੇਗੀ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਰ, ਮੇਰਾ ਤਾਂ ਇਹੀ ਸਵਾਲ ਹੈ ਕਿ ਇਹ ਕਦੋਂ ਤੱਕ ਹੋ ਜਾਵੇਗਾ?

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਕੀ ਇਹ ਕੰਮ AMRUT ਪਲਾਨ ਦੇ ਵਿੱਚ ਆ ਜਾਵੇਗਾ?

**ਮੰਤਰੀ:** ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਇਸ ਗੱਲ ਦੀ ਐਸ਼ਿਓਰੈਂਸ ਦਿੰਦਾ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ)।

**ਮਾਨਯੋਗ ਸਪੀਕਰ:** ਬੈਠੋ, ਬੈਠੋ, ਪਲੀਜ਼ ਬੈਠੋ, ਇਸ ਤਰ੍ਹਾਂ ਨਾ ਕਰੋ। (ਵਿਘਨ..ਸ਼ੋਰ)

** Not recorded as ordered by the Chair.

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਐਸ਼ਿਓਰੈਂਸ ਦਿੰਦਾ ਹਾਂ ਕਿ ਇਹ ਕੰਮ ਪੱਕਾ ਹੋ ਜਾਵੇਗਾ। (ਵਿਘਨ..ਸ਼ੋਰ) ਅਸੀਂ AMRUT ਪਲਾਨ ਦੇ ਵਿੱਚ ਜਿੰਨੇ AMRUT ਟਾਊਨਜ਼ ਹਨ, ਉਨ੍ਹਾਂ ਵਿੱਚ 100% ਕੰਮ ਕਰਕੇ ਦੇਵਾਂਗੇ। (ਵਿਘਨ..ਸ਼ੋਰ) ਜੇ ਕੋਈ ਇਸ ਪ੍ਰੋਵੀਜ਼ਨ ਵਿੱਚ ਪਰਮਿਸ਼ਨ ਲੈਣੀ ਹੋਈ, ਉਹ ਵੀ ਅਸੀਂ ਫਾਈਨਾਂਸ ਡਿਪਾਰਟਮੈਂਟ ਤੋਂ ਲੈ ਲਵਾਂਗੇ ਲੇਕਿਨ ਮੈਂ ਐਸ਼ਿਓਰ ਕਰਦਾ ਹਾਂ ਕਿ ਇਕ ਸਾਲ ਦੇ ਅੰਦਰ-ਅੰਦਰ ਇਨ੍ਹਾਂ ਦੇ ਕੰਮ ਕਰਵਾ ਕੇ ਦੇ ਵਾਂਗੇ। (ਵਿਘਨ) (ਸ਼ੋਰ)।

**ਮਾਨਯੋਗ ਸਪੀਕਰ:** ਕੋਟਲੀ ਜੀ, ਇੱਕ ਸਾਲ ਦੇ ਅੰਦਰ-ਅੰਦਰ ਕੰਮ ਕਰਵਾ ਦਿੱਤੇ ਜਾਣਗੇ। ਇਹ ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਧੰਨਵਾਦ ਜੀ।

**ਸ਼੍ਰੀ ਬੁੱਧ ਰਾਮ:** ਸਰ, ਜੋ ਸੀਵਰੇਜ ਬੋਰਡ ਹੈ, ਉਹ ਸਥਾਨਕ ਸਰਕਾਰ ਮੰਤਰੀ ਜੀ ਦੇ ਅਧੀਨ ਆਉਂਦਾ ਹੈ। ਮੇਰੇ ਇਲਾਕੇ ਵਿਚ ਪੈਂਦੇ ਬੁੱਢਲਾਡੇ ਦੇ ਵਿੱਚ ਸਾਲ 2016 ਵਿੱਚ ਸੀਵਰੇਜ ਪਾਇਆ ਗਿਆ ਸੀ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ। ਬੁੱਧ ਰਾਮ ਜੀ, ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਬੁੱਧ ਰਾਮ:** ਸਰ, ਸੀਵਰੇਜ ਬੋਰਡ ਦਾ ਕੰਮ ਹੈ। ਸੀਵਰੇਜ ਬੋਰਡ ਇਨ੍ਹਾਂ ਦੇ ਅਧੀਨ ਆਉਂਦਾ ਹੈ।

**ਮਾਨਯੋਗ ਸਪੀਕਰ:** ਨਹੀਂ ਜੀ, ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਬੁੱਧ ਰਾਮ:** ਸਰ, ਉਹ ਸ਼ਹਿਰ ਦੀਆਂ ਅੰਦਰੂਨੀ ਸੜਕਾਂ ਹਨ।

----

**ਨਿਸ਼ਾਨ ਵਾਲਾ ਪ੍ਰਸ਼ਨ ਨੰ. *1804**

**(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)**

----

**ਹੁਸ਼ਿਆਰਪੁਰ ਵਿਖੇ ਕੰਢੀ ਦੇ ਬੀਤ ਏਰੀਏ ਤੋਂ ਦਫਾ 4-5 ਹਟਾਉਣਾ**

***1730. ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ

ਦੱਸਣਗੇ ਕਿ ਕੀ ਇਹ ਠੀਕ ਹੈ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕੰਢੀ ਦਾ ਬੀਤ ਏਰੀਆ ਜੋ ਕਿ ਜੰਗਲਾਤ ਵਿਭਾਗ ਦੇ ਅਧੀਨ ਆਉਂਦਾ ਹੈ, ਜਿਸ ਤੇ ਦਫਾ 4-5 ਲੱਗੀ ਹੋਈ ਹੈ, ਉੱਥੇ ਕਿਸੇ ਵੀ ਪ੍ਰਕਾਰ ਦਾ ਕੋਈ ਕਾਰੋਬਾਰ ਨਹੀਂ ਕੀਤਾ ਜਾ ਸਕਦਾ; ਜੇਕਰ ਅਜਿਹਾ ਹੋਵੇ ਤਾਂ ਇਸ ਏਰੀਏ ਤੋਂ ਦਫਾ 4 ਅਤੇ 5 ਹਟਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਸਾਧੂ ਸਿੰਘ :** ਸ਼੍ਰੀਮਾਨ ਜੀ, ਨਹੀਂ ਜੀ। ਕੰਢੀ ਖੇਤਰ ਦਾ ਬੀਤ ਏਰੀਆ ਜੋ "ਪੰਜਾਬ ਭੂਮੀ ਸੁਰੱਖਿਆ ਐਕਟ, 1900" ਦੀ ਦਫਾ 4 ਜਾਂ 5 ਤਹਿਤ ਆਉਂਦਾ ਹੈ, ਉਸ ਵਿੱਚ ਸਮਰੱਥ ਅਥਾਰਟੀ ਤੋਂ ਪ੍ਰਵਾਨਗੀ ਲੈਣ ਉਪਰੰਤ ਕਾਰੋਬਾਰ ਕੀਤਾ ਜਾ ਸਕਦਾ ਹੈ। ਹੁਸ਼ਿਆਰਪੁਰ ਵਿਖੇ ਕੰਢੀ ਖੇਤਰ ਦੇ ਬੀਤ ਏਰੀਏ ਤੋਂ ਦਫਾ 4 ਜਾਂ 5 ਹਟਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਮਰੱਥ ਅਥਾਰਟੀ ਕੌਣ ਹੈ, ਜਿਨ੍ਹਾਂ ਤੋਂ ਪ੍ਰਵਾਨਗੀ ਲੈਣੀ ਪੈਂਦੀ ਹੈ?

**ਮੰਤਰੀ:** ਸਰ, ਦਫਾ 4 ਅਤੇ 5 ਅਧੀਨ ਬੰਦ ਰਕਬਿਆਂ ਵਿੱਚੋਂ ਪੰਜਾਬ ਸਰਕਾਰ ਦੀ ਪ੍ਰਵਾਨਿਤ ਫਾਇਲਿੰਗ ਪਾਲਿਸੀ ਅਤੇ ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਮੈਨੇਜਮੈਂਟ ਪਲਾਨ ਅਨੁਸਾਰ ਜ਼ਮੀਨ ਦੇ ਮਾਲਕ ਰੁੱਖਾਂ ਨੂੰ ਵੇਚਣ ਲਈ ਪਰਮਿਟ ਤਹਿਤ ਰੁੱਖ ਕਟਵਾ ਵੀ ਸਕਦੇ ਹਨ। ਦਫਾ 4 ਅਤੇ 5 ਅਧੀਨ ਬੰਦ ਰਕਬਿਆਂ ਵਿੱਚ ਜ਼ਮੀਨ ਦੇ ਮਾਲਕਾਂ ਵੱਲੋਂ ਘਰੇਲੂ ਵਰਤੋਂ ਲਈ ਲੱਕੜੀ ਬਾਲਣ ਆਦਿ ਲਈ ਇਕੱਠਾ ਕੀਤੀ ਜਾ ਸਕਦੀ ਹੈ। ਜ਼ਮੀਨ ਦੇ ਮਾਲਕਾਂ ਵੱਲੋਂ ਖੇਤੀ, ਡੰਗਰਾਂ ਦੀ ਚਰਾਈ ਅਤੇ ਦਰੱਖਤਾਂ ਦੀ ਕਟਾਈ ਲਈ ਸਮਰੱਥ ਅਥਾਰਟੀ ਤੋਂ ਪ੍ਰਵਾਨਗੀ ਲੈ ਕੇ ਪਰਮਿਟ ਪ੍ਰਾਪਤ ਕੀਤੇ ਜਾ ਸਕਦੇ ਹਨ। ਦਫਾ 4 ਅਤੇ 5 ਅਧੀਨ ਬੰਦ ਏਰੀਏ ਵਿੱਚ ਪੈਂਦੇ ਵਣ ਏਰੀਏ ਵਿੱਚ ਗੈਰ ਵਣ ਮੰਤਵ, ਵਪਾਰਕ ਕੰਮ ਕਰਨ ਦੀ ਪ੍ਰਵਾਨਗੀ ਭਾਰਤ ਸਰਕਾਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਪਿਛਲੇ ਪੰਜ ਸਾਲਾਂ ਦੌਰਾਨ ਕੰਢੀ ਏਰੀਏ ਦੇ ਬੀਤ ਏਰੀਏ ਵਿੱਚ ਜੰਗਲਾਤ ਵਿਭਾਗ ਵੱਲੋਂ 7500 ਦਰੱਖਤਾਂ ਦੀ ਕਟਾਈ ਲਈ 30 ਕਟਾਈ ਪਰਮਿਟ ਜਾਰੀ ਕੀਤੇ ਗਏ ਹਨ। ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬੀਤ ਏਰੀਏ ਵਿੱਚ ਪਿੰਡਾਂ ਸਮੇਤ ਰਾਜ ਦੇ ਪੂਰੇ ਕੰਢੀ ਖੇਤਰ ਵਿੱਚ ਦਫਾ 4 ਅਤੇ 5 ਅਧੀਨ ਪੈਂਦੇ ਕੁੱਲ 4 ਲੱਖ 11 ਹਜ਼ਾਰ 157.60 ਏਕੜ ਰਕਬੇ ਵਿੱਚੋਂ ਪੰਜਾਬ ਸਰਕਾਰ ਵੱਲੋਂ

[ਜੰਗਲਾਤ ਮੰਤਰੀ]
ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਭਾਰਤ ਸਰਕਾਰ ਦੀ ਪ੍ਰਵਾਨਗੀ ਲੈ ਕੇ 1 ਲੱਖ 36 ਹਜ਼ਾਰ 747.27 ਏਕੜ ਰਕਬੇ ਨੂੰ ਵਣ ਦੀ ਸੂਚੀ ਅਤੇ ਦਫਾ 4 ਅਤੇ 5 ਲਈ ਡੀਲਿਸਟ ਕਰਵਾ ਦਿੱਤਾ ਗਿਆ ਹੈ। ਬੀਤ ਏਰੀਏ ਦੇ ਪਿੰਡਾਂ ਵਿੱਚ 18 ਹਜ਼ਾਰ 734 ਏਕੜ ਰਕਬੇ ਵਿੱਚੋਂ 6 ਹਜ਼ਾਰ 963 ਏਕੜ ਰਕਬਾ ਵੀ ਡੀਲਿਸਟ ਕਰਵਾਇਆ ਗਿਆ ਹੈ, ਜੋ ਕਿ ਲਗਭਗ 37 ਪ੍ਰਤੀਸ਼ਤ ਬਣਦਾ ਹੈ।

**ਮਾਨਯੋਗ ਸਪੀਕਰ:** ਸਮਰੱਥ ਅਧਿਕਾਰੀ ਕੌਣ ਹੈ?

**ਮੰਤਰੀ:** ਸਪੀਕਰ ਸਾਹਿਬ, ਸਮਰੱਥ ਅਧਿਕਾਰੀ ਸਾਡਾ ਮਹਿਕਮਾ ਹੈ। ਵਿਭਾਗ ਦਾ ਚੀਫ ਹੈ। ਮੈਂ ਮਨਿਸਟਰ ਹਾਂ ਅਤੇ ਉਸ ਤੋਂ ਬਾਅਦ ਸਾਡਾ ਗਰੀਨ ਟ੍ਰਿਬਿਊਨਲ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਬੀਤ ਰਕਬੇ ਵਿੱਚ ਇੱਕ ਬਹੁਤ ਵੱਡਾ ਕਰੈਸ਼ਰ ਲਗਾਇਆ ਜਾ ਰਿਹਾ ਹੈ। ਜੇਕਰ ਆਪਾਂ ਗਰੀਬ ਕਿਸਾਨਾਂ ਦੀ ਗੱਲ ਕਰੀਏ ਤਾਂ ਜੇਕਰ ਉਨ੍ਹਾਂ ਨੇ ਆਪਣੇ ਘਰ ਨੂੰ ਵੀ ਕੋਈ ਟਰਾਲੀ ਪੱਥਰਾਂ ਦੀ ਲੈ ਕੇ ਆਉਣੀ ਹੈ ਤਾਂ ਉਸ ਉੱਤੇ ਵੀ ਪਰਚਾ ਦਰਜ ਕੀਤਾ ਜਾ ਰਿਹਾ ਹੈ ਪਰ ਜਿੱਥੇ ਗੱਲ ਦਫਾ ਚਾਰ ਅਤੇ ਪੰਜ ਦੀ ਕੀਤੀ ਜਾ ਰਹੀ ਹੈ, ਉੱਥੇ ਜਿਹੜੇ ਵੱਡੇ ਕਾਰੋਬਾਰੀ ਹਨ, ਉਨ੍ਹਾਂ ਨੂੰ ਕਰੈਸ਼ਰ ਲਗਾਉਣ ਦੀ ਅਨੁਮਤੀ ਸਰਕਾਰ ਵੱਲੋਂ ਦਿੱਤੀ ਜਾ ਰਹੀ ਹੈ।

**ਮਾਨਯੋਗ ਸਪੀਕਰ:** ਸਵਾਲ ਤਾਂ ਤੁਸੀਂ ਪੁੱਛਿਆ ਹੀ ਨਹੀਂ। ਤੁਹਾਡਾ ਸਵਾਲ ਕੀ ਹੈ ?

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਜੇਕਰ ਕਿਸੇ ਨੇ ਕਰੈਸ਼ਰ ਲਗਾਉਣਾ ਹੈ ਤਾਂ ਪਰਮਿਸ਼ਨ ਮਿਲ ਜਾਂਦੀ ਹੈ। ਜੇਕਰ ਆਪਾਂ ਬੀਤ ਇਲਾਕੇ ਦੇ ਉੱਪਰੋਂ ਦੀ ਚੜ੍ਹੀਏ ਤਾਂ ਉੱਥੇ ਕੋਟ, ਮਹਿਰਾ ਅਤੇ ਪੰਡੋਰੀ ਪਿੰਡ ਹਨ। ਉਨ੍ਹਾਂ ਦੀ ਸੈਂਕੜੇ ਏਕੜ ਜ਼ਮੀਨ ਬਿਲਕੁਲ ਸਟੈਂਪ ਬਾਇ ਸਟੈਂਪ ਹੈ। ਸੋ, ਮੰਤਰੀ ਸਾਹਿਬ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਕੋਈ ਅਜਿਹਾ ਪ੍ਰਾਵਧਾਨ ਹੈ ਕਿ ਗਰੀਬ ਕਿਸਾਨਾਂ ਨੂੰ ਆਪਣੇ ਖੇਤ ਲੈਵਲ ਕਰਨ ਲਈ ਡਿਪਟੀ ਕਮਿਸ਼ਨਰ ਜਾਂ ਐਸ.ਡੀ.ਐਮ. ਲੈਵਲ ਤੇ ਅਨੁਮਤੀ ਦਿੱਤੀ ਜਾ ਸਕੇ ਕਿਉਂਕਿ ਜਿਹੜੇ ਗਰੀਬ ਕਿਸਾਨ ਹਨ, ਉਨ੍ਹਾਂ ਕੋਲ ਦੋ ਕੈਨਾਲ ਜਾਂ ਚਾਰ ਕੈਨਾਲ ਦੀ ਹੀ ਜ਼ਮੀਨ ਹੁੰਦੀ ਹੈ। ਉਹ ਐਨੇ ਵੱਡੇ ਲੈਵਲ ਤੇ ਅਨੁਮਤੀ ਲੈਣ ਲਈ ਨਹੀਂ ਜਾ ਸਕਦੇ।

**ਮਾਨਯੋਗ ਸਪੀਕਰ:** ਕੀ ਲੈਂਡ ਲੈਵਲਿੰਗ ਦੀ ਅਨੁਮਤੀ ਡੀ.ਸੀ. ਪੱਧਰ ਤੇ ਦਿੱਤੀ ਜਾ ਸਕਦੀ ਹੈ?

**ਮੰਤਰੀ:** ਸਪੀਕਰ ਸਾਹਿਬ, ਨਹੀਂ ਜੀ। ਡੀ.ਸੀ. ਜਾਂ ਐਸ.ਡੀ.ਐਮ. ਪੱਧਰ ਤੇ ਇਹ ਅਨੁਮਤੀ ਨਹੀਂ ਦਿੱਤੀ ਜਾ ਸਕਦੀ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਕਰੈਸ਼ਰ ਲਗਾਉਣ ਦੀ ਅਨੁਮਤੀ ਦਿੱਤੀ ਜਾ ਰਹੀ ਹੈ। ਉੱਥੇ ਕਰੈਸ਼ਰ ਲੱਗ ਰਹੇ ਹਨ।

**ਮੰਤਰੀ:** ਬਿਲਕੁਲ ਨਹੀਂ ਜੀ। ਇਸ ਤਰ੍ਹਾਂ ਕੋਈ ਪ੍ਰਵਾਨਗੀ ਨਹੀਂ ਮਿਲਦੀ। ਜੇਕਰ ਕਿਸੇ ਨੇ ਆਪਣੀ ਜ਼ਮੀਨ ਵਿਚ ਰਸਤਾ ਵੀ ਲੈਣਾ ਹੈ ਤਾਂ ਥੱਲੇ ਪੱਧਰ ਤੋਂ ਡੀ.ਐਫ.ਓ. ਤੋਂ ਲੈ ਕੇ ਮਹਿਕਮੇ ਦੇ ਉਪਰਲੇ ਪੱਧਰ ਤੱਕ ਨਿਯਮਾਂ ਅਨੁਸਾਰ ਹੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਰ, ਮੇਰਾ ਸਵਾਲ ਹੈ ਕਿ ਜਿਹੜਾ ਕਰੈਸ਼ਰ ਪਿੰਡ ਮਹਿਰੇ ਦੇ ਵਿੱਚ ਲੱਗਿਆ ਹੋਇਆ ਹੈ, ਕੀ ਉਹ ਲੀਗਲ ਹੈ ਜਾਂ ਇਲੀਗਲ ਹੈ। ਜੇਕਰ ਇਲਲੀਗਲ ਹੈ ਤਾਂ ਉਸ ਉੱਤੇ ਤੁਹਾਡੇ ਵਿਭਾਗ ਵੱਲੋਂ ਕੀ ਐਕਸ਼ਨ ਲਿਆ ਗਿਆ ਹੈ ?

**ਮਾਨਯੋਗ ਸਪੀਕਰ:** ਇਹ ਜ਼ੁਬਾਨੀ ਕਿਵੇਂ ਪਤਾ ਹੋ ਸਕਦਾ ਹੈ ਕਿ ਕੀ ਇਹ ਲੀਗਲ ਹੈ ਜਾਂ ਇਲੀਗਲ ਹੈ ?

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਰ, ਮੇਰੀ ਬੇਨਤੀ ਇਹ ਹੈ ਮੰਤਰੀ ਜੀ ਵੱਲੋਂ ਕਿਹਾ ਗਿਆ ਹੈ ਕਿ ਕਰੈਸ਼ਰ ਨੂੰ ਕੋਈ ਅਨੁਮਤੀ ਨਹੀਂ ਹੈ ਪਰ ਮੈਂ ਦੱਸ ਰਿਹਾ ਹਾਂ ਕਿ ਕਰੈਸ਼ਰ ਉੱਥੇ ਲੱਗਾ ਹੋਇਆ ਹੈ। ਮਸ਼ੀਨਰੀ ਖੜ੍ਹੀ ਹੈ। ਟਿੱਪਰ ਰੋਜ਼ ਲੰਘ ਰਹੇ ਹਨ। ਸੜਕਾਂ ਤੋੜੀਆਂ ਜਾ ਰਹੀਆਂ ਹਨ।

**ਮਾਨਯੋਗ ਸਪੀਕਰ:** ਮੰਤਰੀ ਜੀ, ਇਸ ਦੀ ਇਨਕੁਆਰੀ ਕਰਵਾ ਲਓ।

**ਮੰਤਰੀ:** ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇਕਰ ਉਹ ਇਲਲੀਗਲ ਹੈ ਤਾਂ ਮੈਨੂੰ ਆ ਕੇ ਦੱਸੋ। ਉਹ ਕਰੈਸ਼ਰ ਇਮੀਜੇਟਲੀ ਬੰਦ ਹੋਵੇਗਾ ਔਰ ਨਾਲ ਹੀ ਜੁਰਮਾਨਾ ਅਤੇ ਬਣਦੀ ਸਜ਼ਾ ਵੀ ਹੋਵੇਗੀ।

**ਮਾਨਯੋਗ ਸਪੀਕਰ:** ਇਸ ਦੀ ਇਨਕੁਆਰੀ ਕਰਵਾ ਦਿਓ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਮੈਂ ਦੱਸ ਰਿਹਾ ਹਾਂ ਕਿ ਉੱਥੇ ਕਰੈਸ਼ਰ ਲੱਗਿਆ ਹੋਇਆ ਹੈ।

**ਮੰਤਰੀ:** ਤੁਸੀਂ ਮੈਨੂੰ ਸਬੂਤ ਦੇ ਦਿਓ। ਤੁਸੀਂ ਪੇਪਰਜ਼ ਲਿਆ ਕੇ ਦਿਓ, ਜ਼ਿੰਮੇਵਾਰੀ ਨਾਲ ਲਿਆਓ। ਉਸ ਨੂੰ ਬੰਦ ਵੀ ਕਰਵਾਇਆ ਜਾਵੇਗਾ, ਜੁਰਮਾਨਾ

ਅਤੇ ਬਣਦੀ ਸਜ਼ਾ ਵੀ ਦਿੱਤੀ ਜਾਵੇਗੀ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਰ, ਮੇਰੀ ਬੇਨਤੀ ਹੈ ਕਿ ਜੇਕਰ ਕਾਗਜ਼ ਹੋਣ ਫਿਰ ਤਾਂ ਕਰੈਸ਼ਰ ਲੀਗਲ ਹੋ ਗਿਆ ਜੀ। ਉੱਥੇ ਇਲਲੀਗਲ ਲੱਗਿਆ ਹੋਇਆ ਹੈ। ਉਥੇ ਮਸ਼ੀਨਰੀ ਖੜ੍ਹੀ ਹੈ, ਉੱਥੇ ਕੰਮ ਚੱਲ ਰਿਹਾ ਹੈ। ਮਸ਼ੀਨਾਂ ਲੱਗੀਆਂ ਹੋਈਆਂ ਹਨ।

**ਮਾਨਯੋਗ ਸਪੀਕਰ:** ਸਾਧੂ ਸਿੰਘ ਜੀ, ਇਸ ਦੀ ਇਨਕੁਆਰੀ ਕਰਵਾ ਲਓ, ਪਤਾ ਕਰਵਾ ਲਓ।

**ਮੰਤਰੀ:** ਬਿਲਕੁਲ ਸਰ, ਇਨਕੁਆਰੀ ਕਰਵਾ ਲਵਾਂਗੇ ਜੀ।

**ਮਾਨਯੋਗ ਸਪੀਕਰ:** ਜੈ ਕ੍ਰਿਸ਼ਨ ਜੀ, ਇਨਕੁਆਰੀ ਹੋ ਜਾਵੇਗੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਸਪਲੀਮੈਂਟਰੀ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਸੰਧਵਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਨਕੁਆਰੀ ਕੇਵਲ ਗਰੀਬਾਂ ਵਾਸਤੇ ਹੀ ਹੈ। ਤੁਹਾਨੂੰ ਸਾਡੇ ਮਾਨਯੋਗ ਐਮ.ਐਲ.ਏ. ਸਾਹਿਬ ਖੁਦ ਦੱਸ ਰਹੇ ਹਨ ਕਿ ਉੱਥੇ ਕਰੈਸ਼ਰ ਲੱਗਾ ਹੋਇਆ ਹੈ। ਤੁਸੀਂ ਹੁਣੇ ਹੁਕਮ ਕਰੋ ਅਤੇ ਉਸ ਨੂੰ ਸੀਜ਼ ਕਰਵਾਓ। ਤੁਸੀਂ ਉਸ ਨੂੰ ਸੀਜ਼ ਕਰਵਾਓਗੇ ਜਾਂ ਨਹੀਂ ? yes or no ਦੱਸੋ ਜੀ।

**ਮਾਨਯੋਗ ਸਪੀਕਰ:** ਇਹ ਇਸ ਤਰ੍ਹਾਂ ਨਹੀਂ ਹੁੰਦਾ। ਇਹ ਬਿਨਾਂ ਇਨਕੁਆਰੀ ਦੇ ਨਹੀਂ ਹੁੰਦਾ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਇਹ ਸੀਜ਼ ਕਰਵਾਉਣਗੇ ਜਾਂ ਨਹੀਂ? Yes or No ?

**ਮਾਨਯੋਗ ਸਪੀਕਰ:** ਨਹੀਂ ਜੀ, ਨਹੀਂ ਜੀ। ਇਹ ਇਸ ਤਰ੍ਹਾਂ ਨਹੀਂ ਹੋਵੇਗਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਰਦਾਰ ਜੈ ਕ੍ਰਿਸ਼ਨ ਸਿੰਘ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸਰਦਾਰ ਅਮਰਜੀਤ ਸਿੰਘ ਸੰਦੋਆ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇਹ ਮਾਮਲਾ ਹਾਊਸ ਦੇ ਧਿਆਨ ਵਿਚ ਆ ਗਿਆ ਹੈ ਕਿ ਉੱਥੇ ਕਰੈਸ਼ਰ ਲੱਗਿਆ ਹੋਇਆ ਹੈ।(ਵਿਘਨ..ਸ਼ੋਰ) ਮੈਂਬਰ ਸਾਹਿਬ ਕਹਿ ਰਹੇ ਹਨ ਕਿ ਇਹ ਇਲਲੀਗਲ ਹੈ ਤਾਂ ਮੰਤਰੀ ਸਾਹਿਬ ਆਸ਼ਵਾਸਨ ਦੇ ਦੇਣ ਕਿ ਇਤਨੇ ਸਮੇਂ ਵਿਚ ਇਨਕੁਆਰੀ ਕਰ ਦੇਣਗੇ।ਜਿਹੜੀ ਉੱਥੇ ਇਲਲੀਗਲ ਮਾਈਨਿੰਗ ਚੱਲ ਰਹੀ ਹੈ, ਮੰਤਰੀ ਜੀ ਫਿਲਹਾਲ ਉਸ ਨੂੰ ਸੀਜ਼ ਤਾਂ ਕਰਵਾ ਸਕਦੇ ਹਨ।

**ਮਾਨਯੋਗ ਸਪੀਕਰ:** ਇਹ ਤਾਂ ਤੁਸੀਂ ਕਹਿ ਰਹੇ ਹੋ ਕਿ ਕਰੈਸ਼ਰ ਗੈਰ-ਕਾਨੂੰਨੀ ਚੱਲ ਰਿਹਾ ਹੈ।ਮੰਤਰੀ ਸਾਹਿਬ ਨੇ ਕਹਿ ਦਿੱਤਾ ਹੈ ਕਿ ਅਸੀਂ ਇਨਕੁਆਰੀ ਕਰਵਾਵਾਂਗੇ, ਉਨ੍ਹਾਂ ਨੇ ਕਹਿ ਦਿੱਤਾ ਹੈ ਜੀ। ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਅਸੀਂ ਇਨਕੁਆਰੀ ਕਰਵਾਵਾਂਗੇ।ਬੈਠੋ, ਬੈਠੋ, ਬੈਠੋ।

**ਮੰਤਰੀ:** ਸਰ, ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ। ਮੈਨੂੰ ਇਨ੍ਹਾਂ ਨਾਲ ਹਮਦਰਦੀ ਹੈ।ਮੈਂ ਯਕੀਨ ਦਿਵਾਉਂਦਾ ਹਾਂ ਕਿ ਇਸ ਦੀ ਇਨਕੁਆਰੀ ਹੋ ਜਾਏਗੀ।ਜੇ ਇਹ ਗੈਰ ਕਾਨੂੰਨੀ ਹੋਇਆ...

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਇਹ ਇਨਕੁਆਰੀ 24 ਘੰਟੇ ਵਿਚ ਕਰਵਾ ਦਿਉਗੇ ਜੀ? (ਵਿਘਨ... ਸ਼ੋਰ)

**ਮੰਤਰੀ :** ਜਿਵੇਂ ਵੀ ਕਾਨੂੰਨੀ ਤੌਰ ਤੇ ਸੰਭਵ ਹੋਇਆ, ਉਸੇ ਤਰ੍ਹਾਂ ਹੀ ਕਰਵਾਇਆ ਜਾਵੇਗਾ।ਇਨਕੁਆਰੀ ਕਰਵਾਉਣ ਤੋਂ ਬਾਅਦ ਹੀ ਜੇ ਉਹ ਇਲਲੀਗਲ ਹੋਵੇਗਾ ਤਾਂ ਉਸ ਨੂੰ ਬੰਦ ਕਰਵਾਇਆ ਜਾਵੇਗਾ।

----

## ਪੱਟੀ ਵਿਖੇ ਬਣੇ ਖੇਡ ਸਟੇਡੀਅਮ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਉਣਾ

*** 1849. ਸਰਦਾਰ ਹਰਮਿੰਦਰ ਸਿੰਘ ਗਿੱਲ:** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੱਟੀ ਵਿਖੇ ਬਣੇ ਬਹੁਮੰਤਵੀ ਖੇਡ ਸਟੇਡੀਅਮ ਨੂੰ ਮੁਕੰਮਲ ਕਿਉਂ ਨਹੀਂ ਕੀਤਾ ਜਾ ਰਿਹਾ ਅਤੇ ਕੀ ਮੰਡੀ ਬੋਰਡ ਵੱਲੋਂ ਕਹਿਣ ਮੁਤਾਬਿਕ ਸਰਕਾਰ ਲੋੜੀਂਦੇ ਫੰਡ ਮੁਹੱਈਆ ਨਹੀਂ ਕਰਵਾ ਰਹੀ; ਜੇਕਰ ਅਜਿਹਾ ਹੋਵੇ ਤਾਂ ਇਸ ਸਟੇਡੀਅਮ ਨੂੰ ਮੁਕੰਮਲ ਕਰਨ ਲਈ ਲੋੜੀਂਦੇ ਫੰਡ ਕਦੋਂ ਤੱਕ ਮੁਹੱਈਆ ਕਰਵਾ ਦਿੱਤੇ ਜਾਣਗੇ?

**Rana Gurmit Singh Sodhi:** Sir, The Multi Purpose Stadium at Patti is almost 80% constructed and efforts will be made to complete it shortly.

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਮੇਰੀ ਬੇਨਤੀ ਹੈ ਕਿ ਤਕਰੀਬਨ ਦੋ ਸਾਲ ਹੋ ਗਏ ਹਨ ਪਰ ਸਟੇਡੀਅਮ ਹਾਲੇ ਵੀ ਇਨਕੰਪਲੀਟ ਹੈ। ਇਹ 6 ਕਰੋੜ 6 ਲੱਖ ਰੁਪਏ ਦਾ ਪ੍ਰਾਜੈਕਟ ਸੀ।ਇਸ ਵਿਚੋਂ 3 ਕਰੋੜ 60 ਲੱਖ ਰੁਪਿਆ ਲੱਗਿਆ ਹੈ ਅਤੇ ਢਾਈ ਕਰੋੜ ਰੁਪਿਆ ਉੱਥੇ ਹੋਰ ਚਾਹੀਦਾ ਹੈ।ਸਾਡੇ ਏਰੀਏ ਦੇ ਵਿਚ ਨਸ਼ਿਆਂ ਦੀ ਬਿਮਾਰੀ ਸੀ ਤੇ ਅਸੀਂ ਇਸ ਬਿਮਾਰੀ ਨੂੰ ਰੋਕਣਾ ਚਾਹੁੰਦੇ ਹਾਂ। ਬੱਚੇ ਇਸ ਸਟੇਡੀਅਮ ਦਾ ਫਾਇਦਾ ਲੈਣਾ ਚਾਹੁੰਦੇ ਹਨ। ਮੇਰੀ ਬੇਨਤੀ ਹੈ ਕਿ ਜੇ ਉਹ ਫੰਡ ਛੇਤੀ ਮੁਹੱਈਆ ਕਰਵਾਏ ਜਾਣ ਤਾਂ ਸਟੇਡੀਅਮ ਛੇਤੀ ਮੁਕੰਮਲ ਹੋ ਸਕਦਾ ਹੈ। ਮੰਡੀ ਬੋਰਡ ਇਸ ਕੰਮ ਨੂੰ ਕੰਪਲੀਟ ਕਰ ਰਿਹਾ ਹੈ।ਇੱਕ ਮੰਤਰੀ ਸਾਹਿਬ ਨੂੰ ਮੇਰੀ ਬੇਨਤੀ ਹੋਰ ਹੈ ਕਿ ਪਿੰਡ ਸਰਹਾਲੀ ਦੇ ਵਿਚ ਵੀ ਸਟੇਡੀਅਮ ਬਣਾਇਆ ਜਾਵੇ। ਉੱਥੇ ਆਈ.ਟੀ.ਆਈ., ਸਰਹਾਲੀ ਦੇ ਵਿਚ 15 ਏਕੜ ਜ਼ਮੀਨ ਪਈ ਹੈ। ਮੈਂ ਤਕਨੀਕੀ ਸਿੱਖਿਆ ਮੰਤਰੀ ਚੰਨੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਆਈ.ਟੀ.ਆਈ. ਦੀ 15 ਏਕੜ ਜ਼ਮੀਨ ਵਿਚੋਂ ਜੇਕਰ 10 ਏਕੜ ਜ਼ਮੀਨ ਸਟੇਡੀਅਮ ਵਾਸਤੇ ਦੇ ਦਿੱਤੀ ਜਾਵੇ ਤਾਂ ਸਾਡੇ ਏਰੀਏ ਦੀ ਕਾਇਆ-ਕਲਪ ਹੋ ਸਕਦੀ ਹੈ।

**ਮੰਤਰੀ:** ਸਪੀਕਰ ਸਾਹਿਬ, ਇਹ ਜਿਹੜੇ ਇਨਕੰਪਲੀਟ ਸਟੇਡੀਅਮ ਦੀ ਗੱਲ ਕਰ ਰਹੇ ਹਨ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ previous government ਨੇ ਇਸ ਨੂੰ conceive ਕੀਤਾ ਸੀ, ਇਸ ਵਿਚ 3 ਕਰੋੜ 64 ਲੱਖ ਰੁਪਿਆ ਅਸੀਂ ਆਲਰੇਡੀ ਇਨਵੈਸਟ ਕਰ ਚੁੱਕੇ ਹਾਂ। ਫੰਡਾਂ ਦੀ ਕਮੀ ਕਾਰਨ ਹੀ ਅਸੀਂ ਇਸ ਪ੍ਰਾਜੈਕਟ ਨੂੰ ਇਸ ਸਾਲ ਦੇ ਬਜਟ ਵਿਚ 43 ਕਰੋੜ ਰੁਪਏ ਦੇ ਨਵੇ ਂ ਇਨਫਰਾਸਟਰਕਚਰ ਦੇ ਉਪਬੰਧ ਵਿਚ ਸ਼ਾਮਲ ਕਰ ਲਿਆ ਹੈ।ਅਸੀਂ ਸਾਲ 2019-20 ਦੇ ਬਜਟ ਵਿਚ ਇਸ ਨੂੰ ਕੰਪਲੀਟ ਕਰ ਦਿਆਂਗੇ। ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਦੀ ਬੇਨਤੀ ਤੇ ਅਸੀਂ ਪਿੰਡ ਪੱਟੀ ਭੈਣੀ ਦੇ ਵਿਚ ਵੀ ਬਲਾਕ ਪੱਧਰ ਤੇ ਇੱਕ ਸਟੇਡੀਅਮ ਮਨਜ਼ੂਰ ਕਰ ਦਿੱਤਾ ਹੈ।ਇਹ ਸਟੇਡੀਅਮ ਇੱਕ ਕਰੋੜ 80 ਲੱਖ ਦੀ ਲਾਗਤ ਨਾਲ ਬਣਾਇਆ ਜਾਵੇਗਾ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਮੈਂ ਬੜਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਸਟੇਡੀਅਮ ਦੀ ਬਜਟ ਵਿਚ ਪ੍ਰੋਵੀਜ਼ਨ ਰੱਖੀ ਹੈ। ਮੈਂ ਪਿੰਡ ਪੱਟੀ ਭੈਣੀ ਦੇ ਸਟੇਡੀਅਮ ਲਈ ਵੀ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਸਟੇਡੀਅਮ ਲਈ ਕਿਰਪਾ ਕਰਕੇ ਜਲਦੀ ਤੋਂ ਜਲਦੀ ਫਾਰਮੈਲਟੀਜ਼ ਪੂਰੀਆਂ ਕੀਤੀਆਂ ਜਾਣ। ਸਰ, ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤਕਨੀਕੀ ਸਿੱਖਿਆ ਮੰਤਰੀ ਜੀ ਕਹਿੰਦੇ ਹਨ ਕਿ ਅਸੀਂ ਪਿੰਡ ਸਰਹਾਲੀ ਵਿਚ ਆਈ.ਟੀ.ਆਈ. ਦੀ 10 ਏਕੜ ਜ਼ਮੀਨ ਟਰਾਂਸਫਰ ਕਰਨ ਲਈ ਤਿਆਰ ਹਾਂ। ਸੋ, ਅਸੀਂ 10 ਏਕੜ ਜਗ੍ਹਾ ਦੇਣ ਨੂੰ ਤਿਆਰ ਹਾਂ, ਇਸ ਲਈ ਉੱਥੇ ਵੀ ਸਟੇਡੀਅਮ ਮਨਜ਼ੂਰ ਕੀਤਾ ਜਾਵੇ ਜੀ।

**ਮੰਤਰੀ :** ਸਰ, ਇਹ ਮੈਨੂੰ 10 ਏਕੜ ਜਗ੍ਹਾ ਦੇ ਦੇਣ। ਇਹ ਜ਼ਮੀਨ ਸਪੋਰਟਸ ਡਿਪਾਰਟਮੈਂਟ ਦੇ ਨਾਮ ਰਜਿਸਟਰ ਹੋਵੇਗੀ। ਅਸੀਂ 'ਖੇਲੋ ਇੰਡੀਆ' ਸਕੀਮ ਅਧੀਨ ਉੱਥੇ ਸਟੇਡੀਅਮ ਬਣਾ ਦਿਆਂਗੇ।

**Mr. Speaker:** Good, good. Thank you ji.

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਬਹੁਤ ਵਧੀਆ ਪ੍ਰਸਤਾਵ ਲੈ ਕੇ ਆਏ ਹਨ। ਜੇਕਰ ਸਾਡੀ ਆਈ.ਟੀ.ਆਈ. ਦੇ ਬਿਲਕੁਲ ਨਾਲ ਸਟੇਡੀਅਮ ਬਣਦਾ ਹੈ ਤਾਂ ਸਾਡੇ ਬੱਚੇ ਵੀ ਉੱਥੇ ਖੇਡ ਲਿਆ ਕਰਨਗੇ। ਜੇਕਰ ਮੰਤਰੀ ਸਾਹਿਬ ਨੂੰ ਜਗ੍ਹਾ ਚਾਹੀਦੀ ਹੈ ਤਾਂ ਇਹ ਸਾਨੂੰ ਲਿਖ ਕੇ ਭੇਜ ਦੇਣ। ਅਸੀਂ ਜਗ੍ਹਾ ਦੇਣ ਨੂੰ ਤਿਆਰ ਹਾਂ।

**ਮਾਨਯੋਗ ਸਪੀਕਰ :** ਧੰਨਵਾਦ, ਚੰਨੀ ਜੀ। ਹਾਂ ਜੀ, ਮੀਤ ਹੇਹਰ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਜਦੋਂ ਪਿਛਲੀ ਸਰਕਾਰ ਸਮੇਂ ਕਬੱਡੀ ਕੱਪ ਕਰਵਾਉਣ ਵਾਸਤੇ ਪੰਜਾਬ ਵਿਚ ਕਈ ਥਾਵਾਂ ਤੇ ਸਟੇਡੀਅਮ ਬਣਾਉਣ ਦੀ ਸ਼ੁਰੂਆਤ ਹੋਈ ਸੀ। ਜਿਵੇਂ ਮੈਂਬਰ ਸਾਹਿਬ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਵਿਚ ਵੀ ਸਟੇਡੀਅਮ ਬਣਾਏ ਗਏ ਹਨ। ਮੈਂ ਸਮਝਦਾ ਹਾਂ ਕਿ ਇਹ ਸਟੇਡੀਅਮ ਬਣਾਉਣ ਵਿਚ ਕਰੋੜਾਂ ਰੁਪਏ ਦੀ ਧਾਂਦਲੀ ਹੋਈ ਹੈ। ਸਾਡੇ ਬਰਨਾਲੇ ਵਿਚ ਕਬੱਡੀ ਕੱਪ ਕਰਵਾਉਣ ਲਈ ਸਾਢੇ ਛੇ ਕਰੋੜ ਰੁਪਏ ਦੀ ਲਾਗਤ ਨਾਲ ਸਟੇਡੀਅਮ ਬਣਾਇਆ ਗਿਆ। ਐਨਾ ਪੈਸਾ ਲਾ ਕੇ ਨਾ ਉੱਥੇ ਕੋਈ ਟਰੈਕ ਹੈ, ਨਾ ਹੀ ਬੱਚਿਆਂ ਦੇ ਖੇਡਣ ਲਈ ਗਰਾਊਂਡ ਬਚਿਆ ਹੈ। ਹੁਣ ਉੱਥੇ ਅਸੀਂ ਸ਼੍ਰੀ ਭਗਵੰਤ ਮਾਨ, ਐਮ.ਪੀ. ਸਾਹਿਬ ਦੇ ਕੋਟੇ ਵਿਚੋਂ 10 ਲੱਖ ਰੁਪਿਆ ਟਰੈਕ ਲਈ

[ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ]

ਲੈ ਕੇ ਦਿੱਤਾ ਹੈ।ਸੋ, ਮੇਰੀ ਬੇਨਤੀ ਹੈ ਕਿ ਪਿਛਲੀ ਸਰਕਾਰ ਵੇਲੇ ਜਿਹੜੇ ਸਟੇਡੀਅਮ ਬਣਾਏ ਗਏ ਹਨ, ਉਨ੍ਹਾਂ ਦੀ ਜਾਂਚ ਕੀਤੀ ਜਾਵੇ। ਮੈਂ ਸ਼ਰਤ ਲਗਾ ਕੇ ਕਹਿ ਸਕਦਾ ਹਾਂ ਕਿ ਜੇਕਰ ਬਰਨਾਲੇ ਵਾਲੇ ਸਟੇਡੀਅਮ ਦੀ ਇਨਕੁਆਰੀ ਕਰਵਾਈ ਜਾਵੇ ਤਾਂ ਉਸ ਤੇ ਇੱਕ ਕਰੋੜ ਰੁਪਿਆ ਵੀ ਪੂਰਾ ਨਹੀਂ ਲੱਗਿਆ ਹੋਣਾ, ਜਦੋਂ ਕਿ ਸਟੇਡੀਅਮ ਦੀ ਆੜ ਵਿਚ ਲੋਕਾਂ ਦਾ 6.50 ਕਰੋੜ ਰੁਪਿਆ ਬਰਬਾਦ ਕੀਤਾ ਗਿਆ ਹੈ।ਕੀ ਮੰਤਰੀ ਸਾਹਿਬ ਦੱਸਣਗੇ ਕਿ ਜਿਹੜੇ ਪਿਛਲੀ ਅਕਾਲੀ ਸਰਕਾਰ ਵਿੱਚ ਸਟੇਡੀਅਮ ਬਣੇ ਹਨ, ਕੀ ਉਨ੍ਹਾਂ ਦੀ ਇਨਕੁਆਰੀ ਕਰਵਾਈ ਜਾਵੇਗੀ?

**ਮਾਨਯੋਗ ਸਪੀਕਰ :** ਵੈਸੇ ਸਵਾਲ ਤਾਂ ਵੱਖਰਾ ਬਣਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ।

**ਮਾਨਯੋਗ ਸਪੀਕਰ :** ਪਰ ਮੈਂਬਰ ਸਾਹਿਬ ਦਾ ਸਵਾਲ ਵਾਜਿਬ ਹੈ, ਵਾਜਿਬ ਸਵਾਲ ਹੈ।

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਮੇਰੇ ਕੋਲ ਆ ਜਾਣ ਤੇ ਆਪਣੇ ਹਲਕੇ ਦੇ ਮੌਜੂਦਾ ਸਟੇਡੀਅਮ ਦੇ ਹਾਲਾਤ ਮੈਨੂੰ ਦੱਸ ਦੇਣ ਕਿ ਉਸ ਵਿੱਚ ਕੀ ਕਮੀ ਹੈ। ਅਸੀਂ ਉਹ ਸਾਰੀਆਂ ਕਮੀਆਂ-ਪੇਸ਼ੀਆਂ ਦੂਰ ਕਰਾਂਗੇ। ਜੇਕਰ ਇਨ੍ਹਾਂ ਨੇ ਕੋਈ ਇਨਕੁਆਰੀ ਵੀ ਕਰਵਾਉਣੀ ਹੈ ਤਾਂ ਇਹ ਲਿਖ ਕੇ ਮੈਨੂੰ ਦੇ ਦੇਣ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਰ, ਮੈਂ ਤੁਹਾਨੂੰ ਉੱਥੋਂ ਦੇ ਹਾਲਾਤ ਦੱਸ ਰਿਹਾ ਹਾਂ ਕਿ 6.50 ਕਰੋੜ ਰੁਪਿਆ ਲਗਾ ਕੇ ਵੀ ਨਾ ਉੱਥੇ ਖੇਡਣ ਲਈ ਗਰਾਊਂਡ ਹੈ ਅਤੇ ਨਾ ਹੀ ਟਰੈਕ ਹੈ।

**ਮਾਨਯੋਗ ਸਪੀਕਰ :** ਮੰਤਰੀ ਸਾਹਿਬ ਕਹਿ ਰਹੇ ਹਨ ਕਿ ਲਿਖ ਕੇ ਦਿਓ, ਤੁਸੀਂ ਲਿਖ ਕੇ ਦੇ ਦਿਓ।

**ਮੰਤਰੀ :** ਤੁਸੀਂ ਲਿਖ ਕੇ ਦੇ ਦੇਣਾ, ਉਸ ਦੀ ਇਨਕੁਆਰੀ ਕਰਵਾ ਲਵਾਂਗੇ। (ਵਿਘਨ..ਸ਼ੋਰ)

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਜਦੋਂ ਮੈਂ ਵਿਧਾਨ ਸਭਾ ਵਿੱਚ ਹੀ ਕਹਿ ਦਿੱਤਾ ਤਾਂ ਇਸ ਤੋਂ ਵੱਡਾ ਲਿਖ ਕੇ ਹੋਰ ਕੀ ਦੇਵਾਂਗੇ ਜੀ।

**ਮਾਨਯੋਗ ਸਪੀਕਰ :** ਨਹੀਂ ਨਹੀਂ, ਇਸ ਤਰ੍ਹਾਂ ਨਹੀਂ ਹੁੰਦਾ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਰ, ਇੱਥੇ ਬੈਠੇ ਅਧਿਕਾਰੀ (ਰਿਪੋਰਟਰਜ਼ ਟੇਬਲ ਵੱਲ ਇਸ਼ਾਰਾ) ਲਿਖ ਰਹੇ ਹਨ ਜੀ।

**ਮਾਨਯੋਗ ਸਪੀਕਰ :** ਬੈਠੋ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮੰਤਰੀ ਜੀ ਨੇ 'ਖੇਲੋ ਇੰਡੀਆ' ਦੀ ਗੱਲ ਕੀਤੀ ਹੈ। ਮੇਰੇ ਹਲਕੇ ਵਿੱਚ ਕਸਬਾ ਭੁਨਰਹੇੜੀ ਹੈ। ਇਹ ਬਹੁਤ ਵੱਡਾ ਕਸਬਾ ਹੈ। ਇਹ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਜ਼ਿਲ੍ਹੇ ਦਾ ਅਹਿਮ ਕਸਬਾ ਹੈ। ਉਹ ਖੇਲੋ ਇੰਡੀਆ ਦੇ ਤਹਿਤ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਤੇ ਪਿਛਲੇ ਸਮੇਂ ਦੇ ਵਿੱਚ ਚਰਚਾ ਵੀ ਹੋਈ ਸੀ ਕਿ ਉਸ ਕਸਬੇ ਦਾ ਨਾਮ 'ਖੇਲੋ ਇੰਡੀਆ' ਦੇ ਤਹਿਤ ਭੇਜ ਦਿੱਤਾ ਗਿਆ ਹੈ। ਮੈਂ ਮੰਤਰੀ ਜੀ ਤੋਂ ਉਸ ਦਾ ਸਟੇਟਸ ਜਾਨਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਕੀ ਉਸ ਕਸਬੇ ਦਾ ਨਾਮ ਭੇਜ ਦਿੱਤਾ ਗਿਆ ਹੈ ਜਾਂ ਆਉਣ ਵਾਲੇ ਸਮੇਂ ਵਿੱਚ ਉਸ ਦਾ ਨਾਮ ਭੇਜਣ ਦੀ ਕੋਈ ਸੰਭਾਵਨਾ ਹੈ? ਮੈਨੂੰ ਲਗਦਾ ਹੈ ਕਿ ਸੀ.ਐਮ. ਸਾਹਿਬ ਦੇ ਜ਼ਿਲ੍ਹੇ ਦਾ ਕਸਬਾ ਹੋਣ ਕਰਕੇ ਸ਼ਾਇਦ ਮੰਤਰੀ ਜੀ ਨੂੰ ਸਟੇਟਸ ਪਤਾ ਹੋਵੇ।

**ਮਾਨਯੋਗ ਸਪੀਕਰ :** ਚੰਦੂਮਾਜਰਾ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਜਿਹੜਾ ਇੱਕ ਦਿਨ ਪਹਿਲਾਂ ਸੈਸ਼ਨ ਹੋਇਆ ਸੀ, ਉਸ ਦੇ ਵਿੱਚ ਵੀ ਗੱਲ ਹੋਈ ਸੀ ਕਿ ਇਨਕੁਆਰੀ ਮਾਰਕ ਕਰ ਦਿੱਤੀ ਜਾਵੇਗੀ ਔਰ ਮੰਤਰੀ ਸਾਹਿਬ ਨੇ ਵੀ ਹੁਣ ਕਿਹਾ ਹੈ ਕਿ ਇਨਕੁਆਰੀ ਕਰਾਵਾਂਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਦਿਨ ਨਾਗਰਾ ਜੀ ਅਤੇ ਸ਼ਰਮਾ ਜੀ ਦੇ ਮਾਮਲੇ ਵਿਚ ਜਿਹੜੀ ਇਨਕੁਆਰੀ ਕਰਵਾਉਣ ਦੀ ਗੱਲ ਹੋਈ ਸੀ, ਕੀ ਉਹ ਇਨਕੁਆਰੀ ਕਰਵਾਉਣ ਲਈ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ?

**ਮਾਨਯੋਗ ਸਪੀਕਰ :** ਇਹ ਅਸੀਂ ਦੇਖਣਾ ਹੈ, ਇਹ ਸਪੀਕਰ ਨੇ ਦੇਖਣਾ ਹੈ, ਇਹ ਤੁਸੀਂ ਨਹੀਂ ਦੇਖਣਾ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਠੀਕ ਹੈ ਜੀ।

**ਮਾਨਯੋਗ ਸਪੀਕਰ :** ਬੈਠੋ। (ਹਾਸਾ)

----

## ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਮੁੜ ਚਾਲੂ ਕਰਨਾ

***1993. ਸ਼੍ਰੀ ਪਵਨ ਕੁਮਾਰ ਟੀਨੂ:** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਬੱਚਿਆਂ ਨੂੰ ਟੈਕਨੀਕਲੀ ਸਕਿੱਲਡ ਬਣਾਉਣ ਲਈ ਖੋਲ੍ਹੇ ਗਏ ਹੇਠ ਲਿਖੇ ਚਾਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਸਰਕਾਰ ਨੇ ਬੰਦ ਕਰ ਦਿੱਤਾ ਹੈ:

1 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਆਦਮਪੁਰ:

2 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਸਿੰਘਪੁਰਾ:

3 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਮਾਣਕਪੁਰ ਸ਼ਰੀਫ: ਅਤੇ

4 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਮਲੌਦ:

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਅਜਿਹਾ ਕਰਨ ਦੇ ਕੀ ਕਾਰਨ ਹਨ ਅਤੇ ਕੀ ਸਰਕਾਰ ਇਨ੍ਹਾਂ ਸੰਸਥਾਵਾਂ ਨੂੰ ਪਬਲਿਕ-ਪ੍ਰਾਈਵੇਟ ਭਾਈਵਾਲ ਸਕੀਮ ਤਹਿਤ ਮੁੜ ਤੋਂ ਚਾਲੂ ਕਰਨ ਦੀ ਕਿਸੇ ਤਜਵੀਜ਼ ਤੇ ਵੀ ਵਿਚਾਰ ਕਰ ਰਹੀ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ:**

(ੳ) ਜੀ ਨਹੀਂ।

(ਅ) ਵਿਭਾਗ ਵੱਲੋਂ ਇਨ੍ਹਾਂ ਸੰਸਥਾਵਾਂ ਨੂੰ ਪ੍ਰਭਾਵੀ ਸਹੂਲਤਾਂ ਤੇ ਸਰੋਤਾਂ ਦੇ ਸਰਬੋਤਮ ਉਪਯੋਗਤਾ ਦੇ ਨਾਲ-ਨਾਲ ਆਧੁਨਿਕ ਮਾਡਲ ਆਈ.ਟੀ.ਆਈ. ਬਣਾਉਣ ਲਈ ਤਕਨੀਕੀ ਮਾਹਰ ਏਜੰਸੀਆਂ ਦੀ ਚੋਣ ਕਰਨ ਲਈ ਟ੍ਰਾਂਜੈਕਸ਼ਨ ਸਲਾਹਕਾਰ ਨਾਮਜ਼ਦ ਕਰਨ ਲਈ ਇਸ ਸੰਸਥਾ ਨੂੰ ਚਲਾਏ ਜਾਣ ਬਾਰੇ ਕੇਸ ਪੰਜਾਬ ਇਨਫਰਾਸਟਰੱਕਚਰ ਡਿਵੈਲਪਮੈਂਟ ਬੋਰਡ ਨੂੰ ਪੜਚੋਲ ਕਰਨ ਲਈ ਭੇਜਿਆ ਸੀ। ਪੰਜਾਬ ਇਨਫਰਾਸਟਰੱਕਚਰ ਡਿਵੈਲਪਮੈਂਟ ਬੋਰਡ ਵੱਲੋਂ ਬਤੌਰ ਟ੍ਰਾਂਜੈਕਸ਼ਨ ਸਲਾਹਕਾਰ ਮਿਤੀ 12-02-2019 ਨੂੰ ਲੈਟਰ ਆਫ ਅਵਾਰਡ ਜਾਰੀ ਕਰ ਦਿੱਤਾ ਗਿਆ ਹੈ। ਸਲਾਹਕਾਰ ਦੀ ਰਿਪੋਰਟ ਆਉਣ ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ

ਮੇਰਾ ਇਹ ਸਵਾਲ ਵਿਧਾਨ ਸਭਾ ਵਿੱਚ ਤੀਜੀ ਵਾਰ ਲੱਗਿਆ ਹੈ। ਪਿਛਲੇ ਸਾਲ 22 ਮਾਰਚ, 2018 ਦੇ ਵਿਧਾਨ ਸਭਾ ਸਮਾਗਮ ਦੌਰਾਨ ਵੀ ਮੇਰਾ ਇਹ ਸਵਾਲ ਲੱਗਿਆ ਸੀ ਅਤੇ ਉਦੋਂ ਮਾਨਯੋਗ ਮੰਤਰੀ ਜੀ ਨੇ ਜਵਾਬ ਦਿੱਤਾ ਸੀ –

> "ਮੈਂਬਰ ਸਾਹਿਬ ਦਾ ਕਨਸਰਨ ਬਿਲਕੁਲ ਜਾਇਜ਼ ਹੈ ਪਰ ਮੈਂ ਮੈਂਬਰ ਸਾਹਿਬ ਨੂੰ ਆਸ਼ਵਾਸਨ ਦੇਣਾ ਚਾਹੁੰਦਾ ਹਾਂ ਕਿ ਅਸੀਂ ਵਿੱਤ ਵਿਭਾਗ ਨੂੰ ਬੇਨਤੀ ਕਰ ਲਵਾਂਗੇ ਕਿ ਚਾਹੇ ਅਸੀਂ ਆਰਜ਼ੀ ਤੌਰ ਤੇ ਕਰੀਏ ਲੇਕਿਨ ਅਸੀਂ ਉਨ੍ਹਾਂ ਦੀ ਆਈ.ਟੀ.ਆਈ. ਚਲਾ ਦੇਵਾਂਗੇ। ਇਸ ਦੇ ਨਾਲ ਹੀ ਸਾਡਾ ਪ੍ਰੋਸੀਜਰ ਵੀ ਚੱਲ ਰਿਹਾ ਹੈ, ਸਾਨੂੰ ਵਿੱਤ ਵਿਭਾਗ ਨੇ ਮਨਜ਼ੂਰੀ ਦੇ ਦਿੱਤੀ ਹੈ। ਹੁਣ ਪ੍ਰਸੋਨਲ ਵਿਭਾਗ ਤੋਂ ਮਨਜ਼ੂਰੀ ਲੈ ਕੇ ਇਹ ਪੋਸਟਾਂ ਪੱਕੇ ਤੌਰ ਤੇ ਭਰ ਦੇਵਾਂਗੇ। ਮੈਂ ਇਨ੍ਹਾਂ ਨੂੰ ਪੱਕਾ ਵਿਸ਼ਵਾਸ ਦਿਵਾਉਂਦਾ ਹਾਂ।"

ਇਹ ਮਾਨਯੋਗ ਮੰਤਰੀ ਜੀ ਨੇ 22.3.2018 ਨੂੰ ਕਿਹਾ ਸੀ ਅਤੇ ਮਾਨਯੋਗ ਸਪੀਕਰ ਸਾਹਿਬ, ਤੁਸੀਂ ਵੀ ਹਾਊਸ ਵਿੱਚ ਕਿਹਾ ਸੀ ਕਿ ਮੈਂਬਰ ਸਾਹਿਬ, ਵਿਸ਼ਵਾਸ ਤਾਂ ਕਰੋ, ਹੁਣ ਤਾਂ ਮੰਤਰੀ ਜੀ ਨੇ ਜ਼ਿੰਮੇਵਾਰੀ ਲੈ ਲਈ ਹੈ। ਹੁਣ ਮਸਲਾ ਇਹ ਹੈ ਕਿ ਮੰਤਰੀ ਜੀ ਨੇ ਆਪਣੀ ਕਹੀ ਗੱਲ ਤੋਂ ਪਿੱਛੇ ਹੱਟ ਕੇ ਹੁਣ ਕਹਿ ਦਿੱਤਾ ਹੈ ਕਿ ਅਸੀਂ ਪੀ.ਪੀ.ਪੀ. ਮੋਡ ਦੇ ਥੱਲੇ ਸਲਾਹ ਲੈ ਰਹੇ ਹਾਂ। ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੀਆਂ ਚਾਰ ਆਈ.ਟੀ.ਆਈਜ਼. ਬਣੀਆਂ ਹਨ, ਇਹ ਸੈਂਟਰ ਗੌਰਮਿੰਟ ਅਤੇ ਪੰਜਾਬ ਗੌਰਮਿੰਟ ਦੇ ਸਾਂਝੇ ਫੰਡਾਂ ਨਾਲ ਬਣੀਆਂ ਹਨ। ਬਿਲਡਿੰਗਾਂ ਤਿਆਰ ਹਨ। ਆਦਮਪੁਰ ਦੀ ਆਈ.ਟੀ.ਆਈ. ਤਾਂ ਚੱਲ ਵੀ ਪਈ ਸੀ, ਸਟੂਡੈਂਟਸ ਵੀ ਆ ਗਏ ਸੀ ਲੇਕਿਨ ਇਨ੍ਹਾਂ ਨੇ ਬੰਦ ਕਰ ਦਿੱਤੀ। ਪਹਿਲਾਂ ਵੀ ਜਦੋਂ 1996 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੀ ਤਾਂ ਉਸ ਵੇਲੇ ਕਾਹਨੂੰਵਾਨ, ਗੁਰਦਾਸਪੁਰ, ਮੁਕੇਰੀਆਂ, ਪ੍ਰਤਾਪਪੁਰਾ, ਪਾਤੜਾਂ ਅਤੇ ਅਬੋਹਰ ਵਿੱਚ ਪੀ.ਪੀ.ਪੀ. ਮੋਡ ਦੇ ਥੱਲੇ ਆਈ.ਟੀ.ਆਈਜ਼. ਦਿੱਤੀਆਂ ਗਈਆਂ ਸੀ ਪ੍ਰੰਤੂ ਸਰਕਾਰ ਦਾ ਉਹ ਤਜਰਬਾ ਬਿਲਕੁਲ ਫੇਲ੍ਹ ਹੋ ਗਿਆ ਸੀ ਅਤੇ ਪ੍ਰਾਈਵੇਟ ਪਾਰਟੀਆਂ ਨੇ ਸਰਕਾਰ ਨੂੰ ਬਣਦੇ ਪੈਸੇ ਵੀ ਨਹੀਂ ਦਿੱਤੇ ਸਨ। ਹੁਣ ਸਰਕਾਰ ਉਨ੍ਹਾਂ ਦੇ ਖਿਲਾਫ ਕੋਰਟ ਵਿੱਚ ਜਾ ਰਹੀ ਹੈ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸ਼੍ਰੀ ਪਵਨ ਕੁਮਾਰ ਟੀਨੂ :** ਮੇਰੀ ਬੇਨਤੀ ਇਹ ਹੈ ਕਿ ਜਦ ਮੰਤਰੀ ਜੀ ਨੇ ਆਸ਼ਵਾਸਨ ਦਿੱਤਾ ਹੈ ਕਿ ਫਾਈਨਾਂਸ ਡਿਪਾਰਟਮੈਂਟ ਨੇ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਫਿਰ ਪਰਸੋਨਲ ਵਿਭਾਗ ਤੇ ਕੈਬਨਿਟ ਕੋਲੋਂ ਮਨਜ਼ੂਰੀ ਲੈ ਕੇ ਇਹ ਕੰਮ ਕਰਵਾ ਦਿੱਤਾ ਜਾਵੇ। ਇੱਥੇ ਮਾਨਯੋਗ ਮੁੱਖ ਮੰਤਰੀ ਸਾਹਿਬ ਬੈਠੇ ਹਨ, ਉਨ੍ਹਾਂ ਨੇ ਪਿਛਲੇ ਦਿਨੀਂ ਐਲਾਨ ਵੀ ਕੀਤਾ ਹੈ ਕਿ ਅਸੀਂ ਪੰਜਾਬ ਵਿਚ 15 ਨਵੀਆਂ ਆਈ.ਟੀ.ਆਈਜ਼ ਖੋਲ੍ਹ ਰਹੇ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਚਾਰ-ਪੰਜ ਪਹਿਲਾਂ ਹੀ ਬਣੀਆਂ ਹੋਈਆਂ ਹਨ, ਉਹ ਤਾਂ ਅਸੀਂ ਚਲਾ ਨਹੀਂ ਰਹੇ ਤੇ ਫਿਰ ਨਵੀਆਂ ਕਦੋਂ ਬਣਾਵਾਂਗੇ? ਕੀ ਉਨ੍ਹਾਂ ਨੂੰ ਵੀ ਪ੍ਰਾਈਵੇਟ ਹੱਥਾਂ ਵਿੱਚ ਦਿੱਤਾ ਜਾਵੇਗਾ? ਮਾਨਯੋਗ ਸਪੀਕਰ ਸਾਹਿਬ, ਪ੍ਰਾਈਵੇਟ ਆਈ.ਟੀ.ਆਈਜ਼ ਵਿਚ ਫੀਸਾਂ ਬਹੁਤ ਜ਼ਿਆਦਾ ਹੋ ਜਾਣਗੀਆਂ। ਉਥੇ ਵਿਦਿਆਰਥੀਆਂ ਦਾ ਸੋਸ਼ਣ ਹੋਵੇਗਾ। ਉੱਥੇ 40-40, 50-50 ਹਜ਼ਾਰ ਫੀਸ ਹੋਵੇਗੀ ਜਦ ਕਿ ਸਰਕਾਰੀ ਆਈ.ਟੀ.ਆਈ. ਵਿਚ ਤਿੰਨ ਹਜ਼ਾਰ ਰੁਪਏ ਫੀਸ ਹੋਵੇਗੀ। ਸੁਪਰੀਮ ਕੋਰਟ ਦੀ ਰੂਲਿੰਗ ਵੀ ਹੈ ਕਿ ਜਿਸ ਮੰਤਵ ਲਈ ਪੰਚਾਇਤਾਂ ਤੇ ਨਗਰ ਕੌਂਸਲਾਂ ਕੋਲੋਂ ਜ਼ਮੀਨਾਂ ਲਈਆਂ ਗਈਆਂ ਹਨ, ਉਹ ਜ਼ਮੀਨਾਂ ਉਨ੍ਹਾਂ ਮੰਤਵਾਂ ਲਈ ਹੀ ਵਰਤੀਆਂ ਜਾਣੀਆਂ ਚਾਹੀਦੀਆਂ ਹਨ ਲੇਕਿਨ ਜੇ ਆਪਾਂ ਇਹ ਆਈ.ਟੀ.ਆਈਜ਼ ਪ੍ਰਾਈਵੇਟ ਪਾਰਟੀਆਂ ਨੂੰ ਦੇ ਦਿੱਤੀਆਂ ਤਾਂ ਉਨ੍ਹਾਂ ਨੇ ਤਾਂ ਆਪਣਾ ਮੁਨਾਫਾ ਕਮਾਉਣਾ ਹੈ। ਉਹ ਵਿਦਿਆਰਥੀਆਂ ਨੂੰ ਹੁਨਰਮੰਦ ਬਣਾਉਣਾ, ਸਕਿੱਲਡ ਬਣਾਉਣਾ ਸਭ ਭੁੱਲ ਜਾਣਗੇ।

**ਮਾਨਯੋਗ ਸਪੀਕਰ:** ਟੀਨੂ ਜੀ, ਸਵਾਲ ਪੁੱਛੋ, ਸਵਾਲ ਪੁੱਛੋ।

**ਸ਼੍ਰੀ ਪਵਨ ਕੁਮਾਰ ਟੀਨੂ:** ਮੇਰਾ ਸਵਾਲ ਇਹ ਹੈ ਕਿ ਮੰਤਰੀ ਜੀ ਜਾਂ ਮਾਨਯੋਗ ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਕੀ ਇਨ੍ਹਾਂ ਆਈ.ਟੀ.ਆਈਜ਼. ਨੂੰ ਸਰਕਾਰੀ ਤੌਰ ਤੇ ਚਲਾਇਆ ਜਾਵੇਗਾ, ਜੇਕਰ ਹਾਂ ਤਾਂ ਕਦੋਂ ਚਲਾਇਆ ਜਾਵੇਗਾ? ਇਸ ਤੋਂ ਇਲਾਵਾ ਮਾਨਯੋਗ ਸਪੀਕਰ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ ਕਿ ਜਿਹੜਾ ਮੰਤਰੀ ਜੀ ਦਾ ਪਹਿਲਾ ਆਸ਼ਵਾਸਨ ਹੈ, ਉਸ ਨੂੰ ਪੂਰਾ ਕਰਵਾਇਆ ਜਾਵੇ।

**ਮਾਨਯੋਗ ਸਪੀਕਰ:** ਧੰਨਵਾਦ ਜੀ।

----

## WELCOME ANNOUNCEMENT BY THE SPEAKER

**ਮਾਨਯੋਗ ਸਪੀਕਰ :** ਮੈਨੂੰ ਸਦਨ ਨੂੰ ਇਹ ਸੂਚਿਤ ਕਰਨ ਵਿਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਰਦਾਰ ਭਗਵੰਤ ਮਾਨ, ਐਮ.ਪੀ., ਲੋਕ ਸਭਾ ਅੱਜ ਸਦਨ ਦੀ ਕਾਰਵਾਈ ਦੇਖਣ ਆਏ ਹਨ। ਅਸੀਂ ਉਨ੍ਹਾਂ ਨੂੰ 'ਜੀ ਆਇਆਂ' ਕਹਿੰਦੇ ਹਾਂ ਅਤੇ ਉਨ੍ਹਾਂ ਦਾ ਨਿੱਘਾ ਸਵਾਗਤ ਵੀ ਕਰਦੇ ਹਾਂ। (ਥੰਪਿੰਗ)

-----

## STARRED QUESTIONS AND ANSWERS *(Resumption)*

**ਮਾਨਯੋਗ ਸਪੀਕਰ:** ਹਾਂ ਜੀ, ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜੇ ਆਸ਼ਵਾਸਨ ਦੀ ਗੱਲ ਕੀਤੀ ਹੈ, ਮੈਂ ਅੱਜ ਵੀ ਉਸ ਤੇ ਕਾਇਮ ਹਾਂ। ਅਸੀਂ ਐਫ.ਡੀ. ਨੂੰ ਲਿਖਿਆ ਸੀ ਤੇ ਐਫ.ਡੀ. ਤੋਂ ਮਨਜ਼ੂਰੀ ਆ ਚੁੱਕੀ ਹੈ।ਉਸ ਤੋਂ ਬਾਅਦ ਇਹ ਮਾਮਲਾ ਆਫੀਸਰਜ਼ ਕਮੇਟੀ ਕੋਲ ਜਾਂਦਾ ਹੈ, ਜਿਸ ਨੂੰ ਚੀਫ ਸੈਕਟਰੀ ਪ੍ਰੀਜ਼ਾਈਡ ਕਰਦੇ ਹਨ। ਉਨ੍ਹਾਂ ਨੇ ਸਾਨੂੰ ਲਿਖ ਕੇ ਭੇਜਿਆ ਹੈ ਕਿ ਇਸ ਵਿਚ ਪੀ.ਪੀ.ਪੀ. ਮਾਡਲ ਨੂੰ ਵੀ ਐਕਸਪਲੋਰ ਕਰ ਲਿਆ ਜਾਵੇ। ਪੰਜਾਬ ਸਰਕਾਰ ਨੇ ਹੁਣੇ ਪਿੱਛੇ ਜਿਹੇ ਇੱਕ ਟਾਟਾ ਕੰਪਨੀ ਦੇ ਨਾਲ ਹੋਏ ਐਮ.ਓ.ਯੂ. ਤਹਿਤ ਸੁਲਤਾਨਪੁਰ ਲੋਧੀ ਅਤੇ ਜਲੰਧਰ ਵਿੱਚ ਇਕ ਅਜਿਹਾ ਮਾਡਲ ਲਿਆਂਦਾ ਹੈ, ਜਿਸ ਵਿਚ 12% ਪੈਸਾ ਪੰਜਾਬ ਸਰਕਾਰ ਨੇ ਖਰਚਿਆ ਹੈ ਅਤੇ 88% ਪੈਸਾ ਟਾਟਾ ਕੰਪਨੀ ਨੇ ਖਰਚਿਆ ਹੈ। ਇਸ ਪ੍ਰਾਜੈਕਟ ਉੱਤੇ 720 ਕਰੋੜ ਰੁਪਿਆ ਲੱਗ ਰਿਹਾ ਹੈ ਅਤੇ ਤਿੰਨ ਸਾਲ ਵਾਸਤੇ ਉੱਥੇ ਟਾਟਾ ਕੰਪਨੀ ਨੇ ਫਰੀ ਪੜ੍ਹਾਉਣ ਦਾ ਪ੍ਰਬੰਧ ਕਰਨਾ ਹੈ। ਇਸੇ ਤਰ੍ਹਾਂ ਦਾ ਮਾਡਲ ਐਕਸਪਲੋਰ ਕਰਨ ਵਾਸਤੇ ਸਾਨੂੰ ਆਫੀਸਰ ਕਮੇਟੀ ਨੇ ਲਿਖਿਆ ਹੈ। ਉਸ ਦੇ ਤਹਿਤ ਅਸੀਂ ਇਕ ਸਲਾਹਕਾਰ ਨਿਯੁਕਤ ਕੀਤਾ ਹੈ ਜਿਹੜਾ ਆਪਣੀ ਰਿਪੋਰਟ ਦੇਵੇਗਾ। ਮੈਂ ਮੈਂਬਰ ਸਾਹਿਬ ਨਾਲ ਸਹਿਮਤ ਹਾਂ ਕਿ ਅਸੀਂ ਇੱਧਰੋਂ ਉੱਧਰੋਂ ਅਰੇਂਜਮੈਂਟ ਕਰਕੇ ਇਹ ਆਈ.ਟੀ.ਆਈਜ਼. ਚਲਾ ਦਿੱਤੀਆਂ ਸਨ ਲੇਕਿਨ ਐਫ.ਡੀ. ਦੀ ਇੱਕ ਚਿੱਠੀ ਆ ਗਈ ਕਿ ਕਿਸੇ ਵੀ ਮੁਲਾਜ਼ਮ ਦੀ ਜਿੱਥੇ ਦੀ ਪੋਸਟਿੰਗ ਹੈ, ਉਹ ਉੱਥੇ ਹੀ ਕੰਮ ਕਰੇ, ਡੈਪੂਟੇਸ਼ਨ ਤੇ ਜਾ ਕੇ ਕੰਮ ਨਹੀਂ ਕਰੇਗਾ। ਉਸ ਚਿੱਠੀ ਕਰਕੇ ਹੀ ਇਹ ਆਈ.ਟੀ.ਆਈਜ਼. ਪ੍ਰਭਾਵਿਤ ਹੋਈਆਂ ਹਨ। ਲੇਕਿਨ ਮੈਂ ਅੱਜ ਫਿਰ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਸਲਾਹਕਾਰ ਦੀ ਜੋ ਵੀ ਰਿਪੋਰਟ ਆਵੇਗੀ, ਅਸੀਂ ਆਫੀਸਰ ਕਮੇਟੀ ਨਾਲ ਗੱਲ ਕਰਕੇ ਪੂਰੀ ਕੋਸ਼ਿਸ਼ ਕਰਾਂਗੇ ਕਿ ਇਹ ਸੰਸਥਾਵਾਂ ਸਰਕਾਰੀ ਤੌਰ ਤੇ ਚਲਾਈਆਂ ਜਾਣ ਅਤੇ ਜੇਕਰ ਸਰਕਾਰੀ ਤੌਰ ਤੇ ਨਾ ਵੀ ਚਲਾਈਆਂ ਗਈਆਂ ਤਾਂ ਸਾਡੀ ਪੂਰੀ ਕੋਸ਼ਿਸ਼ ਹੋਵੇਗੀ ਕਿ ਵਿਦਿਆਰਥੀਆਂ ਤੋਂ ਕੋਈ ਵਾਧੂ ਫੀਸ ਨਾ ਲਈ ਜਾਵੇ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਇਕ ਸਾਲ ਪਹਿਲਾਂ ਆਸ਼ਵਾਸਨ ਦਿੱਤਾ ਸੀ ਪ੍ਰੰਤੂ ਅੱਜ ਵੀ ਗੱਲ ਉੱਥੇ ਹੀ ਖੜ੍ਹੀ ਹੈ। ਇਹ ਕਹਿੰਦੇ ਹਨ ਕਿ ਆਫੀਸਰਜ਼ ਕਮੇਟੀ ਕੋਲੋਂ ਪੁੱਛਿਆ ਜਾਵੇਗਾ। ਮੈਨੂੰ ਇਹ ਦੱਸਿਆ ਜਾਵੇ ਕਿ ਕੀ ਸਰਕਾਰ ਉੱਪਰ ਹੈ, ਮੰਤਰੀ ਜੀ ਉੱਪਰ ਹਨ ਜਾਂ ਅਫਸਰ ਉੱਪਰ ਹਨ? ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੀ.ਪੀ.ਪੀ. ਮੋਡ ਟਾਟਾ, ਬਿਰਲਾ, ਅੰਬਾਨੀ, ਡਾਲਮੀਆ ਇਹ ਸਾਰੇ ਪ੍ਰਾਫਿਟ ਮੇਕਿੰਗ ਲਈ ਹਨ, ਇਹ ਕਦੇ ਵੀ ਪੜ੍ਹਾਉਣ ਲਈ ਨਹੀਂ ਹਨ, ਇਨ੍ਹਾਂ ਨੇ ਕੋਈ ਵੈਲਫੇਅਰ ਨਹੀਂ ਕਰਨੀ ਔਰ ਇਹ ਸਕੈਂਡਲ ਹੋਣ ਜਾ ਰਿਹਾ ਹੈ। ਮੈਂ ਤੁਹਾਨੂੰ ਐਡਵਾਂਸ ਵਿਚ ਦੱਸ ਰਿਹਾ ਹਾਂ ਕਿ ਇਹ ਪੂਰਾ ਸਕੈਂਡਲ ਹੋਣ ਜਾ ਰਿਹਾ ਹੈ। ਸਰਕਾਰੀ ਜ਼ਮੀਨਾਂ ਹਨ, ਸਰਕਾਰੀ ਪੈਸਾ ਲੱਗਿਆ ਹੈ ਪ੍ਰੰਤੂ ਅਫਸਰ ਤੇ ਸਰਕਾਰ ਇਹ ਸਭ ਰਲ-ਮਿਲ ਕੇ ਪ੍ਰਾਈਵੇਟ ਕੰਪਨੀਆਂ ਨੂੰ ਕਰੋੜਾਂ, ਅਰਬਾਂ ਰੁਪਏ ਦੀਆਂ ਪ੍ਰਾਪਰਟੀਆਂ ਦਿੱਤੀਆਂ ਜਾਣਗੀਆਂ ਅਤੇ ਆਮ ਲੋਕਾਂ ਨੂੰ, ਗਰੀਬਾਂ ਦੇ ਬੱਚਿਆਂ ਨੂੰ ਨਾ ਉੱਥੇ ਐਜੂਕੇਸ਼ਨ ਮਿਲੇਗੀ ਤੇ ਨਾ ਰੁਜ਼ਗਾਰ ਮਿਲੇਗਾ । ਸੋ, ਇਸ ਕਰਕੇ ਮੰਤਰੀ ਜੀ ਨੂੰ ਮੇਰੀ ਬੇਨਤੀ ਹੈ ਕਿ ਜਿਹੜਾ ਆਸ਼ਵਾਸਨ ਤੁਸੀਂ ਦਿੱਤਾ ਹੈ, ਉਸ ਉੱਤੇ ਕਾਇਮ ਰਹੋ। ਆਸ਼ਵਾਸਨ ਦੇ ਕੇ ਫਿਰ ਗੱਲ ਹੋਰ ਪਾਸੇ ਲੈ ਕੇ ਜਾਈਏ, ਇਸ ਦਾ ਮਤਲਬ ਹੈ ਕਿ ਆਪਾਂ ਹਾਊਸ ਦੀ ਮਰਿਆਦਾ ਦੀ ਉਲੰਘਣਾ ਕਰ ਰਹੇ ਹਾਂ।

**ਮਾਨਯੋਗ ਸਪੀਕਰ:** ਸਵਾਲ ਕਰੋ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਆਦਮਪੁਰ ਸਮੇਤ ਇਹ ਜਿਹੜੀਆਂ ਚਾਰ ਸਰਕਾਰੀ ਆਈ.ਟੀ.ਆਈਜ਼. ਹਨ, ਇਹ ਕਦੋਂ ਤੱਕ ਚਲਾ ਦਿੱਤੀਆਂ ਜਾਣਗੀਆਂ? ਆਫੀਸਰਜ਼ ਕਮੇਟੀ ਦੀ ਮੀਟਿੰਗ ਕਦੋਂ ਤੱਕ ਹੋ ਜਾਵੇਗੀ? ਕਦੋਂ ਤੱਕ ਇਹ ਮਾਮਲਾ ਕੈਬਨਿਟ ਤੋਂ ਮਨਜ਼ੂਰ ਕਰਵਾ ਕੇ ਪੋਸਟਾਂ ਸੈਂਕਸ਼ਨ ਕਰਵਾ ਦਿੱਤੀਆਂ ਜਾਣਗੀਆਂ? ਕਿਉਂਕਿ ਜੇਕਰ ਤੁਸੀਂ ਪੋਸਟਾਂ ਸੈਂਕਸ਼ਨ ਨਹੀਂ ਕਰਦੇ ਤਾਂ ਆਈ.ਟੀ.ਆਈਜ਼. ਨਹੀਂ ਚੱਲ ਸਕਦੀਆਂ। ਮੰਤਰੀ ਜੀ, ਤੁਸੀਂ ਲੋਕਾਂ ਨਾਲ ਰੁਜ਼ਗਾਰ ਦਾ ਵੀ ਵਾਅਦਾ ਕੀਤਾ ਹੈ। ਜੇ ਪੋਸਟਾਂ ਸੈਂਕਸ਼ਨ ਕਰੋਗੇ ਤਾਂ ਹੀ ਆਈ.ਟੀ.ਆਈਜ਼. ਚੱਲਣਗੀਆਂ। ਸੋ, ਕਿਰਪਾ ਕਰਕੇ ਦੱਸਿਆ ਜਾਵੇ ਕਿ ਪੋਸਟਾਂ ਕਦੋਂ ਸੈਂਕਸ਼ਨ ਕਰਵਾ ਦਿਉਗੇ ਅਤੇ ਕਦੋਂ ਤੱਕ ਇਹ ਆਈ.ਟੀ.ਆਈਜ਼. ਚਲਾ ਦਿਉਗੇ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਹੌਲੀ ਹੌਲੀ ਸਰਕਾਰ ਨੂੰ ਵੀ ਕੁਰੱਪਟ ਬਣਾ ਦਿੱਤਾ, ਅਫਸਰਾਂ ਸਮੇਤ ਸਾਰਿਆਂ ਨੂੰ ਹੀ ਕੁਰੱਪਟ ਬਣਾ ਦਿੱਤਾ। ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਅਕਾਲੀ ਦਲ ਦੀ ਸਰਕਾਰ ਨਹੀਂ ਹੈ, ਇਹ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਹੈ। (ਇਸ ਸਮੇਂ ਟਰੈਜ਼ਰੀ ਬੈਂਚਿਜ਼ ਵਲੋਂ ਮੇਜ਼ ਥਪਥਪਾਏ ਗਏ।) ਇੱਥੇ ਹਰ ਗੱਲ ਨਾਪ ਤੋਲ ਕੇ ਇਮਾਨਦਾਰੀ ਨਾਲ ਹੁੰਦੀ ਹੈ। ਇਵੇਂ ਹਰ ਕਿਸੇ ਤੇ ਦੂਸ਼ਣਬਾਜ਼ੀ ਨਹੀਂ ਕਰਨੀ ਚਾਹੀਦੀ। (ਵਿਘਨ..ਸ਼ੋਰ) ਸਵਾਲ ਦੇ ਜਵਾਬ ਬਾਰੇ ਮੈਂ ਤੁਹਾਨੂੰ ਪਹਿਲਾਂ ਵੀ ਕਿਹਾ ਸੀ ਕਿ ਅਸੀਂ ਇਮਾਨਦਾਰੀ ਨਾਲ ਇਨ੍ਹਾਂ ਆਈ.ਟੀ.ਆਈਜ਼. ਨੂੰ ਚਲਾਉਣਾ ਚਾਹੁੰਦੇ ਹਾਂ।

**ਮਾਨਯੋਗ ਸਪੀਕਰ :** ਮੰਤਰੀ ਜੀ, ਇਕ ਗੱਲ ਤਾਂ ਹੈ ਕਿ ਐਸ਼ੋਰੈਂਸ ਦਿੱਤੀ ਨੂੰ ਇਕ ਸਾਲ ਹੋ ਗਿਆ ਹੈ।

**ਮੰਤਰੀ:** ਸਪੀਕਰ ਸਾਹਿਬ, ਜੋ ਐਸ਼ੋਰੈਂਸ ਦਿੱਤੀ ਸੀ, ਉਹ ਇਨ੍ਹਾਂ ਨੇ ਪੜ੍ਹੀ ਹੈ ਅਤੇ ਮੈਂ ਉਸ ਦਾ ਜਵਾਬ ਵੀ ਦੇ ਦਿੱਤਾ ਹੈ।

**ਮਾਨਯੋਗ ਸਪੀਕਰ :** ਆਪਾਂ ਸਵਾਲ-ਜਵਾਬ ਵਿੱਚ ਨਾ ਪਈਏ। ਸਵਾਲ ਇਹ ਹੈ ਕਿ ਇੱਕ ਸਾਲ ਗੁਜ਼ਰ ਗਿਆ ਹੈ।

**ਮੰਤਰੀ :** ਸਪੀਕਰ ਸਾਹਿਬ, ਕੁੱਲ 52 ਕਰੋੜ ਰੁਪਿਆ ਪੰਜ ਆਈ.ਟੀ.ਆਈਜ਼ ਤੇ ਲੱਗਣਾ ਸੀ। ਇਹ ਚਾਰ ਆਈ.ਟੀ.ਆਈਜ਼. ਦੀ ਗੱਲ ਕਰਦੇ ਹਨ। ਪੰਜਵੀਂ ਆਈ.ਟੀ.ਆਈ. ਨਿਆੜੀ ਦੀ ਵੀ ਹੈ। 52 ਕਰੋੜ ਵਿਚੋਂ 15.60 ਕਰੋੜ ਰੁਪਿਆ ਕੇਂਦਰ ਸਰਕਾਰ ਨੇ ਪਾਉਣਾ ਸੀ ਅਤੇ 36.40 ਕਰੋੜ ਰੁਪਿਆ ਪੰਜਾਬ ਸਰਕਾਰ ਨੇ ਪਾਉਣਾ ਸੀ। ਪੰਜਾਬ ਸਰਕਾਰ ਦਾ ਬਣਦਾ ਸ਼ੇਅਰ ਪਿਛਲੀ ਅਕਾਲੀ ਸਰਕਾਰ ਵੇਲੇ ਪੰਜਾਬ ਸਰਕਾਰ ਵੱਲੋਂ ਨਹੀਂ ਦਿੱਤਾ ਗਿਆ ਸਗੋਂ ਇਹ ਸ਼ੇਅਰ ਸਾਡੇ ਟੈਕਨੀਕਲ ਐਜੂਕੇਸ਼ਨ ਬੋਰਡ ਵੱਲੋਂ ਦਿੱਤਾ ਗਿਆ। ਕੇਂਦਰ ਸਰਕਾਰ ਨੇ ਸਾਲ 2013 ਵਿੱਚ ਹੀ 15 ਕਰੋੜ ਰੁਪਿਆ ਇਨ੍ਹਾਂ ਦੀ ਸਰਕਾਰ ਨੂੰ ਭੇਜ ਦਿੱਤਾ ਸੀ, ਜੋ ਇੱਥੇ ਖੜ੍ਹੇ ਹੋ ਕੇ ਸਾਡੇ ਤੇ ਦੂਸ਼ਣ ਲਗਾ ਰਹੇ ਹਨ। ਇਨ੍ਹਾਂ ਨੇ ਸਾਲ 2017 ਤੱਕ ਆਈ.ਟੀ.ਆਈਜ਼. ਬਣਾਉਣ ਵਾਸਤੇ ਪੈਸਾ ਹੀ ਨਹੀਂ ਦਿੱਤਾ। ਹੁਣ ਅਸੀਂ ਪੈਸਾ ਦੇ ਰਹੇ ਹਾਂ। ਪਿਛਲੀ ਸਰਕਾਰ ਨੇ ਆਈ.ਟੀ.ਆਈਜ਼. ਦੀਆਂ ਬਿਲਡਿੰਗਾਂ ਟੈਕਨੀਕਲ ਐਜੂਕੇਸ਼ਨ ਬੋਰਡ ਦੇ ਪੈਸੇ ਨਾਲ ਖੜ੍ਹੀਆਂ ਕਰ ਦਿੱਤੀਆਂ ਪ੍ਰੰਤੂ ਉਨ੍ਹਾਂ ਵਾਸਤੇ ਕੋਈ ਪੋਸਟਾਂ ਸੈਂਕਸ਼ਨ ਨਹੀਂ ਕਰਵਾਈਆਂ ਗਈਆਂ। ਇਹ ਪੋਸਟਾਂ ਹੁਣ ਅਸੀਂ ਐਫ.ਐਮ. ਸਾਹਿਬ ਨੂੰ ਲਿਖ ਕੇ ਸੈਂਕਸ਼ਨ ਕਰਵਾ ਰਹੇ ਹਾਂ। ਮੈਂ ਇਕ ਵਾਰ ਫਿਰ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਅਸੀਂ ਇਹ

ਆਈ.ਟੀ.ਆਈਜ਼. ਸਰਕਾਰੀ ਤੌਰ ਤੇ ਚਲਾਉਣਾ ਚਾਹੁੰਦੇ ਹਾਂ। ਸਾਡੇ ਅਫਸਰਾਂ ਨੇ ਜਿਹੜੀ ਸਲਾਹ ਦਿੱਤੀ ਹੈ, ਉਸ ਤੇ ਸਾਨੂੰ ਗੌਰ ਕਰਨਾ ਪਵੇਗਾ ਕਿਉਂਕਿ ਬਿਊਰੋਕ੍ਰੇਸੀ ਅਤੇ ਸਰਕਾਰ ਨੂੰ ਮਿਲ ਕੇ ਹੀ ਚੱਲਣਾ ਪੈਂਦਾ ਹੈ। ਜੇਕਰ ਉਨ੍ਹਾਂ ਦੀ ਕੋਈ ਚੰਗੀ ਸਲਾਹ ਆਉਂਦੀ ਹੈ ਤਾਂ ਸਾਨੂੰ ਅਡਾਪਟ ਕਰਨੀ ਪੈਂਦੀ ਹੈ। ਇਸ ਕਰਕੇ ਤੁਸੀਂ ਕਿਸੇ ਗੱਲ ਦਾ ਫਿਕਰ ਨਾ ਕਰੋ। ਅਸੀਂ ਇਨ੍ਹਾਂ ਆਈ.ਟੀ.ਆਈਜ਼. ਨੂੰ ਬਹੁਤ ਜਲਦੀ ਪੋਸਟਾਂ ਸੈਂਕਸ਼ਨ ਕਰਵਾ ਕੇ ਚਲਾ ਦੇਵਾਂਗੇ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਤੁਸੀਂ ਸਭ ਤੋਂ ਸੁਪਰੀਮ ਹੋ। ਤੁਸੀਂ ਪਿਛਲੀ ਵਾਰ ਕਿਹਾ ਸੀ ਕਿ ਵਿਸ਼ਵਾਸ ਤਾਂ ਕਰੋ, ਹੁਣ ਮੰਤਰੀ ਜੀ ਨੇ ਜ਼ਿੰਮੇਵਾਰੀ ਲੈ ਲਈ ਹੈ। ਇਹ ਤੁਹਾਡੇ ਸ਼ਬਦ ਹਨ। ਮੰਤਰੀ ਜੀ ਨੇ ਐਸ਼ੋਰੈਂਸ ਦੇ ਦਿੱਤੀ ਸੀ। ਹੁਣ ਇਹ ਕਹਿੰਦੇ ਹਨ ਕਿ ਟੈਕਨੀਕਲ ਐਜੂਕੇਸ਼ਨ ਬੋਰਡ ਦੇ ਪੈਸੇ ਲੱਗੇ ਹਨ। ਟੈਕਨੀਕਲ ਐਜੂਕੇਸ਼ਨ ਬੋਰਡ ਨੇ ਆਈ.ਟੀ.ਆਈਜ਼. ਹੀ ਬਣਾਉਣੀਆਂ ਸਨ, ਕੋਈ ਮੰਡੀ ਤਾਂ ਬਣਾਉਣੀ ਨਹੀਂ ਸੀ। ਸਾਡੀ ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ. ਦੀ ਸਰਕਾਰ ਵੇਲੇ 36.40 ਕਰੋੜ ਰੁਪਿਆ ਸਰਕਾਰ ਨੇ ਆਈ.ਟੀ.ਆਈਜ਼. ਦੀਆਂ ਬਿਲਡਿੰਗਾਂ ਤੇ ਲਗਾਇਆ। ਸਟੇਟ ਦਾ 70% ਸ਼ੇਅਰ ਸੀ ਅਤੇ ਸੈਂਟਰ ਗੌਰਮਿੰਟ ਨੇ 15.60 ਕਰੋੜ ਰੁਪਿਆ ਭਾਵ 30% ਸ਼ੇਅਰ ਭੇਜਿਆ। ਮਾਨਯੋਗ ਸਪੀਕਰ ਸਾਹਿਬ, ਉਹ ਸ਼ੇਅਰ ਹਾਲੇ ਵੀ ਪੰਜਾਬ ਦੇ ਖਜ਼ਾਨੇ ਵਿੱਚ ਪਿਆ ਹੈ।

**ਮੰਤਰੀ:** ਸਪੀਕਰ ਸਾਹਿਬ, ਕੇਂਦਰ ਨੇ ਆਪਣਾ ਸ਼ੇਅਰ ਸਾਲ 2013 ਵਿੱਚ ਭੇਜ ਦਿੱਤਾ ਸੀ। ਇਹ ਪੈਸਾ ਅਸੀਂ ਹੁਣ ਕਢਵਾਇਆ ਹੈ। ਸਾਲ 2013 ਤੋਂ 2017 ਤੱਕ ਇਨ੍ਹਾਂ ਨੇ ਚਾਰ ਸਾਲ ਇਹ ਪੈਸਾ ਮਿਸਯੂਜ਼ ਕੀਤਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਹੁਣ ਤਾਂ ਤੁਹਾਡੀ ਸਰਕਾਰ ਬਣੀ ਨੂੰ ਵੀ ਦੋ ਸਾਲ ਹੋ ਗਏ ਹਨ।

**ਮੰਤਰੀ:** ਸਪੀਕਰ ਸਾਹਿਬ, ਕੇਂਦਰ ਸਰਕਾਰ ਦਾ ਜਿਹੜਾ ਵੀ ਪੈਸਾ ਆਇਆ, ਉਸ ਵਿਚੋਂ ਇਨ੍ਹਾਂ ਦੀ ਸਰਕਾਰ ਵੇਲੇ ਇਕ ਵੀ ਪੈਸਾ ਟੈਕਨੀਕਲ ਐਜੂਕੇਸ਼ਨ ਬੋਰਡ ਜਾਂ ਡਾਇਰੈਕਟੋਰੇਟ ਨੂੰ ਨਹੀਂ ਦਿੱਤਾ ਗਿਆ।

**ਮਾਨਯੋਗ ਸਪੀਕਰ :** ਚੰਨੀ ਜੀ, ਕੀ ਤੁਸੀਂ ਹੁਣ ਇਹ ਪੈਸਾ ਕਢਵਾ ਲਿਆ ਹੈ?

**ਮੰਤਰੀ:** ਸਪੀਕਰ ਸਾਹਿਬ, ਕੁੱਲ 200 ਕਰੋੜ ਰੁਪਿਆ ਸੀ ਜਿਹੜਾ ਇਨ੍ਹਾਂ ਨੇ ਖੁਰਦ-ਬੁਰਦ ਕਰ ਦਿੱਤਾ ਸੀ। ਹੁਣ ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕੀਤੀ ਹੈ ਕਿ ਪਿਛਲੀ ਸਰਕਾਰ ਵੇਲੇ ਇਨ੍ਹਾਂ ਨੇ ਸਾਰਾ ਪੈਸਾ ਖਾ ਲਿਆ ਸੀ, ਸਾਰਾ ਪੈਸਾ ਖੁਰਦ- ਬੁਰਦ ਕਰ ਦਿੱਤਾ ਸੀ।

ਤੁਸੀਂ ਇਸ ਨੂੰ ਨਵੇਂ ਸਿਰਿਓਂ ਜੈਨਰੇਟ ਕਰੋ। ਹੁਣ ਇਸ ਬਜਟ ਵਿੱਚ ਸਾਨੂੰ ਉਹ ਪੈਸਾ ਮਿਲਣ ਜਾ ਰਿਹਾ ਹੈ। ਇਹ ਹਾਲਾਤ ਇਨ੍ਹਾਂ ਨੇ ਕਰ ਦਿੱਤੇ ਹਨ। ਇਕੱਲਾ ਟੈਕਨੀਕਲ ਐਜੂਕੇਸ਼ਨ ਦਾ ਹੀ ਨਹੀਂ, ਜਿੰਨਾ ਵੀ ਕੇਂਦਰ ਸਰਕਾਰ ਤੋਂ ਪੈਸਾ ਆਉਂਦਾ ਸੀ, ਇਹ ਉਸ ਪੈਸੇ ਨੂੰ ਹੋਰ ਕੰਮਾਂ ਵਾਸਤੇ ਵਰਤ ਲੈਂਦੇ ਸੀ, ਚਾਹੇ ਉਹ ਸਟੂਡੈਂਟ ਸਕਾਲਰਸ਼ਿਪ ਦਾ ਪੈਸਾ ਹੈ, ਚਾਹੇ ਟੈਕਨੀਕਲ ਐਜੂਕੇਸ਼ਨ ਦਾ ਪੈਸਾ ਹੈ, ਚਾਹੇ ਉਹ ਹਾਇਰ ਐਜੂਕੇਸ਼ਨ ਦਾ ਪੈਸਾ ਹੈ, ਇਨ੍ਹਾਂ ਨੇ ਇਕ ਵੀ ਪੈਸਾ ਐਫ.ਡੀ. ਵਿਚੋਂ ਕਢਵਾ ਕੇ ਬੱਚਿਆਂ ਨੂੰ ਨਹੀਂ ਦਿੱਤਾ। ਅੱਜ ਅਸੀਂ ਪੈਸੇ ਕਢਵਾ ਕੇ ਪੁਰਾਣੀਆਂ ਲਾਇਬਿਲਟੀਜ਼ ਪੂਰੀਆਂ ਕਰ ਰਹੇ ਹਾਂ। 1500 ਕਰੋੜ ਰੁਪਏ ਦਾ ਤਾਂ ਸਕਾਲਰਸ਼ਿਪ ਦਾ ਪੈਸਾ ਦੇਣ ਵਾਲਾ ਸੀ ਲੇਕਿਨ ਮੈਂ ਫੇਰ ਵੀ ਅੱਜ ਇਨ੍ਹਾਂ ਨੂੰ ਵਿਸ਼ਵਾਸ ਦਿਵਾ ਰਿਹਾ ਹਾਂ ਕਿ ਆਈ.ਟੀ.ਆਈਜ਼. ਚਲਾ ਕੇ ਦੇਵਾਂਗੇ। ਪ੍ਰੋਸੀਜਰ ਵਿੱਚ ਟਾਈਮ ਜ਼ਰੂਰ ਲੱਗ ਰਿਹਾ ਹੈ ਕਿਉਂਕਿ ਇਨ੍ਹਾਂ ਨੇ ਪ੍ਰੋਸੀਜਰ ਨੂੰ ਵਿਗਾੜ ਦਿੱਤਾ ਸੀ।

**ਮਾਨਯੋਗ ਸਪੀਕਰ :** ਚੰਨੀ ਜੀ, ਪਿਛਲੀਆਂ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ ਹੈ। ਤੁਹਾਨੂੰ ਵੀ ਦੋ ਸਾਲ ਹੋ ਗਏ ਹਨ।(ਆਪੋਜ਼ੀਸ਼ਨ ਬੈਂਚਿਜ਼ ਵਲੋਂ ਮੇਜ਼ ਥਪਥਪਾਏ ਗਏ) ਦੂਜੀ ਗੱਲ, ਆਪਾਂ ਪਿਛਲੇ ਸਾਲ ਹਾਊਸ ਨੂੰ ਐਸ਼ੋਰੈਂਸ ਦਿੱਤੀ ਹੈ। ਹੁਣ ਆਪਾਂ ਮੈਂਬਰ ਸਾਹਿਬ ਨੂੰ ਕੀ ਐਸ਼ਿਓਰ ਕਰੀਏ ਕਿ ਭਵਿੱਖ ਵਿੱਚ ਅਸੀਂ ਇਸ ਨੂੰ ਜਲਦ ਹੀ ਮੁਕੰਮਲ ਕਰਾਂਗੇ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪਹਿਲਾਂ ਐਸ਼ੋਰੈਂਸ ਦਿੱਤੀ ਸੀ ਕਿ ਮੈਂ ਐਫ.ਡੀ. ਤੋਂ ਮਨਜ਼ੂਰ ਕਰਵਾ ਕੇ ਉਸ ਤੋਂ ਬਾਅਦ ਇਸ ਆਈ.ਟੀ.ਆਈ. ਨੂੰ ਚਲਾਵਾਂਗਾ।ਹੁਣ ਐਫ.ਡੀ. ਨੇ ਮਨਜ਼ੂਰੀ ਦੇ ਦਿੱਤੀ ਹੈ। ਮੈਂ ਆਪਣੀ ਐਸ਼ੋਰੈਂਸ ਦੇ ਅਨੁਸਾਰ ਮਨਜ਼ੂਰੀਆਂ ਕਰਵਾ ਦਿੱਤੀਆਂ। ਆਫੀਸਰਜ਼ ਕਮੇਟੀ ਨੇ ਜੋ ਉਸ ਵਿੱਚ ਆਪਣੇ ਵਿਚਾਰ ਦਿੱਤੇ ਹਨ, ਅਸੀਂ ਉਨ੍ਹਾਂ ਨੂੰ ਐਕਸਪਲੋਰ ਕਰਵਾ ਕੇ ਫਿਰ ਆਈ.ਟੀ.ਆਈਜ਼. ਨੂੰ ਚਲਾ ਦੇਵਾਂਗੇ। ਇਹ ਆਈ.ਟੀ.ਆਈਜ਼. ਇਸ ਵਾਰ ਸਰਕਾਰੀ ਤੌਰ ਤੇ ਚਲਾ ਦੇਵਾਂਗੇ। (ਵਿਘਨ...ਸ਼ੋਰ) ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਫਿਰ ਕਹਿ ਰਿਹਾ ਹਾਂ ਕਿ ਸਰਕਾਰੀ ਤੌਰ ਤੇ ਚਲਾ ਦਿਆਂਗੇ।

**ਮਾਨਯੋਗ ਸਪੀਕਰ :** ਮੈਂਬਰ ਸਾਹਿਬ, ਹੁਣ ਵਿਸ਼ਵਾਸ ਕਰੋ। ਇਹ ਆਈ.ਟੀ.ਆਈਜ਼ ਸਰਕਾਰੀ ਤੌਰ ਤੇ ਚੱਲਣਗੀਆਂ। (ਵਿਘਨ..ਸ਼ੋਰ) ਸੰਧੂ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ। ਇਹ ਬੜੀ ਦੇਰ ਤੋਂ ਖੜ੍ਹੇ ਹਨ। ਹਾਂ ਜੀ, ਸੰਧੂ ਸਾਹਿਬ, ਦੱਸੋ। ਟੀਨੂ ਜੀ, ਤੁਸੀਂ ਬੈਠੋ, ਇਸ ਤੇ ਕਈ ਸਪਲੀਮੈਂਟਰੀਜ਼ ਹੋ ਗਈਆਂ ਹਨ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਚਾਰ ਆਈ.ਟੀ.ਆਈਜ਼. ਦੀ ਗੱਲ ਹੋ ਰਹੀ ਹੈ, ਇਨ੍ਹਾਂ ਵਿਚੋਂ ਮਾਣਕਪੁਰ ਸ਼ਰੀਫ ਆਈ.ਟੀ.ਆਈ. ਮੇਰੇ ਖਰੜ ਹਲਕੇ ਵਿੱਚ ਪੈਂਦੀ ਹੈ। ਮੈਂਬਰ ਸਾਹਿਬਾਨ ਨੇ ਜਿਹੜੀ ਗੱਲ ਕੀਤੀ ਹੈ, ਉਹ ਬਿਲਕੁਲ ਸਹੀ ਹੈ ਕਿ ਆਈ.ਟੀ.ਆਈ ਦੀ ਬਿਲਡਿੰਗ ਕੰਪਲੀਟ ਹੈ ਅਤੇ ਲਗਭਗ ਡੇਢ ਸਾਲ ਤੋਂ ਕੰਪਲੀਟ ਹੈ, ਪ੍ਰੰਤੂ ਹਾਲੇ ਤੱਕ ਇਹ ਆਈ.ਟੀ.ਆਈ. ਨਹੀਂ ਚੱਲੀ।ਸਾਰੇ ਇਲਾਕੇ ਦੇ ਲੋਕ ਚਾਹੁੰਦੇ ਹਨ ਕਿ ਆਈ.ਟੀ.ਆਈ. ਚਾਲੂ ਹੋਵੇ ਕਿਉਂਕਿ ਤੁਹਾਨੂੰ ਪਤਾ ਹੀ ਹੈ ਕਿ ਬੇਰੁਜ਼ਗਾਰੀ ਕਿੰਨੀ ਜ਼ਿਆਦਾ ਹੈ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਮੰਤਰੀ ਜੀ ਨੂੰ ਮੇਰਾ ਸਵਾਲ ਇਹ ਹੈ ਕਿ ਇਨ੍ਹਾਂ ਆਈ.ਟੀ.ਆਈਜ਼. ਨੂੰ ਕਦੋਂ ਤੱਕ ਚਲਾ ਦੇਣਗੇ?

**ਮਾਨਯੋਗ ਸਪੀਕਰ :** ਐਸ਼ੋਰੈਂਸ ਤਾਂ ਆ ਗਈ ਹੈ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਪੰਚਾਇਤ ਜਾਂ ਮਿਊਂਸੀਪੈਲਿਟੀ ਨੇ ਜਿਹੜੀ ਜ਼ਮੀਨ ਦਿੱਤੀ ਹੁੰਦੀ ਹੈ, ਉਹ ਕਿਸੇ ਇੱਕ ਸਪੈਸੇਫਿਕ ਪਰਪਜ਼ ਲਈ ਦਿੱਤੀ ਹੁੰਦੀ ਹੈ। ਜੇਕਰ ਮੰਤਰੀ ਜੀ ਪੀ.ਪੀ.ਪੀ. ਮਾਡਲ ਨੂੰ ਕੰਸੀਡਰ ਕਰਦੇ ਹਨ ਤਾਂ ਜ਼ਮੀਨ ਦੇਣ ਵਾਲਿਆਂ ਤੋਂ ਪਹਿਲਾਂ ਇਸ ਸਬੰਧੀ ਇਜਾਜ਼ਤ ਲੈਣੀ ਪਵੇਗੀ। ਸਾਨੂੰ ਪੀ.ਪੀ.ਪੀ. ਮਾਡਲ ਨਹੀਂ ਚਾਹੀਦਾ।

**ਮਾਨਯੋਗ ਸਪੀਕਰ :** ਮੰਤਰੀ ਜੀ ਕਹਿੰਦੇ ਹਨ ਕਿ ਅਸੀਂ ਸਰਕਾਰੀ ਤੌਰ ਤੇ ਚਲਾ ਰਹੇ ਹਾਂ।

**ਸ਼੍ਰੀ ਕੰਵਰ ਸੰਧੂ:** ਸਰ, ਲੋਕਾਂ ਨੂੰ ਬਹੁਤ ਜ਼ਿਆਦਾ ਫੀਸ ਦੇਣੀ ਪਵੇਗੀ।

**ਮਾਨਯੋਗ ਸਪੀਕਰ :** ਉਹ ਕਹਿੰਦੇ ਹਨ ਕਿ ਸਰਕਾਰੀ ਤੌਰ ਤੇ ਚਲਾਉਣਗੇ।

**ਸ਼੍ਰੀ ਪਵਨ ਕੁਮਾਰ ਟੀਨੂ:** ਚਲੋ, ਸਾਰੇ ਹਾਊਸ ਨੂੰ ਪਤਾ ਤਾਂ ਲੱਗ ਗਿਆ।

**ਮਾਨਯੋਗ ਸਪੀਕਰ :** ਟੀਨੂ ਜੀ, ਬੈਠੋ। ਰਹਿ ਗਿਆ ਹੁਣ ਕੁਝ? ਬੈਠੋ, ਪਲੀਜ਼। (ਵਿਘਨ)(ਸ਼ੋਰ) ਹਾਂ ਜੀ, ਮਜੀਠੀਆ ਜੀ, ਦੱਸੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਜੇ ਤੁਸੀਂ ਕੁਐਸਚਨ ਪੜ੍ਹਿਆ ਹੈ ਤਾਂ ਤੁਹਾਨੂੰ ਪਤਾ ਹੋਵੇਗਾ ਕਿ ਇਹ ਬੜਾ ਸਿੰਪਲ ਪ੍ਰਸ਼ਨ ਹੈ ਕਿ ਜਿਨ੍ਹਾਂ ਆਈ.ਟੀ.ਆਈਜ਼. ਬਾਰੇ ਗੱਲ ਹੋਈ ਹੈ, ਵਜ਼ੀਰ ਸਾਹਿਬ ਇਨ੍ਹਾਂ ਨੂੰ ਚਲਾ ਦੇਣਗੇ ਜਾਂ ਨਹੀਂ?

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਚਲਾ ਦੇਵਾਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਮੇਰੀ ਬੇਨਤੀ ਸੁਣ ਲਓ। ਹਾਊਸ ਨੂੰ ਪਿਛਲੇ ਸਾਲ ਐਸ਼ੋਰੈਂਸ ਦਿੱਤੀ ਗਈ ਸੀ ਪਰ ਕੰਮ ਹਾਲੇ ਤੱਕ ਹੋਇਆ ਨਹੀਂ, ਸੋ ਸਾਨੂੰ ਮਿਸਲੀਡ ਕੀਤਾ ਗਿਆ ਹੈ। ਕੀ ਹੁਣ ਐਸ਼ੋਰੈਂਸਿਜ਼ ਦਾ ਵੀ ਇਸ ਤਰ੍ਹਾਂ ਨਾਲ ਮਜ਼ਾਕ ਉਡਾਇਆ ਜਾਇਆ ਕਰੇਗਾ? (ਵਿਘਨ) Kindly ਮੇਰੀ ਬੇਨਤੀ ਸੁਣ ਲਓ, ਇਨ੍ਹਾਂ ਨੇ ਪਿਛਲੇ ਸਾਲ ਆਪਣੀ ਮਰਜ਼ੀ ਨਾਲ ਐਸ਼ੋਰੈਂਸ ਦਿੱਤੀ ਸੀ। ਹੁਣ ਸਾਲ ਬੀਤ ਗਿਆ ਹੈ, ਬਜਟ ਪੇਸ਼ ਹੋ ਗਿਆ ਹੈ, ਸਭ ਕੁਝ ਹੋ ਚੁੱਕਾ ਹੈ ਪ੍ਰੰਤੂ ਆਈ.ਟੀ.ਆਈਜ਼. ਹਾਲੇ ਤੱਕ ਨਹੀਂ ਚੱਲੀਆਂ। ਸਪੀਕਰ ਸਾਹਿਬ, ਹਾਊਸ ਨੂੰ ਮਿਸਲੀਡ ਕੀਤਾ ਜਾ ਰਿਹਾ ਹੈ। Sir, that is the issue now.

**ਮਾਨਯੋਗ ਸਪੀਕਰ :** ਬੈਠੋ ਜੀ, ਬੈਠੋ। ਹਾਂ ਜੀ, ਨਾਗਰਾ ਜੀ, ਦੱਸੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਸਾਡੇ ਵੱਲ ਧਿਆਨ ਕਰ ਲਿਆ ਜੀ। ਮੈਨੂੰ ਲਗਦਾ ਹੈ ਕਿ ਤੁਹਾਡਾ ਧਿਆਨ ਉੱਧਰ ਹੀ ਜ਼ਿਆਦਾ ਰਹਿ ਰਿਹਾ ਹੈ ਜੀ। (ਹਾਸਾ)

**ਮਾਨਯੋਗ ਸਪੀਕਰ :** ਉਨ੍ਹਾਂ ਦੇ ਇਹੀ 10 ਦਿਨ ਹਨ, ਬਾਕੀ ਸਾਰਾ ਸਾਲ ਤੁਹਾਡਾ ਹੀ ਹੈ।(ਹਾਸਾ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਠੀਕ ਹੈ ਜੀ, ਧੰਨਵਾਦ। ਸਪੀਕਰ ਸਾਹਿਬ, ਇਹ ਮੇਰੇ ਬਹੁਤ ਹੀ ਕਾਬਲ ਦੋਸਤ ਹਨ, ਇਨ੍ਹਾਂ ਦਾ ਸਵਾਲ ਬੜਾ ਵਧੀਆ ਸੀ। ਲੋਕਾਂ ਦੇ ਚੁਣੇ ਨੁਮਾਇੰਦੇ ਹੋਣ ਦੇ ਨਾਤੇ ਸਦਨ ਵਿੱਚ ਇਸ ਤਰੀਕੇ ਨਾਲ ਗੱਲ ਕਰਨਾ ਸਾਡਾ ਫਰਜ਼ ਵੀ ਬਣਦਾ ਹੈ । ਮੈਂ ਉਨ੍ਹਾਂ ਦੀ ਇਸ ਗੱਲ ਲਈ ਤਾਰੀਫ਼ ਵੀ ਕਰਦਾ ਹਾਂ ਪਰ ਮੈਂ ਆਪਣੇ ਕਾਬਲ ਦੋਸਤ ਮਜੀਠੀਆ ਸਾਹਿਬ, ਜਿਨ੍ਹਾਂ ਨੇ ਦੁਬਾਰਾ ਫਿਰ ਸਵਾਲ ਕੀਤਾ ਹੈ, ਨੂੰ ਤੁਹਾਡੇ ਰਾਹੀਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਪਿਛਲੇ 10 ਸਾਲ ਦਾ ਡਾਟਾ ਪੂਰੇ ਪੰਜਾਬ ਨੂੰ ਦਿਉ ਕਿ ਤੁਸੀਂ ਪੀ.ਪੀ.ਪੀ. ਮਾਡਲ ਤਹਿਤ ਪੰਜਾਬ ਦੇ ਵਿੱਚ ਕੀ ਕੁਝ ਕੀਤਾ ਹੈ। ਤੁਹਾਨੂੰ ਆਪਣੇ ਆਪ ਨੂੰ ਸ਼ਰਮ ਆਵੇਗੀ ਕਿ ਤੁਸੀਂ ਪੰਜਾਬ ਨੂੰ ਕਿਵੇਂ ਵੇਚਿਆ ਹੈ। ਤੁਸੀਂ ਪੰਜਾਬ ਦੀ ਹਰ ਚੀਜ਼ ਪੀ.ਪੀ.ਪੀ. ਮਾਡਲ ਤਹਿਤ ਵੇਚੀ ਹੈ।

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ। ਅਗਲਾ ਸਵਾਲ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਟਾਈਮ ਤਾਂ ਦਿਵਾ ਦਿਓ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਬੈਠੋ, ਜਵਾਬ ਆ ਗਿਆ, ਜਵਾਬ ਆ ਗਿਆ ਹੈ, ਜਵਾਬ ਆ ਗਿਆ , ਹੁਣ ਜਵਾਬ ਆ ਗਿਆ ਹੈ। ਆ ਗਿਆ ਜੀ, ਜਵਾਬ ਆ ਗਿਆ ਜੀ।(ਵਿਘਨ) (ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ।

**ਮਾਨਯੋਗ ਸਪੀਕਰ:** ਢੀਂਡਸਾ ਸਾਹਿਬ, ਤੁਸੀਂ ਤਾਂ ਬੈਠੋ। ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸਾਹਿਬਾਨ ਨੇ ਕੋਈ ਵੱਡੀ ਡਿਮਾਂਡ ਨਹੀਂ ਰੱਖੀ ਜੀ। ਉਨ੍ਹਾਂ ਨੇ ਸਿਰਫ ਇਹੀ ਕਿਹਾ ਹੈ ਕਿ ਤੁਸੀਂ ਐਸ਼ਿਓਰੈਂਸ ਪਹਿਲਾਂ ਵੀ ਦੇ ਚੁੱਕੇ ਹੋ, ਹੁਣ ਤੁਸੀਂ ਟਾਈਮ ਬਾਊਂਡ ਕਰ ਦਿਓ, ਸਿਰਫ ਇੰਨੀ ਗੱਲ ਹੀ ਇਨ੍ਹਾਂ ਨੇ ਕੀਤੀ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਢੀਂਡਸਾ ਜੀ, ਡਿਟੇਲ ਵਿੱਚ ਗੱਲ ਹੋ ਗਈ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਇਹ ਜਵਾਬ ਤਾਂ ਦੇਣ ਜੀ। ਜੇ ਜਵਾਬ ਹੀ ਨਹੀਂ ਦੇਣਾ ਤਾਂ ਸਾਨੂੰ ਕੁਐਸਚਨ ਲਗਾਉਣ ਦਾ ਕੀ ਫਾਇਦਾ ਹੈ? (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼ ਬੈਠੋ, ਬੈਠੋ, ਪਲੀਜ਼ ਬੈਠੋ, ਟੀਨੂ ਜੀ ਤੁਸੀਂ ਤਾਂ ਹੁਣ ਬੈਠ ਜਾਓ। ਟੀਨੂ ਜੀ, ਡੀਟੇਲ ਵਿੱਚ ਗੱਲ ਹੋ ਗਈ ਹੈ। ਅਗਲਾ ਸਵਾਲ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1924**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

----

## ਬਿਸਤ ਦੋਆਬ ਕੈਨਾਲ ਦੀ ਬਾਕੀ ਰਹਿੰਦੀ ਲੰਬਾਈ ਪੱਕੀ ਕਰਨਾ

*1712. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਿਸਤ ਦੋਆਬ ਕੈਨਾਲ ਦੀ ਕੁੱਲ ਕਿੰਨੀ ਲੰਬਾਈ ਅਜੇ ਪੱਕੀ ਕਰਨ ਨੂੰ ਰਹਿੰਦੀ ਹੈ ਅਤੇ ਇਸ ਕੈਨਾਲ ਦੀਆਂ ਜਿਹੜੀਆਂ ਡਿਸਟ੍ਰੀਬਿਊਟਰੀਜ਼, ਮਾਈਨਰਜ਼ ਜਾਂ ਬਰਾਂਚਾਂ ਪੱਕੀਆਂ ਕਰਨ ਨੂੰ ਰਹਿੰਦੀਆਂ ਹਨ, ਇਹ ਰਾਜ ਦੇ ਕਿਹੜੇ ਕਿਹੜੇ ਖੇਤਰਾਂ ਵਿੱਚ ਪੈਂਦੀਆਂ ਹਨ ਅਤੇ ਇਨ੍ਹਾਂ ਨੂੰ

** For starred Question No. 1924 and reply there to please see Appendix to this Debates.

ਕਦੋਂ ਤੱਕ ਮੁਕੰਮਲ ਤੌਰ ਤੇ ਪੱਕਾ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਸਪੀਕਰ ਸਾਹਿਬ, ਮੇਨ ਬਿਸਤ ਦੁਆਬ ਨਹਿਰ ਦੀ ਕੁੱਲ ਲੰਬਾਈ 43 ਕਿਲੋਮੀਟਰ ਵਿੱਚੋਂ ਲਗਭਗ 28 ਕਿਲੋਮੀਟਰ ਨਹਿਰ ਪੱਕੀ ਹੋ ਚੁੱਕੀ ਹੈ, ਬਾਕੀ ਰਹਿੰਦੀ 15 ਕਿਲੋਮੀਟਰ ਨਹਿਰ ਨੂੰ ਪੱਕਾ ਕਰਨ ਲਈ ਮੌਕੇ ਤੇ ਕੰਮ ਚੱਲ ਰਿਹਾ ਹੈ।

ਡਿਸਟ੍ਰੀਬਿਊਟਰੀਜ਼/ਮਾਈਨਰਾਂ ਦੀ ਕੁੱਲ 757 ਕਿਲੋਮੀਟਰ ਲੰਬਾਈ ਹੈ, ਜਿਸ ਨੂੰ ਪੱਕਾ ਕਰਨ ਦੀ ਤਜਵੀਜ਼ ਹੈ। ਇਸ ਵਿੱਚੋਂ 490 ਕਿਲੋਮੀਟਰ ਵਿੱਚ ਕੰਮ ਹੋ ਚੁੱਕਾ ਹੈ ਅਤੇ 39 ਕਿਲੋਮੀਟਰ ਲੰਬਾਈ ਦੀ ਲਾਈਨਿੰਗ ਦਾ ਕੰਮ ਮੌਕੇ ਤੇ ਚੱਲ ਰਿਹਾ ਹੈ। ਬਾਕੀ ਰਹਿੰਦੀ 228 ਕਿਲੋਮੀਟਰ ਲੰਬਾਈ ਦੀ ਲਾਈਨਿੰਗ ਦਾ ਕੰਮ ਮਾਰਚ, 2021 ਤੱਕ ਮੁਕੰਮਲ ਕਰਨ ਦੀ ਤਜਵੀਜ਼ ਹੈ।

ਇਹ ਡਿਸਟ੍ਰੀਬਿਊਟਰੀਜ਼/ਮਾਈਨਰਾਂ ਪੰਜਾਬ ਦੇ ਜ਼ਿਲ੍ਹਾ ਜਲੰਧਰ ਅਤੇ ਕਪੂਰਥਲਾ ਵਿੱਚ ਪੈਂਦੀਆਂ ਹਨ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ 228 ਕਿਲੋਮੀਟਰ ਲਾਇਨਿੰਗ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ, ਕੀ ਇਸ ਪਰਪੋਜ਼ਲ ਦੇ ਟੈਂਡਰ ਲੱਗ ਗਏ ਹਨ? ਇਹ ਵਿਸ਼ਵਾਸ ਦੇਣਗੇ ਕਿ by the stipulated time, March 2021 ਤੱਕ ਕੀ ਇਹ ਸਾਰੀ ਨਹਿਰ ਮੁਕੰਮਲ ਹੋ ਜਾਵੇਗੀ? ਸਪੀਕਰ ਸਾਹਿਬ, ਦੁਆਬੇ ਦੇ ਸਾਰੇ ਇਲਾਕਿਆਂ ਅਤੇ ਜ਼ਿਲ੍ਹਿਆਂ ਨੂੰ ਇਹ ਨਹਿਰ ਪਾਣੀ ਸਪਲਾਈ ਕਰਦੀ ਹੈ। It is only a feeder canal for the whole of Doaba. ਦੁਆਬੇ ਦਾ Water Table ਬਹੁਤ ਹੀ ਥੱਲੇ ਚਲਾ ਗਿਆ ਹੈ ਤੇ ਤਕਰੀਬਨ two-third of Punjab ਦਾ ਸਾਰਾ ਏਰੀਆ which has come under the dark zone. ਜਦੋਂ ਇਸ ਬਿਸਤ ਦੁਆਬ ਨਹਿਰ ਦੀ ਲਾਇਨਿੰਗ ਦਾ ਕੰਮ ਸ਼ੁਰੂ ਹੋਇਆ ਸੀ, ਉਹ ਸਾਬਕਾ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸ਼ੁਰੂ ਕਰਵਾਇਆ ਸੀ। ਦੁਆਬੇ ਦੇ ਜ਼ਿਲ੍ਹਿਆਂ ਦੀ ਇਹ ਬੜੇ ਲੰਮੇ ਸਮੇਂ ਤੋਂ ਮੰਗ ਹੈ ਕਿ ਇਸ ਨਹਿਰ ਨੂੰ ਪੱਕਾ ਕੀਤਾ ਜਾਵੇ। ਸਪੀਕਰ ਸਾਹਿਬ, ਮੰਤਰੀ ਜੀ ਨੂੰ ਵੀ ਪਤਾ ਹੈ, ਇਹ ਬੜੇ ਸਿਆਣੇ ਹਨ। ਇਸ ਦਾ ਇੱਕ ਹੋਰ ਪ੍ਰੋਜੈਕਟ Command Area Development Authority ਸੀ, ਜਿੱਥੇ ਜਿੱਥੇ ਇਸ ਨਹਿਰ ਦਾ ਪਾਣੀ ਜਾਣਾ ਹੈ, ਉਹ ਸਾਰੇ ਖਾਲੇ ਸਾਫ ਕਰਕੇ ਉਨ੍ਹਾਂ ਖਾਲਿਆਂ ਵਿੱਚ ਪਾਈਪਾਂ ਲੇਅ ਕਰਨੀਆਂ ਹਨ ਤੇ ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਇਹ ਸੀ ਕਿ recharging wells ਇਸ ਕੈਨਾਲ ਦੇ intermittently canal ਦੇ ਨਾਲ

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]

ਲਗਾਉਂਦੇ ਹਾਂ। ਜਿਨ੍ਹਾਂ recharging wells ਦੇ ਰਾਹੀਂ ਜਦੋਂ ਕੈਨਾਲ ਵਿੱਚ ਵਾਧੂ ਪਾਣੀ ਹੁੰਦਾ ਹੈ, ਉਹ ਸਾਰਾ ਪਾਣੀ ਥੱਲੇ ਜਾਵੇਗਾ ਅਤੇ ਆਪਣਾ ground water table recharge ਹੋਵੇਗਾ। ਕੀ ਇਹ ਵੀ ਇਨ੍ਹਾਂ ਦੀ ਤਜ਼ਵੀਜ਼ ਹੈ? ਮੰਤਰੀ ਸਾਹਿਬ ਦੇ ਲਈ ਮੇਰੇ ਦੋ ਸਵਾਲ ਹਨ ਜੀ?

**ਮੰਤਰੀ:** ਸਪੀਕਰ ਸਾਹਿਬ, ਜਿਹੜਾ ਕੰਮ ਚੱਲ ਰਿਹਾ ਹੈ, ਉਹ ਸਾਨੂੰ ਆਸ ਹੈ ਕਿ 31 ਮਾਰਚ ਤੱਕ ਪੂਰਾ ਹੋ ਜਾਣਾ ਹੈ। ਬਾਕੀ ਮੈਂਬਰ ਸਾਹਿਬ, ਜਿਹੜੀ 228 ਕਿਲੋਮੀਟਰ ਦੀ ਗੱਲ ਕਰਦੇ ਹਨ, ਉਸ ਵਿੱਚੋਂ 100 ਕਿਲੋਮੀਟਰ next year ਵਿੱਚ ਕਰਾਂਗੇ। ਜਿਹੜਾ 128 ਕਿਲੋਮੀਟਰ ਦਾ ਏਰੀਆ ਹੈ ਉਹ ਅਗਲੇ ਸਾਲ 2021 ਤੱਕ ਪੂਰਾ ਕਰ ਲਿਆ ਜਾਵੇਗਾ। ਜਿਹੜੀ ਇਹ ਡਿਸਚਾਰਜ ਪਾਣੀ ਦੀ ਗੱਲ ਕਰਦੇ ਹਨ, ਉਸ ਦੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ ਜੀ। ਇਸ ਵੇਲੇ ਤਾਂ ਮੇਰੇ ਕੋਲ ਸਾਰਾ ਲਾਇਨਿੰਗ ਦਾ ਹੀ ਕੰਮ ਹੈ।

**ਮਾਨਯੋਗ ਸਪੀਕਰ:** ਲਾਇਨਿੰਗ ਦਾ ਕੰਮ ਹੈ, ਰੀਚਾਰਜਿੰਗ ਦਾ ਕੰਮ ਹਾਲੇ ਨਹੀਂ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਇਹ ਨਹਿਰ ਬਣੇ ਨੂੰ 25 ਸਾਲ ਹੋ ਗਏ ਹਨ ਪ੍ਰੰਤੂ ਕਈ ਟੇਲਾਂ ਤੇ ਇਸ ਨਹਿਰ ਦਾ ਪਾਣੀ ਗਿਆ ਹੀ ਨਹੀਂ ਹੈ ਕਿਉਂਕਿ ਇਹ ਨਹਿਰ ਬੰਦ ਹੋਣ ਦੇ ਕਿਨਾਰੇ ਪਹੁੰਚ ਗਈ ਸੀ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿੰਨੇ ਵੀ water channels ਸੀ ਉਹ ਲੋਕਾਂ ਨੇ ਵਾਹ ਲਏ ਹਨ ਅਤੇ ਖਾਲੇ ਸਾਰੇ ਬੰਦ ਹੋ ਗਏ ਹਨ। ਜਦੋਂ ਆਪਾਂ ਲਾਇਨਿੰਗ complete ਕਰ ਲਵਾਂਗੇ, ਪਾਣੀ ਦਾ judicious use ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਸਾਰੇ ਖਾਲੇ ਚਾਲੂ ਕਰਵਾਈਏ । ਜੇ ਪਾਈਪਾਂ ਨਹੀਂ ਲੇਅ ਕਰ ਸਕਦੇ ਤਾਂ ਅਸੀਂ ਇਨ੍ਹਾਂ ਨੂੰ ਬੇਨਤੀ ਕਰਦੇ ਹਾਂ ਕਿ ਸੈਂਟਰ ਗੌਰਮਿੰਟ ਦੀ ਸਪੋਰਟ ਲੈ ਲਈ ਜਾਵੇ। ਜਿਹੜਾ CADA (Command Area Development Authority) ਦਾ ਪ੍ਰੋਜੈਕਟ ਹੈ, ਉਹ ਆਪਾਂ ਨੂੰ ਸਾਰੀਆਂ ਨਹਿਰਾਂ ਦੇ ਨਾਲ ਲਾਗੂ ਕਰਨਾ ਪੈਣਾ ਹੈ ਤਾਂ ਹੀ ਪੰਜਾਬ ਬਚੇਗਾ ਨਹੀਂ ਤਾਂ ਪਾਣੀ ਖਤਮ ਹੋ ਜਾਣਾ ਹੈ। ਅੱਜ ਇਸ ਦੀ ਸਭ ਤੋਂ ਜ਼ਿਆਦਾ ਲੋੜ ਹੈ, ਇਹ ਪੰਜਾਬ ਦੇ ਸਾਹਮਣੇ ਬੜਾ ਵੱਡਾ ਚੈਲੰਜ ਹੈ ਕਿ ground water table ਨੂੰ ਬਚਾਉਣਾ ਕਿਵੇਂ ਹੈ ਤੇ surface water ਨੂੰ ਆਪਾਂ ਕਿਵੇਂ ਵਧੀਆ ਤਰੀਕੇ ਨਾਲ ਯੂਟੀਲਾਈਜ਼ ਕਰਨਾ ਹੈ ਤਾਂ ਕਿ ਵੱਧ ਤੋਂ ਵੱਧ ਕੈਨਾਲ ਏਰੀਆ ਇਸ ਥੱਲੇ ਆ ਸਕੇ। ਸੋ, ਮੇਰੀ ਬੇਨਤੀ ਹੈ ਕਿ ਸਾਰੇ ਖਾਲੇ ਸਾਫ ਕਰਵਾ ਦਿਓ ਤੇ CADA ਦਾ ਵੀ ਜੇਕਰ ਹੋ ਸਕਦਾ ਹੈ ਤਾਂ ਉਹ ਵੀ ਕਰਵਾ ਦਿਓ। ਸਪੀਕਰ ਸਾਹਿਬ, ਤੁਹਾਡਾ ਤੇ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ।

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ, ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ। ਜਦੋਂ ਪਿੱਛੇ ਜਿਹੇ ਪਾਣੀ ਘੱਟ ਗਿਆ ਸੀ, ਉਦੋਂ ਜਿਹੜੀਆਂ ਮਾਈਨਰ ਸਨ, ਉਹ ਲੋਕਾਂ ਨੇ ਵਾਹ ਦਿੱਤੀਆਂ ਸਨ। ਹੁਣ ਇੱਥੇ ਲਾਈਨਿੰਗ ਦਾ ਕੰਮ ਚੱਲ ਰਿਹਾ ਹੈ, ਜਿੱਥੇ ਕੋਈ ਮਾਈਨਰ ਜਾਂ ਖਾਲ ਢੱਠਾ ਹੈ, ਉਸ ਦਾ ਕੰਮ ਅਸੀਂ ਕਰਵਾ ਰਹੇ ਹਾਂ। ਕਈ ਪਿੰਡਾਂ ਵਾਲੇ ਲੋਕ ਹੀ ਇਹ ਖਾਲੇ ਨਹੀਂ ਬਣਾਉਣਾ ਚਾਹੁੰਦੇ ਕਿਉਂਕਿ ਉਹ ਲੋੜ ਹੀ ਨਹੀਂ ਸਮਝਦੇ। ਪ੍ਰੰਤੂ ਫਿਰ ਵੀ ਜਿੱਥੇ ਵੀ ਸਾਡੇ ਧਿਆਨ ਵਿੱਚ ਆਵੇਗਾ, ਸਾਡਾ ਡਿਪਾਰਟਮੈਂਟ ਉਸ ਨੂੰ ਕੰਪਲੀਟ ਕਰੇਗਾ ਅਤੇ ਜਿੱਥੇ ਵੀ ਕੋਈ ਇਸ ਕਿਸਮ ਦੀ ਕੰਪਲੇਂਟ ਆਉਂਦੀ ਹੈ, ਉੱਥੇ ਅਸੀਂ ਜ਼ਰੂਰ ਕੰਮ ਕੰਪਲੀਟ ਕਰਵਾ ਦਿਆਂਗੇ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਗੁਰਪ੍ਰਤਾਪ ਸਿੰਘ ਜੀ ਦਾ ਸਵਾਲ ਵਧੀਆ ਹੈ। ਬੜੀ ਦੇਰ ਤੋਂ ਇਸ ਨਹਿਰ ਤੇ ਕੰਮ ਚੱਲ ਰਿਹਾ ਹੈ। ਅਕਾਲੀਆਂ ਨੇ ਵੀ ਚਾਰ-ਪੰਜ ਸਾਲ ਕੰਮ ਚਲਾਈ ਰੱਖਿਆ ਅਤੇ ਦੋ ਸਾਲ ਸਾਡੀ ਸਰਕਾਰ ਨੂੰ ਹੋ ਗਏ ਹਨ। ਗੁਰਪ੍ਰਤਾਪ ਜੀ ਨੇ ਵਾਟਰ ਰੀਚਾਰਜਿੰਗ ਦੀ ਗੱਲ ਕੀਤੀ ਹੈ। ਪਹਿਲਾ ਨੁਕਸ ਇਸ ਵਿੱਚ ਇਹੀ ਹੈ। ਬਿਸਤ ਦੁਆਬ ਵਿੱਚ ਡਿਸਟ੍ਰੀਬਿਊਟਰੀਜ਼ ਨਹੀਂ ਹਨ। ਜਦੋਂ ਇਹ ਨਹਿਰ ਬਣੀ, ਉਸ ਵੇਲੇ ਜਿਹੜੀਆਂ ਡਿਸਟ੍ਰੀਬਿਊਟਰੀਜ਼ ਸਨ, ਉਹ ਕੈਨਾਲ ਦੀ ਕੈਪਾਸਟੀ ਦੇ ਮੁਤਾਬਕ ਹੀ ਨਹੀਂ ਸਨ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਨਹਿਰ ਸੀਜ਼ਨਲ ਹੈ।ਇਸ ਦੀ ਪੈਰੀਨੀਅਲ ਅੱਜ ਤੱਕ ਡਿਕਲੇਅਰ ਨਹੀਂ ਕੀਤੀ ਗਈ। ਸਪੀਕਰ ਸਾਹਿਬ, ਦੁਆਬੇ ਨੂੰ ਪਾਣੀ ਦਾ ਪੂਰਾ ਹੱਕ ਨਹੀਂ ਮਿਲਿਆ, ਤੁਹਾਨੂੰ ਵੀ ਨਹੀਂ ਮਿਲਿਆ। ਸਪੀਕਰ ਸਾਹਿਬ, ਤੁਸੀਂ ਇੱਥੇ ਬੈਠੇ ਹੋ, ਕੁਝ ਕਰੋ। ਗੱਲ ਇਹ ਹੈ ਕਿ ਦਸਮੇਸ਼ ਕਨਾਲ ਡਿਕਲੇਅਰ ਕੀਤੀ ਗਈ ਜੋ ਕਿ ਐਸ.ਵਾਈ.ਐਲ. ਦੇ ਨਾਲ ਬਣਨੀ ਸੀ। ਸਾਡਾ ਰੌਲਾ ਪੰਜਾਬ ਨਾਲ, ਦੁਆਬੇ ਨਾਲ ਜਾਂ ਤੁਹਾਡੇ ਇਲਾਕੇ ਜਾਂ ਕੰਡੀ ਏਰੀਏ ਨਾਲ ਨਹੀਂ ਹੈ। ਸਾਡਾ ਰੌਲਾ ਤਾਂ ਹਰਿਆਣੇ ਨਾਲ ਹੈ। ਦਸਮੇਸ਼ ਕਨਾਲ ਕਿਉਂ ਨਹੀਂ ਬਣਾਈ ਜਾਂਦੀ? ਇਹ ਕਨਾਲ ਬਣਨੀ ਚਾਹੀਦੀ ਹੈ। ਕੰਡੀ ਦੇ ਲੋਕਾਂ ਕੋਲ ਪੀਣ ਲਈ ਪਾਣੀ ਨਹੀਂ ਹੈ ਜਦੋਂ ਕਿ ਸਾਰੇ ਦਰਿਆ ਦੁਆਬੇ ਵਿੱਚੋਂ ਹੋ ਕੇ ਜਾਂਦੇ ਹਨ। ਸਾਨੂੰ ਸਿਰਫ ਸਾਢੇ 7% ਪਾਣੀ ਦਿੱਤਾ ਜਾਂਦਾ ਹੈ ਜਦ ਕਿ ਸਾਡੀ ਧਰਤੀ 19% ਹੈ। ਸਪੀਕਰ ਸਾਹਿਬ, ਇਸ ਦਾ ਫੈਸਲਾ ਕਰੋ। ਜੇਕਰ ਅਸੀਂ ਭਰਾ ਹੀ ਆਪਸ ਵਿੱਚ ਸਹੀ ਵੰਡ ਨਹੀਂ ਕਰ ਸਕਦੇ ਤਾਂ ਅਸੀਂ ਹਰਿਆਣੇ ਨਾਲ ਕੀ ਕਰਾਂਗੇ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਾਟਰ ਰੀਚਾਰਜਿੰਗ ਦੀ ਲੋੜ ਹੈ।ਸਭ ਤੋਂ ਜ਼ਿਆਦਾ ਬੇੜਾ ਗਰਕ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਤੁਹਾਡੇ ਰਾਜ ਵਿੱਚ ਹੀ

ਹੋਇਆ ਹੈ। ਤੁਸੀਂ ਨਹਿਰ ਥੱਲਿਉਂ ਪੱਕੀ ਕਰਵਾ ਦਿੱਤੀ, ਜਿਸ ਕਾਰਨ ਪਾਣੀ ਰੀਚਾਰਜ ਹੀ ਨਹੀਂ ਹੋ ਰਿਹਾ ਕਿਉਂਕਿ ਪੱਕੀ ਨਹਿਰ ਵਿੱਚ ਪਾਣੀ ਰੀਚਾਰਜ ਨਹੀਂ ਹੋ ਸਕਦਾ।

ਇੱਕ ਹੋਰ ਸਪਲੀਮੈਂਟਰੀ ਜੀ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕੁਝ ਦੱਸਣਾ ਵੀ ਚਾਹੁੰਦਾ ਹਾਂ ਤੇ ਕੁਝ ਪੁੱਛਣਾ ਵੀ ਚਾਹੁੰਦਾ ਹਾਂ। ਇਸ ਦੀ ਕਪੈਸਿਟੀ ਚੈੱਕ ਕਰਵਾਉ।

**ਮਾਨਯੋਗ ਸਪੀਕਰ :** ਹੁਣ ਪੁੱਛ ਲਵੋ ਕੁਝ। (ਹਾਸਾ)

**ਰਾਣਾ ਗੁਰਜੀਤ ਸਿੰਘ :** ਸਰ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਨਹਿਰ ਦੀ ਜਿਹੜੀ ਕਪੈਸਿਟੀ ਹੈ, ਮਤਲਬ ਜਿੰਨਾ ਪਾਣੀ ਸਾਨੂੰ ਐਲੋਕੇਟਿਡ ਹੈ, ਕੀ ਇਹ ਨਹਿਰ ਉਸ ਨੂੰ ਲੈ ਕੇ ਜਾਂਦੀ ਹੈ ਜਾਂ ਨਹੀਂ? ਇਹ ਮੰਤਰੀ ਜੀ ਦੱਸਣ, ਜਾਂ ਫਿਰ ਅਗਲੀ ਵਾਰ ਸਾਨੂੰ ਰਿਪੋਰਟ ਭੇਜ ਦੇਣ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਸਪਲੀਮੈਂਟਰੀ।

**ਮਾਨਯੋਗ ਸਪੀਕਰ :** ਜਵਾਬ ਆ ਲੈਣ ਦਿਉ। ਉਨ੍ਹਾਂ ਨੇ ਤੁਹਾਡੀ ਹੀ ਗੱਲ ਕੀਤੀ ਹੈ। (ਵਿਘਨ) ਵਡਾਲਾ ਜੀ ਦੀ ਗੱਲ ਸੁਣ ਲਈਏ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਮੈਂ ਰਾਣਾ ਜੀ ਦਾ ਡਾਊਟ ਕਲੀਅਰ ਕਰਨਾ ਚਾਹੁੰਦਾ ਹਾਂ ਕਿ ਇਸ ਨਹਿਰ ਦੀ ਕੰਕਰੀਟ ਲਾਈਨਿੰਗ ਹੋ ਗਈ ਸੀ। ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਦੀ ਸਰਕਾਰ ਨੇ ਬੜੇ ਮਾਡਰਨ ਤਰੀਕੇ ਨਾਲ ਇਸ ਦੀ ਲਾਈਨਿੰਗ ਸ਼ੁਰੂ ਕੀਤੀ ਸੀ। ਅੱਗੇ ਸਾਰੀਆਂ ਕੈਨਾਲਾਂ ਦੀ ਬਰਿੱਕ ਲਾਈਨਿੰਗ ਹੋਈ ਹੈ like we have seen in the US and developed parts of the world. ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਕਰਵਾਈ ਸੀ। ਰਾਣਾ ਜੀ, ਇੱਕ ਸਾਲ ਵਿੱਚ ਤਕਰੀਬਨ 490 ਕਿਲੋਮੀਟਰ ਨਹਿਰ ਬਾਦਲ ਸਾਹਿਬ ਨੇ ਪੱਕੀ ਕਰਵਾ ਦਿੱਤੀ ਸੀ।ਇਹ ਕੰਮ 2016 ਵਿੱਚ ਸ਼ੁਰੂ ਹੋਇਆ ਸੀ, ਤੁਹਾਨੂੰ ਵੀ ਪਤਾ ਹੈ। ਹੁਣ ਦੋ ਸਾਲ ਹੋ ਗਏ ਹਨ, ਆਪਾਂ ਵੀ ਥੋੜ੍ਹਾ ਜਿਹਾ ਧੱਕਾ ਲਗਾ ਦੇਈਏ। ਅਗਲੀ ਗੱਲ ਜਿਹੜੀ ਇਨ੍ਹਾਂ ਨੇ ਕਹੀ ਹੈ ਕਿ ਇਸ ਦਾ ਫਲੋਰ ਪੱਕਾ ਨਹੀਂ ਹੈ, ਇਸ ਦਾ ਫਲੋਰ ਕੱਚਾ ਹੈ, ਇਹ ਕੱਚਾ ਇਸ ਲਈ ਰੱਖਿਆ ਹੈ ਤਾਂ ਕਿ ਕੱਚੇ ਫਰਸ਼ ਨਾਲ ਪਾਣੀ ਰੀਚਾਰਜ ਹੁੰਦਾ ਰਹੇ। ਨਹਿਰ ਦਾ ਫਲੋਰ ਪੱਕਾ ਨਹੀਂ ਹੈ, ਰਾਣਾ ਸਾਹਿਬ। ਮੈਂ ਇਹੀ ਗੱਲ ਕਲੀਅਰ ਕਰਨੀ ਚਾਹੁੰਦਾ ਸੀ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਗੁਰਪ੍ਰਤਾਪ ਜੀ ਅੱਧਾ ਸੱਚ ਬੋਲ ਰਹੇ ਹਨ ਅਤੇ ਅੱਧਾ ਝੂਠ। ਗੱਲ ਇਹ ਹੈ ਕਿ ਜਿਹੜੀਆਂ ਡਿਸਟ੍ਰੀਬਿਊਟਰੀਅਜ਼ ਹਨ, ਤੁਸੀਂ ਖੁਦ ਜਾ ਕੇ, ਲਾਡੀ ਸ਼ੇਰੋਵਾਲੀਆ ਦੇ ਹਲਕੇ ਵਿਚ, ਨਕੋਦਰ ਦੇ ਹਲਕੇ ਵਿਚ ਪਤਾ ਕਰੋ ਕਿ ਉੱਥੇ ਡਿਸਟ੍ਰੀਬਿਊਟਰੀਜ਼ ਕੱਚੀਆਂ ਹਨ ਜਾਂ ਪੱਕੀਆਂ?

**ਮਾਨਯੋਗ ਸਪੀਕਰ :** ਇਹ ਜਵਾਬ ਮੰਤਰੀ ਜੀ ਤੋਂ ਲੈ ਲੈਂਦੇ ਹਾਂ।

**ਮੰਤਰੀ :** ਮੈਂ ਰਾਣਾ ਜੀ ਦਾ ਪਹਿਲਾ ਜਵਾਬ ਤਾਂ ਦੇ ਲਵਾਂ, ਜਿਹੜਾ ਇਨ੍ਹਾਂ ਨੇ ਗੱਲ ਕੀਤੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਹਰਦੇਵ ਸਿੰਘ ਲਾਡੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਬੈਠੋ, ਲਾਡੀ ਜੀ।

**ਮੰਤਰੀ :** ਇਨ੍ਹਾਂ ਨੇ ਪਹਿਲਾਂ ਦੋ ਗੱਲਾਂ ਪੁੱਛੀਆਂ ਸਨ, ਇੱਕ ਤਾਂ ਇਨ੍ਹਾਂ ਨੇ ਕਿਹਾ ਸੀ ਕਿ 7-8 ਸਾਲ ਕੰਮ ਸ਼ੁਰੂ ਹੋਏ ਨੂੰ ਹੋ ਗਏ ਹਨ। ਇਹ ਵਡਾਲਾ ਸਾਹਿਬ ਨੇ ਵੀ ਦੱਸ ਦਿੱਤਾ ਹੈ ਕਿ 2015-16 ਵਿੱਚ ਇਹ ਕੰਮ ਸ਼ੁਰੂ ਕੀਤਾ ਗਿਆ ਸੀ, ਉਸ ਤੋਂ ਪਹਿਲਾਂ ਸ਼ੁਰੂ ਨਹੀਂ ਸੀ ਹੋਇਆ। ਦੂਜੀ ਜਿਹੜੀ ਸਮਰੱਥਾ ਇਨ੍ਹਾਂ ਨੇ ਪੁੱਛੀ ਹੈ, ਉਹ 1452 ਕਿਊਸਿਕ ਹੈ। ਪਿਛਲੇ ਸਾਲ ਇਸ ਵਿੱਚ ਪੂਰਾ ਪਾਣੀ ਛੱਡ ਕੇ ਵੇਖ ਲਿਆ ਸੀ। ਜਿੰਨੀ ਸਮਰੱਥਾ ਹੈ, ਉਸ ਨੇ ਪਾਣੀ ਝੱਲਿਆ ਹੈ।

**ਰਾਣਾ ਗੁਰਜੀਤ ਸਿੰਘ:** ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ। (ਵਿਘਨ..ਸ਼ੋਰ) ਨਾ ਤਾਂ ਕੰਢੀ ਏਰੀਏ ਵਿੱਚ ਦਸ਼ਮੇਸ਼ ਕਨਾਲ ਬਾਰੇ ਸਵਾਲ ਦਾ ਜਵਾਬ ਦਿੱਤਾ ਹੈ ਅਤੇ ਨਾ ਹੀ ਦੁਆਬੇ ਦੇ ਪਾਣੀ ਬਾਰੇ ਕੀਤੇ ਸਵਾਲ ਦਾ ਜਵਾਬ ਦਿੱਤਾ ਹੈ। ਸਾਡੀ ਧਰਤੀ 19% ਹੈ ਜਦੋਂ ਕਿ ਸਾਨੂੰ ਸਿਰਫ 7% ਜਾਂ 7 ½ % ਪਾਣੀ ਦਿੱਤਾ ਜਾਂਦਾ ਹੈ।

**ਮਾਨਯੋਗ ਸਪੀਕਰ:** ਤੁਹਾਡਾ ਇਸ ਤੇ ਵੱਖਰਾ ਸਵਾਲ ਲੱਗਿਆ ਹੋਇਆ ਹੈ।

**ਰਾਣਾ ਗੁਰਜੀਤ ਸਿੰਘ:** ਠੀਕ ਹੈ ਜੀ।

----

## ਬਿਜਲੀ ਵਿਭਾਗ ਦੇ ਰਿਟਾਇਰਡ ਮੁਲਾਜ਼ਮਾਂ ਦੇ ਡੀ.ਏ. ਦੀਆਂ ਕਿਸ਼ਤਾਂ ਸਬੰਧੀ

*__1795. ਸ਼੍ਰੀ ਅੰਗਦ ਸਿੰਘ:__ ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਬਿਜਲੀ ਵਿਭਾਗ ਦੇ ਜੋ ਕਰਮਚਾਰੀ ਰਿਟਾਇਰ ਹੋ ਗਏ ਹਨ, ਉਹਨਾਂ ਦੀਆਂ ਡੀ.ਏ. ਦੀਆਂ ਕਿਸ਼ਤਾਂ ਪੈਂਡਿੰਗ ਹਨ,

(ਅ) ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਅਦਾ ਕਰ ਦਿੱਤੀਆਂ ਜਾਣਗੀਆਂ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** (ੳ) ਨਹੀਂ ਜੀ। ਪੱਤਰ ਮਿਤੀ 14.02.2019 ਰਾਹੀਂ ਪੰਜਾਬ ਸਰਕਾਰ ਦੁਆਰਾ ਮਿਤੀ 01.02.2019 ਤੋਂ ਮੌਜੂਦਾ ਡੀ.ਏ. ਰੇਟ 132% ਤੋਂ ਵਧਾ ਕੇ 138% ਕਰ ਦਿੱਤਾ ਗਿਆ ਹੈ। ਇਸ ਅਨੁਸਾਰ ਬਿਜਲੀ ਵਿਭਾਗ ਅਧੀਨ ਆਉਂਦੀਆਂ ਕਾਰਪੋਰੇਸ਼ਨਾਂ ਦੇ ਪੈਨਸ਼ਨਰਜ਼ ਨੂੰ ਵਾਧੂ 6% ਡੀ.ਏ. ਜਾਰੀ ਕਰ ਦਿੱਤਾ ਹੈ।

(ਅ) ਵਾਧੂ 6% ਡੀ.ਏ. ਦੀ ਅਦਾਇਗੀ ਫਰਵਰੀ, 2019 ਦੀ ਪੈਨਸ਼ਨ ਨਾਲ ਕਰ ਦਿੱਤੀ ਜਾਵੇਗੀ।

**ਸ਼੍ਰੀ ਅੰਗਦ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਾਫੀ ਲੰਮੇ ਸਮੇਂ ਦੇ ਜਿਹੜੇ ਡਿਊਜ਼ ਪੈਂਡਿੰਗ ਸਨ, ਉਹ ਕਲੀਅਰ ਕਰ ਦਿੱਤੇ ਹਨ। ਇਨ੍ਹਾਂ ਦਾ ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ:** ਪਿਰਮਲ ਸਿੰਘ ਜੀ, ਦੱਸੋ ਕੀ ਕਹਿਣਾ ਹੈ।

**ਸਰਦਾਰ ਪਿਰਮਲ ਸਿੰਘ ਧੌਲਾ:** ਸਪੀਕਰ ਸਾਹਿਬ, ਕਿਉਂਕਿ ਇਹ ਬਿਜਲੀ ਮਹਿਕਮੇ ਨਾਲ ਸਬੰਧਿਤ ਸਵਾਲ ਹੈ, ਇਸ ਲਈ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਲੰਮੇ ਸਮੇਂ ਤੋਂ ਬੇਰੁਜ਼ਗਾਰ ਲਾਈਨਮੈਨ ਆਪਣੇ ਰੁਜ਼ਗਾਰ ਦੀ ਮੰਗ ਕਰ ਰਹੇ ਹਨ ਅਤੇ ਅੱਜ ਉਹ ਮੁੱਖ ਮੰਤਰੀ ਸਾਹਿਬ ਦੇ ਸ਼ਹਿਰ ਪਟਿਆਲੇ ਵਿੱਚ ਟੈਂਕੀਆਂ ਦੇ ਉੱਪਰ ਚੜ੍ਹੇ ਹੋਏ ਹਨ ।

**ਮਾਨਯੋਗ ਸਪੀਕਰ:** ਇਸ ਬਾਰੇ ਵੱਖਰਾ ਸਵਾਲ ਦਿਓ।

**ਸਰਦਾਰ ਪਿਰਮਲ ਸਿੰਘ ਧੌਲਾ:** ਵੱਖਰਾ ਸਵਾਲ ਨਹੀਂ ਜੀ। ਇਹ ਇਸ ਦੇ ਨਾਲ ਹੀ ਸਬੰਧਿਤ ਹੈ।

**ਮਾਨਯੋਗ ਸਪੀਕਰ:** ਅਗਲਾ ਸਵਾਲ। (ਵਿਘਨ...ਸ਼ੋਰ) ਚੰਦੂਮਾਜਰਾ ਜੀ, ਕੀ ਤੁਸੀਂ ਆਪਣਾ ਸਵਾਲ ਪੁੱਛਣਾ ਹੈ? ਜੇ ਪੁੱਛਣਾ ਹੈ ਤਾਂ ਪੁੱਛੋ ਨਹੀਂ ਤਾਂ ਮੈਂ ਅਗਲਾ ਸਵਾਲ ਲੈ ਲਵਾਂਗਾ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਮਾਈਕ ਆਨ ਹੋਵੇਗਾ ਤਾਂ ਹੀ ਪੁੱਛਾਂਗਾ ਜੀ।

**ਮਾਨਯੋਗ ਸਪੀਕਰ:** ਤੁਹਾਡਾ ਮਾਈਕ ਆਲਰੇਡੀ ਆਨ ਹੈ।(ਵਿਘਨ...ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਪਿਰਮਲ ਸਿੰਘ ਧੌਲਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ** ** ਬੋਲ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ, ਵੱਖਰਾ ਸਵਾਲ ਬਣਦਾ ਹੈ।

----

## ਪਸ਼ੂ ਪਾਲਣ ਵਿਭਾਗ ਵਿੱਚ ਵੈਟਰਨਰੀ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ

***1825. 1. ਸ਼੍ਰੀ ਅਮਨ ਅਰੋੜਾ**

**2. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪਸ਼ੂ ਪਾਲਣ ਵਿਭਾਗ ਅਧੀਨ ਰਾਜ ਦੇ ਪਸ਼ੂ ਹਸਪਤਾਲਾਂ/ ਡਿਸਪੈਂਸਰੀਆਂ ਵਿੱਚ 31-12-2018 ਤੱਕ ਡਾਕਟਰਾਂ ਅਤੇ ਹੋਰ ਲੋੜੀਂਦੇ ਸਟਾਫ ਦੀਆਂ ਕੁੱਲ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਸਨ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ (ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਪਿਰਮਲ ਸਿੰਘ ਧੌਲਾ ਵੱਲ ਇਸ਼ਾਰਾ) ਨੂੰ ਚੁੱਪ ਕਰਵਾ ਦਿਓ ਜੀ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

** Not recorded as ordered by the Chair.

**ਮਾਨਯੋਗ ਸਪੀਕਰ :** ਮੰਤਰੀ ਜੀ, ਤੁਸੀਂ ਬੋਲੋ ਜੀ, ਬੋਲੋ।

**ਮੰਤਰੀ:** (ੳ) ਪਸ਼ੂ ਪਾਲਣ ਵਿਭਾਗ ਅਧੀਨ ਰਾਜ ਦੇ ਪਸ਼ੂ ਹਸਪਤਾਲਾਂ/ ਡਿਸਪੈਂਸਰੀਆਂ ਵਿੱਚ 31-12-2018 ਤੱਕ ਡਾਕਟਰਾਂ ਅਤੇ ਲੋੜੀਂਦੇ ਸਟਾਫ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਅਸਾਮੀ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ | ਖਾਲੀ ਅਸਾਮੀਆਂ ਦੀ ਗਿਣਤੀ |
|---|---|---|
| ਵੈਟਰਨਰੀ ਅਫਸਰ | 1423 | 400 |
| ਵੈਟਰਨਰੀ ਇੰਸਪੈਕਟਰ | 2006 | 450 |
| ਦਰਜਾ ਚਾਰ | 2549 | 763 |

(ਅ) ਹਾਂ ਜੀ। ਉਪਰੋਕਤ ਭਾਗ (ੳ) ਵਿੱਚ ਵਰਣਿਤ ਵੈਟਰਨਰੀ ਅਫਸਰਾਂ ਦੀਆਂ ਖਾਲੀ ਪਈਆਂ 400 ਖਾਲੀ ਅਸਾਮੀਆਂ ਵਿੱਚੋਂ 117 ਅਸਾਮੀਆਂ ਨੂੰ ਭਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਤਜਵੀਜ਼ ਭੇਜੀ ਜਾ ਚੁੱਕੀ ਹੈ ਅਤੇ ਉਹਨਾਂ ਵੱਲੋਂ ਸਿਲੈਕਟ ਕੀਤੇ ਉਮੀਦਵਾਰਾਂ ਸਬੰਧੀ ਸਿਫਾਰਸ਼ ਪ੍ਰਾਪਤ ਹੋਣ ਤੇ ਇਹ ਖਾਲੀ ਅਸਾਮੀਆਂ ਭਰ ਲਈਆਂ ਜਾਣਗੀਆਂ। ਬਾਕੀ ਉਪਰੋਕਤ ਵਰਣਿਤ ਖਾਲੀ ਅਸਾਮੀਆਂ ਨੂੰ ਪੂਰੀ ਵਿਧੀ ਨਾਲ ਭਰਨ ਲਈ ਕਦਮ ਚੁੱਕੇ ਜਾ ਰਹੇ ਹਨ। (ਵਿਘਨ..ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਪਿਰਮਲ ਸਿੰਘ ਧੌਲਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਚੀਮਾ ਸਾਹਿਬ, ਤੁਸੀਂ ਕੀ ਕਹਿਣਾ ਹੈ? ਸਿੱਧੂ ਸਾਹਿਬ, ਇੱਕ ਮਿੰਟ ਜ਼ਰਾ। ਚੀਮਾ ਸਾਹਿਬ, ਦੱਸੋ ਕੀ ਕਹਿਣਾ ਹੈ? ਪਿਰਮਲ ਜੀ, ਤੁਸੀਂ ਵੱਖਰਾ ਸਵਾਲ ਕਿਉਂ ਨਹੀਂ ਦਿੱਤਾ ਹੈ?

**ਸਰਦਾਰ ਪਿਰਮਲ ਸਿੰਘ ਧੌਲਾ:** ਮੈਂ ਦਿੱਤਾ ਹੈ ਜੀ।

**ਮਾਨਯੋਗ ਸਪੀਕਰ:** ਸਵਾਲ ਲੱਗਿਆ ਨਹੀਂ ਹੈ।

**ਸਰਦਾਰ ਪਿਰਮਲ ਸਿੰਘ ਧੌਲਾ:** ਮੇਰਾ ਕੋਈ ਸਵਾਲ ਨਹੀਂ ਲੱਗਿਆ ਹੈ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਦਾ ਇਹੀ ਸਵਾਲ ਹੈ ਕਿ ਕੀ ਕੋਈ ਭਰਤੀ ਪ੍ਰਕਿਰਿਆ ਚੱਲ ਰਹੀ ਹੈ? ਮੰਤਰੀ ਸਾਹਿਬ ਨੂੰ ਇਹ ਤਾਂ ਪਤਾ ਹੀ ਹੋਣਾ ਹੈ। ਇਹ ਸਿੰਪਲ ਜਿਹੀ ਗੱਲ ਹੈ, ਮੰਤਰੀ ਜੀ ਇਸਦਾ ਜਵਾਬ ਦੇ ਦੇਣ।

**ਮਾਨਯੋਗ ਸਪੀਕਰ:** ਇਹ ਸਵਾਲ ਡੀ.ਏ. ਨਾਲ ਸਬੰਧਿਤ ਹੈ। ਇਹ ਸਵਾਲ ਭਰਤੀ ਪ੍ਰਕਿਰਿਆ ਨਾਲ ਸਬੰਧਿਤ ਨਹੀਂ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਤੁਹਾਡੀ ਗੱਲ ਠੀਕ ਹੈ ਪਰ ਸਵਾਲ ਇਹ ਹੈ ਕਿ ਲਾਈਨਮੈਨਾਂ ਦੀ ਭਰਤੀ ਚਲ ਰਹੀ ਹੈ ਜਾਂ ਨਹੀਂ? ਇਹ ਤਾਂ ਮੰਤਰੀ ਸਾਹਿਬ ਨੂੰ ਪਤਾ ਹੀ ਹੋਣਾ ਹੈ।

**ਮਾਨਯੋਗ ਸਪੀਕਰ:** ਤੁਸੀਂ ਵੱਖਰਾ ਸਵਾਲ ਦਿਓ। ਚੀਮਾ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ। ਤੁਸੀਂ ਸਵਾਲ ਦਿਓ ਜਾਂ ਕਾਲ ਅਟੈਨਸ਼ਨ ਦਿਓ, ਕੁਝ ਦਿਓ ਤਾਂ ਸਹੀ। ਤੁਸੀਂ ਕੁਝ ਦਿੰਦੇ ਹੀ ਨਹੀਂ ਹੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਲਾਈਨਮੈਨ ਧਰਨਿਆਂ ਤੇ ਬੈਠੇ ਹਨ, ਟੈਂਕੀਆਂ ਤੇ ਚੜ੍ਹੇ ਹੋਏ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਪਿਰਮਲ ਸਿੰਘ ਧੌਲਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਕਾਂਗੜ ਜੀ, ਤੁਸੀਂ ਕੁਝ ਕਹਿਣਾ ਹੈ? (ਵਿਘਨ..ਸ਼ੋਰ) ਬੈਠੋ ਜੀ ਬੈਠੋ, ਇਸ ਤਰ੍ਹਾਂ ਕੰਮ ਨਹੀਂ ਚਲਦਾ ਹੈ, ਇਸ ਤਰ੍ਹਾਂ ਨਹੀਂ ਚੱਲੇਗਾ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਇਹ (ਸਰਦਾਰ ਪਿਰਮਲ ਸਿੰਘ ਧੌਲਾ ਵੱਲ ਇਸ਼ਾਰਾ) ਪ੍ਰਸ਼ਨ ਕਾਲ ਤੋਂ ਬਾਅਦ ਜ਼ੀਰੋ ਆਵਰ ਵਿੱਚ ਆਪਣੀ ਗੱਲ ਕਰ ਲੈਣ। (ਵਿਘਨ..ਸ਼ੋਰ)

**ਊਰਜਾ ਮੰਤਰੀ :** ਸਪੀਕਰ ਸਾਹਿਬ, ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਬੜਾ ਜ਼ੋਰ ਲਗਾਇਆ ਹੈ, ਬੜੀਆਂ ਬਾਂਹਾਂ ਮਾਰੀਆਂ ਹਨ। ਇਹ ਐਮ.ਐਲ.ਏ. ਬਣਨ ਤੋਂ ਪਹਿਲਾਂ ਬਿਜਲੀ ਬੋਰਡ ਵਿੱਚ ਸਨ ਪਰ ਅੱਜ ਇਹ ਅਖਬਾਰ ਦੀ ਖਬਰ ਬਣਾਉਣੀ ਚਾਹੁੰਦੇ ਹਨ ਕਿ ਮੈਂ ਲਾਈਨਮੈਂਨਾਂ ਦੀ ਭਰਤੀ ਕਰਵਾ ਕੇ ਆਇਆ ਹਾਂ।ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 8 ਮਹੀਨਿਆਂ ਦੇ ਵਿੱਚ ਸਾਰੇ ਡਿਪਾਰਟਮੈਂਟਾਂ ਨਾਲੋਂ ਬਿਜਲੀ ਬੋਰਡ ਵਿੱਚ ਵੱਧ ਭਰਤੀ ਹੋਈ ਹੈ ਔਰ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ, ਸਾਡੇ ਮੈਂਬਰ ਸਾਹਿਬ ਨੂੰ ਪਤਾ ਵੀ ਹੈ ਕਿਉਂਕਿ ਇਹ ਉਸ ਮਹਿਕਮੇ ਨਾਲ ਸਬੰਧ ਰੱਖਦੇ ਹਨ। ਇਨ੍ਹਾਂ ਨੂੰ ਪਤਾ ਹੈ ਕਿ ਅਸੀਂ 3500 ਹੋਰ ਲਾਈਨਮੈਨ ਭਰਤੀ ਕਰਨ ਜਾ ਰਹੇ ਹਾਂ। ਜਿਹੜੀ ਗੱਲ ਅੱਜ ਇਹ ਕਹਿੰਦੇ ਹਨ ਕਿ ਲਾਈਨਮੈਨ ਬਿਲਡਿੰਗਾਂ ਤੇ ਚੜ੍ਹੀ ਫਿਰਦੇ ਹਨ, ਉਨ੍ਹਾਂ ਦਾ ਕੰਮ ਵੀ ਪਾਈਪ-ਲਾਈਨ ਵਿੱਚ ਹੈ। ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਹੋ ਚੁੱਕੀ ਹੈ, ਅਸੀਂ ਉਨ੍ਹਾਂ ਦਾ ਕੇਸ ਕੰਸਿਡਰ ਕਰਨ ਲੱਗੇ ਹਾਂ। ਇਹ ਤਾਂ ਅੱਜ ਸਿਰਫ ਕਰੈਡਿਟ ਲੈਣਾ ਚਾਹੁੰਦੇ ਹਨ ਕਿ ਮੈਂ ਰੌਲਾ ਪਾਇਆ ਸੀ ਤਾਂ ਇਹ ਗੱਲ ਹੋਈ ਹੈ। ਸੋ, ਮੇਰੀ ਬੇਨਤੀ ਹੈ ਕਿ ਇਹ ਅਖਬਾਰਾਂ ਦੀਆਂ ਖਬਰਾਂ ਨਾ ਬਣਾਓ। ਇਹ ਕੈਪਟਨ ਅਮਰਿੰਦਰ ਸਿੰਘ ਜੀ ਦੀ ਜ਼ਿੰਮੇਵਾਰ ਸਰਕਾਰ ਹੈ। ਅਸੀਂ ਆਪਣੇ ਆਪ ਭਰਤੀ ਵੀ ਕਰਾਂਗੇ ਅਤੇ ਨੌਕਰੀਆਂ ਵੀ ਦੇਵਾਂਗੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਢੀਂਡਸਾ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਜਿਹੜਾ ਡੀ.ਏ. ਦਾ ਸਵਾਲ ਹੈ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਕਿੰਨੀ ਵਾਰ ਤੁਹਾਨੂੰ ਲਿਖ ਕੇ ਵੀ ਦੇ ਚੁੱਕਾ ਹਾਂ।

**ਮਾਨਯੋਗ ਸਪੀਕਰ:** ਡੀ.ਏ. ਦਾ ਸਵਾਲ ਤਾਂ ਹੋ ਗਿਆ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਨਹੀਂ ਜੀ।ਸਰ, ਉਹੀ ਚੱਲ ਰਿਹਾ ਹੈ ਜੀ, ਇਹ ਉਹੀ ਹੈ ਜੀ।

**ਮਾਨਯੋਗ ਸਪੀਕਰ:** ਨਹੀਂ, ਨਹੀਂ ਉਹ ਪ੍ਰਸ਼ਨ ਤਾਂ ਹੋ ਗਿਆ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੇਰੀ ਇੱਕ ਗੱਲ ਤਾਂ ਸੁਣ ਲਓ।

**ਮਾਨਯੋਗ ਸਪੀਕਰ:** ਨਹੀਂ ਜੀ, ਇਨ੍ਹਾਂ ਦੀ ਇੱਕ ਕਲੈਰੀਫਿਕੇਸ਼ਨ ਸੀ। ਤੁਸੀਂ ਹਰ ਗੱਲ ਵਿੱਚ ਜ਼ਿੱਦ ਨਾ ਕਰਿਆ ਕਰੋ। You are very much present in the House, ਢੀਂਡਸਾ ਸਾਹਿਬ, you are very much present in the House. You can raise it at a proper time. Now he has sought for some clarity, ਹੁਣ ਉਨ੍ਹਾਂ ਦੀ ਕਲੈਰਿਟੀ ਦਾ ਜਵਾਬ ਆ ਗਿਆ। You need not interfere now.

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਇਹ ਕਲੈਰਿਟੀ ਨਹੀਂ ਹੈ। ਇਹ ਤਾਂ ਸਰਕਾਰ ਜਵਾਬ ਦੇਣ ਤੋਂ ਭੱਜਦੀ ਹੈ।

**ਮਾਨਯੋਗ ਸਪੀਕਰ:** ਕੋਈ ਗੱਲ ਨਹੀਂ। ਹਾਂ ਜੀ, ਸਿੱਧੂ ਸਾਹਿਬ।

**ਪਸ਼ੂ ਪਾਲਣ ਮੰਤਰੀ:** ਸਰ, ਮੈਂ ਸਵਾਲ ਦਾ ਜਵਾਬ ਦੁਬਾਰਾ ਪੜ੍ਹ ਦੇਵਾਂ?

**ਮਾਨਯੋਗ ਸਪੀਕਰ:** ਹਾਂ ਜੀ, ਦੁਬਾਰਾ ਪੜ੍ਹ ਦਿਉ।

**ਪਸ਼ੂ ਪਾਲਣ ਮੰਤਰੀ:** ਪਸ਼ੂ ਪਾਲਣ ਵਿਭਾਗ ਅਧੀਨ ਰਾਜ ਦੇ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ 31.12.2018 ਤੱਕ ਡਾਕਟਰਾਂ ਅਤੇ ਲੋੜੀਂਦਾ ਸਟਾਫ ਦਾ ਵੇਰਵਾ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਬੈਠੇ-ਬੈਠੇ):** ਇਹ ਜਵਾਬ ਤਾਂ ਪੜ੍ਹ ਲਿਆ ਜੀ।

**ਮੰਤਰੀ:** ਕੀ ਤੁਸੀਂ ਜਵਾਬ ਪੜ੍ਹ ਲਿਆ?

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਬੈਠੇ-ਬੈਠੇ):** ਹਾਂ ਜੀ।

**ਮੰਤਰੀ:** ਤੁਸੀਂ ਸਪਲੀਮੈਂਟਰੀ ਕਰ ਲਵੋ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਚੰਦੂਮਾਜਰਾ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਪੀਕਰ ਸਾਹਿਬ, ਮਾਨਯੋਗ ਮੰਤਰੀ ਦੇ ਕੋਲ ਜਿਹੜਾ ਮਹਿਕਮਾ ਹੈ ਉਹ ਕਿਸਾਨਾਂ ਦੇ ਲਈ ਸਭ ਤੋਂ ਅਹਿਮ ਸਹਾਇਕ ਧੰਦਾ ਪਸ਼ੂ ਪਾਲਣ ਦਾ ਹੈ। ਇਹ ਉਹ ਮਹਿਕਮਾ ਹੈ ਜਿਹੜਾ ਕਿਸਾਨ ਨੂੰ ਕਰਜ਼ੇ ਦੇ ਚੱਕਰ ਵਿੱਚੋਂ ਕੱਢ ਸਕਦਾ ਹੈ ਅਤੇ ਉਸ ਦੀ ਸਹਾਇਤਾ ਕਰ ਸਕਦਾ

[ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ]

ਹੈ। ਅੱਜ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਵੈਟਰਨਰੀ ਅਫਸਰਾਂ ਦੀਆਂ 400 ਆਸਾਮੀਆਂ ਖਾਲੀ ਹਨ, ਜਿਨ੍ਹਾਂ ਵਿਚੋਂ ਕੇਵਲ 117 ਆਸਾਮੀਆਂ ਭਰਨ ਲਈ ਤਜਵੀਜ਼ ਭੇਜੀ ਗਈ ਹੈ। ਮੇਰਾ ਸਵਾਲ ਹੈ ਕਿ ਬਾਕੀ ਅਸਾਮੀਆਂ ਭਰਨ ਦੀ ਤਜਵੀਜ਼ ਕਿਉਂ ਨਹੀਂ ਭੇਜੀ ਗਈ?

ਇਸ ਤੋਂ ਇਲਾਵਾ ਮੰਤਰੀ ਜੀ ਨੇ ਕਿਹਾ ਹੈ ਕਿ ਵੈਟਰਨਰੀ ਇੰਸਪੈਕਟਰ ਅਤੇ ਦਰਜਾ 4 ਦੀਆਂ ਵਰਣਿਤ ਖਾਲੀ ਆਸਾਮੀਆਂ ਨੂੰ ਪੂਰੀ ਵਿਧੀ ਨਾਲ ਭਰਨ ਲਈ ਕਦਮ ਚੁੱਕੇ ਜਾ ਰਹੇ ਹਨ। ਸਰ, ਦੋ ਸਾਲ ਹੋ ਚੁੱਕੇ ਹਨ। ਸਪੀਕਰ ਸਾਹਿਬ, ਵੈਟਰਨਰੀ ਹਸਪਤਾਲ ਅਤੇ ਡਿਸਪੈਂਸਰੀਆਂ ਵਿੱਚ ਪਿਛਲੇ ਦੋ ਸਾਲਾਂ ਤੋਂ ਕੋਈ ਮੈਡੀਸਨ ਨਹੀਂ ਜਾ ਰਹੀ। ਪਿਛਲੇ ਸਮੇਂ ਵਿੱਚ ਸਰਕਾਰਾਂ ਮਿਨਰਲ ਮਿਕਸਚਰ ਭੇਜਦੀਆਂ ਹੁੰਦੀਆਂ ਸਨ, ਹੁਣ ਉਹ ਵੀ ਬੰਦ ਹੋ ਗਿਆ। ਹਰਾ ਚਾਰਾ ਹੁੰਦਾ ਸੀ, ਹਾੜ੍ਹੂ-ਬਰਸੀਣ ਹੁੰਦੀ ਸੀ, ਜੋ ਪਿਛਲੀ ਸਰਕਾਰ ਦੇ ਵਿੱਚ 50 ਰੁਪਏ ਕਿੱਲੋ ਦੇ ਹਿਸਾਬ ਨਾਲ ਮਿਲਦੀ ਸੀ, ਹੁਣ ਉਹ ਵੀ ਬੰਦ ਹੋ ਗਈ ਹੈ। ਅੱਜ ਹਸਪਤਾਲਾਂ ਦੇ ਵਿੱਚ ਕੇਵਲ ਡਾਕਟਰ ਨਹੀਂ, ਬਲਕਿ ਜਿਹੜੀਆਂ ਪਿਛਲੀ ਸਰਕਾਰ ਵੇਲੇ ਦੀਆਂ ਫੈਸਿਲਟੀਆਂ ਸਨ, ਉਹ ਵੀ ਬਿਲਕੁਲ ਬੰਦ ਹੋ ਗਈਆਂ ਹਨ। ਮੈਂ ਮੰਤਰੀ ਜੀ ਨੂੰ ਕਹਾਂਗਾ ਕਿ ਤੁਹਾਡੇ ਕੋਲ ਬਹੁਤ ਅਹਿਮ ਅਦਾਰਾ ਹੈ। ਤੁਸੀਂ ਜਿਹੜੀ ਇਹ ਵਿਧੀ ਅਪਣਾ ਰਹੇ ਹੋ, ਕਿਰਪਾ ਕਰਕੇ ਇਹ ਦੱਸੋ ਕਿ ਇਸ ਵਿਧੀ ਨਾਲ ਕਿੰਨੀ ਦੇਰ ਤੱਕ ਖਾਲੀ ਅਸਾਮੀਆਂ ਦੀ ਭਰਤੀ ਪ੍ਰਕਿਰਿਆ ਪੂਰੀ ਕਰ ਲਵੋਗੇ ਅਤੇ ਜਿਹੜੀਆਂ ਮੈਡੀਸਨਜ਼ ਨਹੀਂ ਆ ਰਹੀਆਂ ਅਤੇ ਮਿਨਰਲ ਮਿਕਸਚਰ ਨਹੀਂ ਆ ਰਿਹਾ ਅਤੇ ਹਾੜ੍ਹੂ-ਬਰਸੀਨ ਨਹੀਂ ਆ ਰਹੀ। ਉਹ ਸਭ ਦੁਬਾਰਾ ਕਦੋਂ ਸ਼ੁਰੂ ਕਰ ਰਹੇ ਹੋ?

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 10 ਸਾਲਾਂ ਦੇ ਵਿੱਚ ਇਨ੍ਹਾਂ ਦੀ ਸਰਕਾਰ ਨੇ ਇੱਕ ਆਸਾਮੀ ਨਹੀਂ ਭਰੀ। ਪਿਛਲੇ 10 ਸਾਲਾਂ ਦਾ ਜੋ ਬੈਕਲਾਗ ਇਕੱਠਾ ਹੋ ਗਿਆ ਸੀ, ਉਹ ਅਸੀਂ ਪੂਰਾ ਕਰਨ ਦੀ ਸ਼ੁਰੂਆਤ ਕੀਤੀ ਹੈ।(ਵਿਘਨ...ਸ਼ੋਰ) ਇਨ੍ਹਾਂ ਦੀ ਸਰਕਾਰ ਨੇ ਪਿਛਲੇ 10 ਸਾਲਾਂ ਤੋਂ ਕੋਈ ਡਾਕਟਰ ਭਰਤੀ ਨਹੀਂ ਕੀਤਾ। ਅਸੀਂ ਪਹਿਲੀ ਵਾਰ 117 ਡਾਕਟਰ ਭਰਤੀ ਕਰਨ ਦਾ ਫੈਸਲਾ ਕੀਤਾ ਹੈ।ਇਸ ਦੇ ਨਾਲ ਅਸੀਂ ਬਾਕੀ ਅਸਾਮੀਆਂ ਵੀ ਸਟੈੱਪ ਬਾਇ ਸਟੈੱਪ ਭਰ ਦੇਵਾਂਗੇ। ਦੂਸਰੀ ਗੱਲ, ਜਿਹੜੀਆਂ ਅਸਾਮੀਆਂ ਭਰਨ ਵਾਸਤੇ ਅਸੀਂ ਸਰਕਾਰ ਨੂੰ ਦਿੱਤੀਆਂ ਹਨ, ਉਹ ਭਰਨ ਵਾਸਤੇ ਅਸੀਂ ਯੂਨੀਵਰਸਿਟੀ ਹਾਇਰ ਕਰਨੀ ਹੈ, ਜੋ ਵੈਟਰਨਰੀ ਇਨਸਪੈਕਟਰਾਂ ਦਾ

ਇਮਤਿਹਾਨ ਲਏਗੀ। ਇਸ ਦੇ ਨਾਲ ਹੀ 400 ਦੇ ਕਰੀਬ ਦਰਜਾ 4 ਦੀਆਂ ਆਸਾਮੀਆਂ ਨੂੰ ਭਰਨ ਦਾ ਪ੍ਰੋਸੀਜਰ ਸ਼ੁਰੂ ਕੀਤਾ ਜਾ ਚੁੱਕਾ ਹੈ। ਬਾਕੀ ਜਿਹੜਾ ਤੁਹਾਡਾ ਸਵਾਲ ਹੈ, ਉਹ ਕੁਐਸਚਨ ਵਿੱਚ ਨਹੀਂ ਸੀ। ਤੁਸੀਂ ਇੱਕ ਕੁਐਸਚਨ ਬਣਾ ਲਓ ਫਿਰ ਉਸ ਦਾ ਜਵਾਬ ਦੇ ਦੇਵਾਂਗੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਸਪਲੀਮੈਂਟਰੀ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਚੰਦੂਮਾਜਰਾ ਸਾਹਿਬ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਇਹ ਬਹੁਤ ਅਹਿਮ ਚੀਜ਼ ਹੈ। ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੇ ਮਹਿਕਮੇ ਵੱਲ ਧਿਆਨ ਦਿਓ, ਇਹ ਬਹੁਤ ਅਹਿਮ ਅਦਾਰਾ ਹੈ। ਮਿਨਰਲ ਮਿਕਸਚਰ ਜਿਸ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਹੁੰਦੀ ਹੈ, ਉਹ ਅੱਜ ਨਹੀਂ ਆ ਰਹੀ। ਹਾੜ੍ਹੂ-ਬਰਸੀਨ ਇੱਕ ਬਹੁਤ ਵੱਡਾ ਸਹਾਰਾ ਸੀ ਜਿਹੜੀ ਕਿ 50 ਰੁਪਏ ਕਿੱਲੋ ਨੂੰ ਮਿਲਦੀ ਸੀ ਅਤੇ ਹੁਣ 200 ਰੁਪਏ ਕਿੱਲੋ ਬਾਜ਼ਾਰ ਵਿੱਚ ਮਿਲਦੀ ਹੈ, ਉਹ ਵੀ ਪਿਛਲੇ 2 ਸਾਲਾਂ ਤੋਂ ਬੰਦ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

----

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਰਈਆ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਐਨ.ਐਚ.-1 ਦੀ ਸੜਕ ਤੇ ਬਣੇ ਅੰਡਰ ਬ੍ਰਿਜ ਨੂੰ ਚੌੜਾ ਕਰਨਾ

***1755. ਸਰਦਾਰ ਸੰਤੋਖ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਰਈਆ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਐਨ.ਐਚ.-1 ਦੀ ਸੜਕ ਤੇ ਅੰਡਰ ਬ੍ਰਿਜ ਬਣਿਆ ਹੋਇਆ ਹੈ, ਜਿੱਥੋਂ ਦੀ ਟ੍ਰੈਫਿਕ ਪਿੰਡ ਫੇਰੂਮਾਨ ਨੂੰ ਜਾਂਦੀ ਹੈ;

(ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਇਹ ਵੀ ਠੀਕ ਹੈ

[ਸਰਦਾਰ ਸੰਤੋਖ ਸਿੰਘ]

ਕਿ ਅੰਡਰ ਬ੍ਰਿਜ ਦੀ ਚੌੜਾਈ ਘੱਟ ਹੋਣ ਕਰਕੇ ਉਥੇ ਟ੍ਰੈਫਿਕ ਦਾ ਜਾਮ ਲੱਗਾ ਰਹਿੰਦਾ ਹੈ, ਜਿਸ ਨਾਲ ਲੋਕਾਂ ਨੂੰ ਬਹੁਤ ਅਸੁਵਿਧਾ ਹੁੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਅੰਡਰ ਬ੍ਰਿਜ ਕਦੋਂ ਤੱਕ ਚੌੜਾ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:**

(ੳ) ਹਾਂ ਜੀ।

(ਅ) ਇਸ ਅੰਡਰਬ੍ਰਿਜ ਦੀ ਚੌੜਾਈ 7 ਮੀਟਰ ਹੈ ਅਤੇ ਇਸ ਦੀ ਉਚਾਈ 3.80 ਮੀਟਰ ਹੈ। ਇਸ ਅੰਡਰਬ੍ਰਿਜ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

----

## ਰਾਜ ਵਿੱਚ ਨਕਲੀ ਦੁੱਧ ਦੀ ਰੋਕਥਾਮ ਕਰਨਾ

***1927. ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਇਸ ਵੇਲੇ ਨਕਲੀ ਦੁੱਧ ਦੀ ਬਹੁਤ ਭਰਮਾਰ ਹੈ, ਜਿਸ ਕਰਕੇ ਆਉਣ ਵਾਲੀ ਜਨਰੇਸ਼ਨ ਬਿਮਾਰੀਆਂ ਦੀ ਗ੍ਰਿਫਤ ਵਿੱਚ ਜਕੜੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਸ ਦੀ ਰੋਕਥਾਮ ਲਈ ਕੀ ਜ਼ਰੂਰੀ ਉਪਾਅ ਕਰ ਰਹੀ ਹੈ ਤੇ ਕਦੋਂ ਤੱਕ ਮਿਲਾਵਟ ਤੋਂ ਲੋਕਾਂ ਨੂੰ ਰਾਹਤ ਮਿਲਣ ਦੀ ਆਸ ਹੈ ?

**ਸ਼੍ਰੀ ਬ੍ਰਹਮ ਮਹਿੰਦਰਾ:** ਨਹੀਂ ਜੀ, ਪੰਜਾਬ ਵਿੱਚ ਇਸ ਵੇਲੇ ਨਕਲੀ ਦੁੱਧ ਦੀ ਭਰਮਾਰ ਨਹੀਂ ਹੈ।

----

## ਦੋਰਾਹਾ ਮੰਡੀ ਵਿਖੇ ਸੀਵਰੇਜ ਦੀਆਂ ਨਵੀਆਂ ਪਾਈਪ ਲਾਈਨਾਂ ਪਾਉਣਾ

***1793. ਸਰਦਾਰ ਲਖਵੀਰ ਸਿੰਘ ਲੱਖਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਸਰਕਾਰ ਦੋਰਾਹਾ ਮੰਡੀ (ਪਾਇਲ) ਵਿਖੇ ਸੀਵਰੇਜ ਦੀਆਂ ਪੁਰਾਣੀਆਂ ਪਾਈਪ ਲਾਈਨਾਂ ਨੂੰ ਬਦਲ ਕੇ ਨਵੀਆਂ ਪਾਈਪ ਲਾਈਨਾਂ ਪਾਉਣ ਬਾਰੇ ਵਿਚਾਰ ਕਰੇਗੀ;

(ਅ) ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਹ ਕਦੋਂ ਤੱਕ ਹੋਣ ਦੀ ਸੰਭਾਵਨਾ ਹੈ ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਨਗਰ ਕੌਂਸਲ, ਦੋਰਾਹਾ ਵਿਖੇ ਸ਼ਹਿਰ ਅੰਦਰ ਸੀਵਰ ਲਾਈਨਾਂ 1971-72 ਤੋਂ ਪਾਈਆਂ ਹੋਈਆਂ ਹਨ । ਇਹ ਲਾਈਨਾਂ ਚਾਲੂ ਹਾਲਤ ਵਿੱਚ ਹਨ ਅਤੇ ਇਨ੍ਹਾਂ ਲਾਈਨਾਂ ਨੂੰ ਫਿਲਹਾਲ ਬਦਲਣ ਦੀ ਕੋਈ ਵੀ ਤਜਵੀਜ਼ ਨਹੀਂ ਹੈ ।

(ਅ) ਨਹੀਂ ਜੀ।

----

## ਸ਼ਗਨ ਸਕੀਮ ਸੰਬੰਧੀ

***1750. ਸ਼੍ਰੀ ਨੱਥੂ ਰਾਮ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਸ਼ਗਨ/ਅਸ਼ੀਰਵਾਦ ਸਕੀਮ ਅਧੀਨ ਅਰਜ਼ੀਆਂ ਦੀ ਪੜਤਾਲ ਲਈ ਪ੍ਰਕ੍ਰਿਆ ਨੂੰ ਸਰਲ ਬਣਾਉਣ ਲਈ ਇਸ ਦੀ ਪੜਤਾਲ ਸੂਬਾ ਪੱਧਰ ਤੇ ਕੇਂਦਰਿਤ ਕਰਨ ਦੀ ਬਜਾਏ ਜ਼ਿਲ੍ਹਾ ਪੱਧਰ ਤੇ ਕਰਨ ਬਾਰੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾਂਹ ਵਿੱਚ ਹੈ ਤਾਂ ਉਸ ਦੇ ਕਾਰਨ ਕੀ ਹਨ ?

**ਸਰਦਾਰ ਸਾਧੂ ਸਿੰਘ :** (ੳ) ਅਤੇ (ਅ), ਸ਼ਗਨ/ਅਸ਼ੀਰਵਾਦ ਸਕੀਮ ਅਧੀਨ ਅਰਜ਼ੀਆਂ ਦੀ ਪੜਤਾਲ ਪਹਿਲਾਂ ਹੀ ਜ਼ਿਲ੍ਹਾ ਪੱਧਰ ਤੇ ਸਬੰਧਿਤ ਤਹਿਸੀਲ ਭਲਾਈ ਅਫਸਰਾਂ ਰਾਹੀਂ ਕੀਤੀ ਜਾਂਦੀ ਹੈ।

-----

## ਰਾਜਪੁਰਾ ਹਲਕੇ ਦੇ ਪਿੰਡਾਂ ਨੂੰ ਲਿਫਟ ਇਰੀਗੇਸ਼ਨ ਸਕੀਮ ਤਹਿਤ ਸਿੰਜਾਈ ਅਧੀਨ ਲਿਆਉਣਾ

***1897. ਸਰਦਾਰ ਹਰਦਿਆਲ ਸਿੰਘ ਕੰਬੋਜ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜਪੁਰਾ ਵਿਧਾਨ ਸਭਾ ਹਲਕੇ ਦੇ ਪਿੰਡ ਰੰਗੀਆਂ, ਭੱਪਲ, ਨਲਾਸਕਲਾਂ, ਨਰਾਸਖੁਰਦ, ਕੋਟਲਾ, ਦਬਾਲੀ, ਭਟੇੜੀ ਅਤੇ ਉਪਲਹੇੜੀ ਆਦਿ ਪਿੰਡਾਂ ਦੀਆਂ ਜ਼ਮੀਨਾਂ ਨੂੰ "ਲਿਫਟ ਇਰੀਗੇਸ਼ਨ ਸਕੀਮ" ਤਹਿਤ ਸਿੰਜਾਈ ਅਧੀਨ ਲਿਆਉਣ ਦੀ ਤਜਵੀਜ਼ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਹਾਂ ਜੀ, ਵਿਧਾਨ ਸਭਾ ਹਲਕਾ ਰਾਜਪੁਰਾ ਦੇ ਰੰਗੀਆਂ, ਭੱਪਲ, ਨਲਾਸ ਕਲਾਂ, ਨਰਾਸ ਖੁਰਦ, ਕੋਟਲਾ, ਦਬਾਲੀ, ਭਟੇੜੀ ਅਤੇ ਉਪਲਹੇੜੀ ਆਦਿ ਪਿੰਡਾਂ ਨੂੰ ਰਾਜਪੁਰਾ ਡਿਸਟ੍ਰੀਬਿਊਟਰੀ ਤੋਂ ਲਿਫਟ ਇਰੀਗੇਸ਼ਨ ਸਕੀਮ ਰਾਹੀਂ ਸਿੰਜਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਤਜਵੀਜ਼ ਜਲ ਸਰੋਤ ਵਿਭਾਗ ਦੇ ਵਿਚਾਰ ਅਧੀਨ ਹੈ। ਇਸ ਸਕੀਮ ਦੀ ਤਕਨੀਕੀ ਪੱਖੋਂ ਘੋਖ ਕੀਤੀ ਜਾ ਰਹੀ ਹੈ। ਤਕਨੀਕੀ ਪੱਖੋਂ ਸਹੀ ਹੋਣ ਤੇ ਵਿੱਤ ਦੇ ਪ੍ਰਬੰਧਨ ਮੁਤਾਬਿਕ ਸਕੀਮ ਲਾਗੂ ਕੀਤੀ ਜਾਵੇਗੀ।

----

## ਪਿੰਡ ਬਾਊਪੁਰ (ਖਡੂਰ ਸਾਹਿਬ) ਵਿਖੇ ਪੱਕਾ ਪੁਲ ਉਸਾਰਨਾ

***2013. ਸਰਦਾਰ ਰਮਨਜੀਤ ਸਿੰਘ ਸਿੱਕੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਘੜਕਾ ਤੋਂ ਸੁਲਤਾਨਪੁਰ ਲੋਧੀ ਸੜਕ ਤੇ ਪਿੰਡ ਬਾਊਪੁਰ (ਖਡੂਰ ਸਾਹਿਬ) ਵਿਖੇ ਪੱਕਾ ਪੁਲ ਉਸਾਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਹਾਲ ਦੀ ਘੜੀ ਪੁਲ ਉਸਾਰੀ ਦੀ ਕੋਈ ਤਜਵੀਜ਼ ਨਹੀਂ ਹੈ।

----

## ਫਾਜ਼ਿਲਕਾ ਵਿਖੇ ਕੈਂਸਰ ਹਸਪਤਾਲ ਦੀ ਮੌਜੂਦਾ ਸਥਿਤੀ

***1754. ਸਰਦਾਰ ਦਵਿੰਦਰ ਸਿੰਘ ਘੁਬਾਇਆ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਫਾਜ਼ਿਲਕਾ ਜ਼ਿਲ੍ਹੇ ਵਿੱਚ ਕੈਂਸਰ ਹਸਪਤਾਲ, ਜੋ ਉਸਾਰੀ ਅਧੀਨ ਹੈ, ਉਸ ਦਾ ਕਿੰਨਾ ਕੰਮ ਹੋ ਚੁੱਕਿਆ ਹੈ;

(ਅ) ਇਸ ਹਸਪਤਾਲ ਦੀ ਉਸਾਰੀ ਕਿਹੜੀ ਕੰਪਨੀ ਜਾਂ ਏਜੰਸੀ ਕਰ ਰਹੀ ਹੈ ਅਤੇ ਇਸ ਦੀ ਇੰਸਪੈਕਸ਼ਨ ਕਦੇ ਹੋਈ ਹੈ ਜਾਂ ਨਹੀਂ;

(ੲ) ਇਸ ਨੂੰ ਪੂਰਾ ਹੋਣ ਤੇ ਹੋਰ ਕਿੰਨਾ ਸਮਾਂ ਲੱਗੇਗਾ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ,

(ੳ) ਫਾਜ਼ਿਲਕਾ ਜ਼ਿਲ੍ਹੇ ਵਿੱਚ ਕੈਂਸਰ ਦੀ ਉਸਾਰੀ ਦਾ ਕੰਮ ਭੌਤਿਕ ਤੌਰ ਤੇ ਲਗਭਗ 42 ਪ੍ਰਤੀਸ਼ਤ ਮੁਕੰਮਲ ਹੋ ਚੁੱਕਾ ਹੈ ਅਤੇ ਹੁਣ ਕੰਮ ਪ੍ਰਗਤੀ ਅਧੀਨ ਹੈ।

(ਅ) ਇਸ ਹਸਪਤਾਲ ਦੀ ਉਸਾਰੀ ਦਾ ਕੰਮ ਮੈਸ: ਤਰਸੇਮ ਕੁਮਾਰ, ਠੇਕੇਦਾਰ ਬਠਿੰਡਾ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਇਸ ਕੰਮ ਦੀ ਉਸਾਰੀ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੀ ਦੇਖ-ਰੇਖ ਵਿੱਚ ਹੋ ਰਹੀ ਹੈ।ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਅਧਿਕਾਰੀਆਂ ਵੱਲੋਂ ਸਮੇਂ-ਸਮੇਂ ਤੇ ਇਸ ਦੀ ਇੰਸਪੈਕਸ਼ਨ ਕੀਤੀ ਜਾ ਰਹੀ ਹੈ। ਇਸ ਕੰਮ ਦੀ ਉਸਾਰੀ ਲਈ ਇੱਕ ਜੇ.ਈ. ਅਤੇ ਐਸ.ਡੀ.ਓ. ਪੱਕੇ ਤੌਰ ਤੇ ਫਾਜ਼ਿਲਕਾ ਵਿਖੇ ਤੈਨਾਤ ਹਨ ਅਤੇ ਸਮੇਂ-ਸਮੇਂ ਤੇ ਸਬੰਧਿਤ ਕਾਰਜਕਾਰੀ ਇੰਜੀਨੀਅਰ, ਬਠਿੰਡਾ ਵੱਲੋਂ ਵੀ ਨਿਰੀਖਣ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਹੈੱਡ ਆਫਿਸ ਵੱਲੋਂ ਨਿਗਰਾਨ ਇੰਜੀਨੀਅਰ ਅਤੇ ਉਪ-ਮੰਡਲ ਕੁਆਲਟੀ ਕੰਟਰੋਲ ਵੱਲੋਂ ਵੀ ਸਮੇਂ-ਸਮੇਂ ਤੇ ਇਸ ਕੰਮ ਦਾ ਨਿਰੀਖਣ ਕੀਤਾ ਜਾਂਦਾ ਹੈ। ਉਪ-ਮੰਡਲ ਇੰਜੀਨੀਅਰ, ਕੁਆਲਟੀ ਕੰਟਰੋਲ ਵੱਲੋਂ ਇਸ ਕੰਮ ਦਾ ਦੌਰਾ ਮਿਤੀ 23.11.2016, 15.07.2017, 05.09.2017 ਅਤੇ 03.04.2018 ਨੂੰ ਕੀਤਾ ਗਿਆ ਹੈ। ਮਿਤੀ 03.01.2019 ਅਤੇ ਮਿਤੀ 06.02.2019 ਨੂੰ ਕਾਰਜਕਾਰੀ ਇੰਜੀਨੀਅਰ ਵੱਲੋਂ ਵੀ ਇਸ ਕੰਮ ਦਾ ਨਿਰੀਖਣ ਕੀਤਾ ਗਿਆ ਹੈ।

(ੲ) ਉਕਤ ਹਸਪਤਾਲ ਦੀ ਉਸਾਰੀ ਦਾ ਕੰਮ 31.08.2019 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

----

## ਕੋਟਕਪੂਰਾ ਵਿੱਚ ਮਿਊਂਸਿਪਲ ਕਮੇਟੀ ਦੁਆਰਾ ਬਣਾਈਆਂ ਦੁਕਾਨਾਂ ਦੀ ਵਿਕਰੀ

***1974. ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਜਨਵਰੀ, 2017 ਵਿੱਚ ਕੋਟਕਪੂਰਾ, ਜ਼ਿਲ੍ਹਾ

[ਸਰਦਾਰ ਕੁਲਤਾਰ ਸਿੰਘ ਸੰਧਵਾਂ]

ਫਰੀਦਕੋਟ ਵਿੱਚ ਮਿਊਂਸਿਪਲ ਕਮੇਟੀ ਦੁਆਰਾ ਬਣਾਈਆਂ ਗਈਆਂ ਦੁਕਾਨਾਂ ਨੂੰ ਵੇਚਣ ਲਈ ਕੋਈ ਅਰਜ਼ੀਆਂ ਮੰਗੀਆਂ ਸਨ; ਜੇਕਰ ਅਜਿਹਾ ਹੈ ਤਾਂ ਕਿੰਨੇ ਲੋਕਾਂ ਨੇ ਪ੍ਰੋਸੈਸਿੰਗ ਫੀਸ ਦੇ ਡਰਾਫਟ ਲਗਾ ਕੇ ਅਰਜ਼ੀਆਂ ਦਿੱਤੀਆਂ ਅਤੇ ਉਨ੍ਹਾਂ ਦੇ ਵੇਰਵੇ ਕੀ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਉਸ ਉੱਤੇ ਵਿਭਾਗ ਨੇ ਕੀ ਕਾਰਵਾਈ ਕੀਤੀ ਹੈ ?

**ਸਰਦਾਰ ਨਵਜੋਤ ਸਿੰਘ ਸਿੱਧੂ:**

(ੳ) ਹਾਂ ਜੀ, 71 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਜਿਨ੍ਹਾਂ ਦਾ ਵੇਰਵਾ ਅਨੁਲੱਗ-ੳ ਤੇ ਹੈ।

(ਅ) ਉਪਰੋਕਤ ਦੁਕਾਨਦਾਰਾਂ ਵੱਲੋਂ ਪੁਰਾਣੀ ਪਾਲਿਸੀ ਮਿਤੀ 14.12.2016 ਨੂੰ ਪੰਜਾਬ ਮਿਊਂਸਪਲਟੀ (ਵੈਸਟਿੰਗ ਆਫ ਪ੍ਰੋਪੇਰਾਈਟ ਰਾਈਟਸ ਸਕੀਮ-2016) ਅਧੀਨ ਅਰਜ਼ੀਆਂ ਜਮ੍ਹਾਂ ਕਰਵਾਈਆਂ ਸਨ, ਪਰ ਸਰਕਾਰ ਵੱਲੋਂ ਮਿਤੀ 16.10.2017 ਨੂੰ ਇਹ ਪਾਲਿਸੀ ਖਤਮ ਕਰਕੇ ਨਵੀਂ ਪਾਲਿਸੀ ਨੋਟੀਫਾਈਡ ਕੀਤੀ ਗਈ, ਦੀ ਪੰਜਾਬ ਮਿਊਂਸਪੈਲਿਟੀ (ਵੈਸਟਿੰਗ ਆਫ ਪ੍ਰੋਪੇਰਾਈਟ ਰਾਈਟਸ-ਸੋਧ ਸਕੀਮ, 2017) ਅਤੇ ਨਵੀਂ ਪਾਲਿਸੀ ਮੁਤਾਬਿਕ ਜਿਨ੍ਹਾਂ ਦੁਕਾਨਦਾਰਾਂ ਵੱਲੋਂ ਪੁਰਾਣੀ ਪਾਲਿਸੀ ਵਿੱਚ ਅਰਜ਼ੀਆਂ ਦਿੱਤੀਆਂ ਸਨ, ਉਨ੍ਹਾਂ ਦੀਆਂ ਅਰਜ਼ੀਆਂ ਨਵੀਂ ਪਾਲਿਸੀ ਅਨੁਸਾਰ ਨਗਰ ਕੌਂਸਲ, ਕੋਟਕਪੂਰਾ ਵੱਲੋਂ ਵਿਚਾਰ ਕੀਤਾ ਜਾਣਾ ਸੀ, ਜੋ ਕਿ ਨਗਰ ਕੌਂਸਲ, ਕੋਟਕਪੂਰਾ ਦੇ ਹਾਊਸ ਦੀ ਪ੍ਰਵਾਨਗੀ ਲਈ ਪੈਂਡਿੰਗ ਹਨ। ਇੱਥੇ ਦੱਸਣਯੋਗ ਹੈ ਕਿ ਨਗਰ ਕੌਂਸਲ ਦੀਆਂ ਮਲਕੀਤੀ ਵਾਲੀਆਂ ਜਾਇਦਾਦਾਂ ਸਬੰਧੀ ਮਾਲਕਾਨਾ ਹੱਕ ਤਬਦੀਲ ਕਰਨ ਲਈ ਨਗਰ ਕੌਂਸਲ ਦਾ ਹਾਊਸ ਖੁਦ-ਮੁਖਤਿਆਰ ਹੈ। ਇਸ ਪਾਲਿਸੀ ਸੰਬੰਧੀ ਜੇਕਰ ਨਗਰ ਕੌਂਸਲ ਵੱਲੋਂ ਕਿਸੇ ਕਿਸਮ ਦੀ ਕੋਈ ਕਲੈਰੀਫਿਕੇਸ਼ਨ ਲੈਣੀ ਹੋਵੇ ਤਾਂ ਸਰਕਾਰ ਪਾਸੋਂ ਲਈ ਜਾ ਸਕਦੀ ਹੈ। ਇਨ੍ਹਾਂ ਦੁਕਾਨਦਾਰਾਂ ਨੂੰ ਨਵੀਆਂ ਅਰਜ਼ੀਆਂ ਦੇਣ ਦੀ ਜ਼ਰੂਰਤ ਨਹੀਂ ਹੈ।

## (ਅਨੁਲੱਗ ੳ)

| ਲੜੀ ਨੰ: | ਨਾਮ | ਪਿਤਾ ਦਾ ਨਾਮ | ਮਾਰਕੀਟ ਦਾ ਨਾਮ | ਦੁਕਾਨ ਨੰ: | ਮਿਤੀ | ਰਕਮ |
|---|---|---|---|---|---|---|
| 1 | ਮੋਹਨ ਲਾਲ | ਲਾਲ ਚੰਦ | ਗਿਆਨੀ ਜ਼ੈਲ ਸਿੰਘ | 67 | 13-02-2017 | 1000/- |
| 2 | ਪ੍ਰੇਮ ਕੁਮਾਰ | ਦੇਸ ਰਾਜ | ਗਿਆਨੀ ਜ਼ੈਲ ਸਿੰਘ | 71 | 13-02-2017 | 1000/- |
| 3 | ਪ੍ਰੇਮ ਕੁਮਾਰ | ਦੇਸ ਰਾਜ | ਗਿਆਨੀ ਜ਼ੈਲ ਸਿੰਘ | 58 | 13-02-2017 | 1000/- |
| 4 | ਮੋਹਨ ਲਾਲ | ਲਾਲ ਚੰਦ | ਗਿਆਨੀ ਜ਼ੈਲ ਸਿੰਘ | 66 | 13-02-2017 | 1000/- |
| 5 | ਗੁਰਸੇਵਕ ਸਿੰਘ | ਗੁਰਨੇਭ ਸਿੰਘ | ਗਿਆਨੀ ਜ਼ੈਲ ਸਿੰਘ | 65 | 18-02-2017 | 1000/- |
| 6 | ਜਸਵੀਰ ਸਿੰਘ | ਹਰਬੰਸ ਸਿੰਘ | ਗਿਆਨੀ ਜ਼ੈਲ ਸਿੰਘ | 70 | 13-02-2017 | 1000/- |
| 7 | ਚਿਮਨ ਲਾਲ | ਹੰਸ ਰਾਜ | ਗਿਆਨੀ ਜ਼ੈਲ ਸਿੰਘ | 38 | 13-02-2017 | 1000/- |
| 8 | ਮੱਖਣ ਸਿੰਘ | ਮਨਜੀਤ ਸਿੰਘ | ਗਿਆਨੀ ਜ਼ੈਲ ਸਿੰਘ | 35 | 13-02-2017 | 1000/- |
| 9 | ਰਜਿੰਦਰਪਾਲ | ਨੱਥੂ ਰਾਮ | ਗਿਆਨੀ ਜ਼ੈਲ ਸਿੰਘ | 51 | 13-02-2017 | 1000/- |
| 10 | ਜਸਬੀਰ ਸਿੰਘ | ਹਰਬੰਸ ਸਿੰਘ | ਗਿਆਨੀ ਜ਼ੈਲ ਸਿੰਘ | 59 | 13-02-2017 | 1000/- |
| 11 | ਬਾਬੂ ਰਾਮ | ਹਰਦੁਆਰੀ ਲਾਲ | ਗਿਆਨੀ ਜ਼ੈਲ ਸਿੰਘ | 45 | 13-02-2017 | 1000/- |
| 12 | ਵਿਜੈ ਕੁਮਾਰ | ਬਾਬੂ ਰਾਮ | ਗਿਆਨੀ ਜ਼ੈਲ ਸਿੰਘ | 48 | 09-03-2017 | 1000/- |
| 13 | ਸੁਖਰਾਜ ਸਿੰਘ | ਕਰਤਾਰ ਸਿੰਘ | ਗਿਆਨੀ ਜ਼ੈਲ ਸਿੰਘ | 53 | 09-03-2017 | 1000/- |
| 14 | ਸੋਮਨਾਥ | ਪਰਸ ਰਾਮ | ਗਿਆਨੀ ਜ਼ੈਲ ਸਿੰਘ | 50 | 13-02-2017 | 1000/- |
| 15 | ਹਰਬੰਸ ਸਿੰਘ | ਬਲਵੰਤ ਸਿੰਘ | ਗਿਆਨੀ ਜ਼ੈਲ ਸਿੰਘ | 69 | 16-02-2017 | 1000/- |
| 16 | ਇੰਦਰਜੀਤ ਕੁਮਾਰ | ਸੋਹਣ ਲਾਲ | ਗਿਆਨੀ ਜ਼ੈਲ ਸਿੰਘ | 13 | 13-02-2017 | 1000/- |
| 17 | ਰਜਿੰਦਰਪਾਲ | ਨੱਥੂ ਰਾਮ | ਗਿਆਨੀ ਜ਼ੈਲ ਸਿੰਘ | 44 | 13-02-2017 | 1000/- |
| 18 | ਰਜਿੰਦਰਪਾਲ | ਨੱਥੂ ਰਾਮ | ਗਿਆਨੀ ਜ਼ੈਲ ਸਿੰਘ | 43 | 13-02-2017 | 1000/- |

[ਸਥਾਨਕ ਸਰਕਾਰ ਮੰਤਰੀ]

| | | | | | | |
|---|---|---|---|---|---|---|
| 19 | ਕਿਰਨ ਬਾਲਾ | ਪ੍ਰਕਾਸ਼ ਚੰਦ | ਗਿਆਨੀ ਜ਼ੈਲ ਸਿੰਘ | 16 | 13-02-2017 | 1000/- |
| 20 | ਕਿਰਨ ਬਾਲਾ | ਪ੍ਰਕਾਸ਼ ਚੰਦ | ਗਿਆਨੀ ਜ਼ੈਲ ਸਿੰਘ | 14 | 13-02-2017 | 1000/- |
| 21 | ਮਨੀਸ਼ ਕੁਮਾਰ | ਰੋਸ਼ਨ ਲਾਲ | ਗਿਆਨੀ ਜ਼ੈਲ ਸਿੰਘ | 34 | 13-02-2017 | 1000/- |
| 22 | ਦੀਪਕ ਕੁਮਾਰ | ਰੋਸ਼ਨ ਲਾਲ | ਗਿਆਨੀ ਜ਼ੈਲ ਸਿੰਘ | 33 | 13-02-2017 | 1000/- |
| 23 | ਗੁਰਚਰਨ ਸਿੰਘ | ਸੰਪੂਰਨ ਸਿੰਘ | ਗਿਆਨੀ ਜ਼ੈਲ ਸਿੰਘ | 36 | 13-02-2017 | 1000/- |
| 24 | ਰਾਜੇਸ਼ ਕੁਮਾਰ | ਪਿਆਰੇ ਲਾਲ | ਗਿਆਨੀ ਜ਼ੈਲ ਸਿੰਘ | 72 | 13-02-2017 | 1000/- |
| 25 | ਪਵਨ ਕੁਮਾਰ | ਜਗਦੀਸ਼ ਲਾਲ | ਗਿਆਨੀ ਜ਼ੈਲ ਸਿੰਘ | 63 | 09-03-2017 | 1000/- |
| 26 | ਬਸੰਤ ਕੁਮਾਰ | ਅਮੀ ਚੰਦ | ਗਿਆਨੀ ਜ਼ੈਲ ਸਿੰਘ | 64 | 02-01-2017 | 1000/- |
| 27 | ਤਰਸੇਮ ਲਾਲ | ਚੰਦਰਭਾਨ | ਗਿਆਨੀ ਜ਼ੈਲ ਸਿੰਘ | 68 | 13-02-2017 | 1000/- |
| 28 | ਰਾਕੇਸ਼ ਕੁਮਾਰ | ਭਾਨੂੰ ਰਾਮ | ਗਿਆਨੀ ਜ਼ੈਲ ਸਿੰਘ | 15 | 09-03-2017 | 1000/- |
| 29 | ਗੁਰਚਰਨ ਸਿੰਘ | ਸੰਪੂਰਨ ਸਿੰਘ | ਗਿਆਨੀ ਜ਼ੈਲ ਸਿੰਘ | 62 | 13-02-2017 | 1000/- |
| 30 | ਸਤੀਸ਼ ਕੁਮਾਰ | ਮਾਲਾ ਰਾਮ | ਗਿਆਨੀ ਜ਼ੈਲ ਸਿੰਘ | 60 | 23-02-2017 | 1000/- |
| 31 | ਪ੍ਰੇਮ ਕੁਮਾਰ | ਦੇਸ ਰਾਮ | ਗਿਆਨੀ ਜ਼ੈਲ ਸਿੰਘ | 57 | 13-02-2017 | 1000/- |
| 32 | ਗੁਰਸੇਵਕ ਸਿੰਘ | ਗੁਰਨੇਭ ਸਿੰਘ | ਗਿਆਨੀ ਜ਼ੈਲ ਸਿੰਘ | 40 | 13-02-2017 | 1000/- |
| 33 | ਰਾਕੇਸ਼ ਕੁਮਾਰ | ਭਾਨੂੰ ਰਾਮ | ਗਿਆਨੀ ਜ਼ੈਲ ਸਿੰਘ | 10 | 09-03-2017 | 1000/- |
| 34 | ਪਵਨ ਕੁਮਾਰ | ਅਮੀ ਚੰਦ | ਗਿਆਨੀ ਜ਼ੈਲ ਸਿੰਘ | 12 | 13-02-2017 | 1000/- |
| 35 | ਸਤੀਸ਼ ਕੁਮਾਰ | ਮਾਲਾ ਰਾਮ | ਗਿਆਨੀ ਜ਼ੈਲ ਸਿੰਘ | 46 | 13-02-2017 | 1000/- |
| 36 | ਗੁਰਸ਼ਬਦ ਕੌਰ | ਰਤਨ ਸਿੰਘ | ਗਿਆਨੀ ਜ਼ੈਲ ਸਿੰਘ | 38 | 13-02-2017 | 1000/- |
| 37 | ਮਨਜੀਤ ਸਿੰਘ | ਪਿਆਰਾ ਸਿੰਘ | ਗਿਆਨੀ ਜ਼ੈਲ ਸਿੰਘ | 37 | 13-02-2017 | 1000/- |
| 38 | ਹਿੰਮਤ ਸਿੰਘ | ਕਰਨੈਲ ਸਿੰਘ | ਅਜ਼ਾਦ ਮਾਰਕੀਟ | 34 | 13-02-2017 | 1000/- |
| 39 | ਵਿਜੈ ਕੁਮਾਰ | ਬਨਾਰਸੀ ਦਾਸ | ਅਜ਼ਾਦ ਮਾਰਕੀਟ | 42 | 09-03-2017 | 1000/- |
| 40 | ਭਗਵਾਨ ਦਾਸ | ਮੇਲਾ ਰਾਮ | ਅਜ਼ਾਦ ਮਾਰਕੀਟ | 01 | 03-02-2017 | 1000/- |
| 41 | ਮੁਜਤਬਾ | ਤਾਇਰ | ਅਜ਼ਾਦ ਮਾਰਕੀਟ | 26 | 03-02-2017 | 1000/- |

| | | | | | | |
|---|---|---|---|---|---|---|
| 42 | ਤਾਇਰ ਸਜਾਦ | ਅਬਾਰ ਹੁਸੈਨ | ਅਜ਼ਾਦ ਮਾਰਕੀਟ | 25 | 03-02-2017 | 1000/- |
| 43 | ਨਰਿੰਦਰਪਾਲ | ਪ੍ਰਕਾਸ ਚੰਦ | ਅਜ਼ਾਦ ਮਾਰਕੀਟ | 27 | 09-03-2017 | 1000/- |
| 44 | ਨਰਿੰਦਰਪਾਲ | ਪ੍ਰਕਾਸ ਚੰਦ | ਅਜ਼ਾਦ ਮਾਰਕੀਟ | 28 | 09-03-2017 | 1000/- |
| 45 | ਵਿਜੈ ਕੁਮਾਰ | ਬਨਾਰਸੀ ਦਾਸ | ਅਜ਼ਾਦ ਮਾਰਕੀਟ | 41 | 09-03-2017 | 1000/- |
| 46 | ਪਵਨ ਕੁਮਾਰ | ਮੈਅਰ ਸਿੰਘ | ਅਜ਼ਾਦ ਮਾਰਕੀਟ | 20 | 09-03-2017 | 1000/- |
| 47 | ਇੱਕਜੋਤ ਸਿੰਘ | ਗੁਰਬਚਨ ਸਿੰਘ | ਅਜ਼ਾਦ ਮਾਰਕੀਟ | 18 | 09-03-2017 | 1000/- |
| 48 | ਇੱਕਜੋਤ ਸਿੰਘ | ਗੁਰਬਚਨ ਸਿੰਘ | ਅਜ਼ਾਦ ਮਾਰਕੀਟ | 17 | 09-03-2017 | 1000/- |
| 49 | ਬਲਜੀਤ ਕੌਰ | ਮਹਿਤਾਬ ਸਿੰਘ | ਅਜ਼ਾਦ ਮਾਰਕੀਟ | 46 | 09-03-2017 | 1000/- |
| 50 | ਰਜਨੀਸ਼ ਕੁਮਾਰ | ਲਾਲ ਚੰਦ | ਅਜ਼ਾਦ ਮਾਰਕੀਟ | 30 | 14-03-2017 | 1000/- |
| 51 | ਰਜਨੀਸ਼ ਕੁਮਾਰ | ਲਾਲ ਚੰਦ | ਅਜ਼ਾਦ ਮਾਰਕੀਟ | 31 | 10-03-2017 | 1000/- |
| 52 | ਗੁਰਮੇਲ ਸਿੰਘ | ਲਾਲ ਸਿੰਘ | ਅਜ਼ਾਦ ਮਾਰਕੀਟ | 16 | 06-03-2017 | 1000/- |
| 53 | ਵਿਜੈ ਕੁਮਾਰ | ਬਨਾਰਸੀ ਦਾਸ | ਅਜ਼ਾਦ ਮਾਰਕੀਟ | 40 | 23-02-2017 | 1000/- |
| 54 | ਮਨਿੰਦਰ ਕੁਮਾਰ | ਹਰੀ ਰਾਮ | ਅਜ਼ਾਦ ਮਾਰਕੀਟ | 38 | 13-02-2017 | 1000/- |
| 55 | ਬਾਜ ਸਿੰਘ | ਚੰਨਣ ਸਿੰਘ | ਅਜ਼ਾਦ ਮਾਰਕੀਟ | 60 | 13-02-2017 | 1000/- |
| 56 | ਪ੍ਰੇਮ ਸਿੰਘ | ਲਛਮਣ ਸਿੰਘ | ਅਜ਼ਾਦ ਮਾਰਕੀਟ | 39 | 09-03-2017 | 1000/- |
| 57 | ਬਲਜੀਤ ਕੌਰ | ਮ੍ਹਹਿਤਾਬ ਸਿੰਘ | ਅਜ਼ਾਦ ਮਾਰਕੀਟ | 45 | 13-02-2017 | 1000/ |
| 58 | ਨਿਰਮਲਾ ਦੇਵੀ | ਸਾਮ ਲਾਲ | ਸ਼ਹੀਦ ਭਗਤ ਸਿੰਘ ਮਾਰਕੀਟ | 13 | 13-02-2017 | 1000/- |
| 59 | ਅਰੂਣ ਚਾਵਲਾ | ਪ੍ਰੇਮ ਕੁਮਾਰ | ਸ਼ਹੀਦ ਭਗਤ ਸਿੰਘ ਮਾਰਕੀਟ | 06 | 09-03-2017 | 1000/- |
| 60 | ਅਸ਼ੋਕ ਕੁਮਾਰ | ਰਾਮ ਲਾਲ | ਸ਼ਹੀਦ ਭਗਤ ਸਿੰਘ ਮਾਰਕੀਟ | 10 | 09-03-2017 | 1000/- |
| 61 | ਅਸ਼ੋਕ ਕੁਮਾਰ | ਰਾਮ ਲਾਲ | ਸ਼ਹੀਦ ਭਗਤ ਸਿੰਘ ਮਾਰਕੀਟ | 05 | 13-02-2017 | 1000/- |

[ਸਥਾਨਕ ਸਰਕਾਰ ਮੰਤਰੀ]

| | | | | | | |
|---|---|---|---|---|---|---|
| 62 | ਤਿਲਕ ਰਾਜ | ਮੇਲਾ ਰਾਮ | ਸ਼ਹੀਦ ਭਗਤ ਸਿੰਘ ਮਾਰਕੀਟ | 08 | 13-02-2017 | 1000/- |
| 63 | ਆਸ਼ਾ ਰਾਣੀ | ਦੇਸ ਰਾਜ | ਸ਼ਹੀਦ ਭਗਤ ਸਿੰਘ ਮਾਰਕੀਟ | 21 | 09-03-2017 | 1000/- |
| 64 | ਰਜਨੀ ਰਾਣੀ | ਰਾਮ ਚੰਦ | ਸ਼ਹੀਦ ਭਗਤ ਸਿੰਘ ਮਾਰਕੀਟ | 22 | 13-02-2017 | 1000/- |
| 65 | ਅਸ਼ਵਨੀ ਕੁਮਾਰ | ਓਮ ਪ੍ਰਕਾਸ | ਸ਼ਹੀਦ ਭਗਤ ਸਿੰਘ ਮਾਰਕੀਟ | 17 | 13-02-2017 | 1000/- |
| 66 | ਅਸ਼ਵਨੀ ਕੁਮਾਰ | ਤਿਲਕ ਰਾਜ | ਸ਼ਹੀਦ ਭਗਤ ਸਿੰਘ ਮਾਰਕੀਟ | 07 | 13-02-2017 | 1000/- |
| 67 | ਪਵਨ ਕੁਮਾਰ | ਜਗਦੀਸ਼ ਲਾਲ | ਸ਼ਹੀਦ ਭਗਤ ਸਿੰਘ ਮਾਰਕੀਟ | 03 | 13-02-2017 | 1000/- |
| 68 | ਇੰਦਰਜੀਤ ਸਿੰਘ | ਜੈ ਸਿੰਘ | ਮਿਉਸਿਪਲ ਮਾਰਕੀਟ | 07 | 07-02-2017 | 1000/ |
| 69 | ਮੁਕੇਸ਼ ਕੁਮਾਰ | ਰਜਿੰਦਰ ਪ੍ਰਸਾਦ | ਬਠਿੰਡਾ ਰੋਡ | 11 | 07-02-2017 | 1000/ |
| 70 | ਜਤਿੰਦਰ ਸ਼ਰਮਾ | ਓਮ ਪ੍ਰਕਾਸ਼ | ਨੇੜੇ ਰੇਲਵੇ ਪੁੱਲ ਪੋੜੀਆਂ | | 07-02-2017 | 1000/ |
| 71 | ਨੰਦ ਲਾਲ | ਤੁਲਸੀ ਰਾਮ | ਨੇੜੇ ਦਾਣਾ ਮੰਡੀ | 84 ਦਾ ਹਿੱਸਾ | 28-02-2017 | 1000/ |

----

## ਦਲਿਤ ਪਰਿਵਾਰਾਂ ਦੇ ਬੱਚਿਆਂ ਦੀਆਂ ਸਲਾਨਾ ਪ੍ਰੀਖਿਆ ਫੀਸਾਂ ਭਰਨ ਸਬੰਧੀ

***1883. ਡਾਕਟਰ ਸੁਖਵਿੰਦਰ ਕੁਮਾਰ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੇ ਵੱਖ-ਵੱਖ ਸਕੂਲਾਂ ਵਿੱਚ ਦਸਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਪੜ੍ਹਦੇ ਦਲਿਤ ਪਰਿਵਾਰਾਂ ਨਾਲ ਸਬੰਧਿਤ ਬੱਚਿਆਂ ਦੀਆਂ ਜੋ ਸਲਾਨਾ ਪ੍ਰੀਖਿਆ ਫੀਸਾਂ ਪੰਜਾਬ ਸਰਕਾਰ ਵੱਲੋਂ ਅਦਾ ਕੀਤੀਆਂ ਜਾਂਦੀਆਂ ਸਨ, ਇਸ ਸਾਲ ਤੋਂ ਇਹ ਫੀਸਾਂ ਖੁਦ ਬੱਚਿਆਂ ਤੋਂ ਲੈਣ ਸਬੰਧੀ ਕੀਤੇ ਗਏ ਫੈਸਲੇ ਕਾਰਨ ਕਾਫੀ ਲੋੜਵੰਦ ਬੱਚੇ ਆਪਣੀਆਂ ਫੀਸਾਂ ਆਪ ਨਾ ਭਰ

ਸਕਣ ਕਾਰਨ ਪ੍ਰੀਖਿਆ ਦੇਣ ਤੋਂ ਵਾਂਝੇ ਰਹਿ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਕੀ ਸਰਕਾਰ ਇਸ ਫੈਸਲੇ ਤੇ ਮੁੜ ਵਿਚਾਰ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ ?

**ਸਰਦਾਰ ਸਾਧੂ ਸਿੰਘ :**

1. 10ਵੀਂ ਕਲਾਸ ਦੀਆਂ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਸਬੰਧੀ: ਰਾਜ ਸਰਕਾਰ ਵੱਲੋਂ ਚਲਾਈ ਜਾ ਰਹੀ ਰਾਜ ਵਿਦਿਅਕ ਭਲਾਈ ਸਕੀਮ ਤਹਿਤ ਰਾਜ ਦੇ ਵੱਖ-ਵੱਖ ਸਕੂਲਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ 10ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਕੀਤੀ ਜਾਂਦੀ ਹੈ।

   - ਪ੍ਰੀਖਿਆ ਫੀਸ ਵਿਦਿਆਰਥੀਆਂ ਤੋਂ ਲੈਣ ਸਬੰਧੀ ਡੀ.ਪੀ.ਆਈ.(ਸ) ਨੂੰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵੱਲੋਂ ਕੋਈ ਹਦਾਇਤਾਂ/ਫੈਸਲਾ ਜਾਰੀ ਨਹੀਂ ਕੀਤੀਆਂ ਗਈਆਂ।

   - ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਲਈ ਬਕਾਇਆ 41.96 ਕਰੋੜ ਰੁਪਏ ਦਾ ਬਜਟ ਉਪਬੰਧ ਕਰਵਾਉਣ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

2. +1, +2 ਕਲਾਸਾਂ ਦੀਆਂ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਸਬੰਧੀ

   - ਕੇਂਦਰੀ ਪ੍ਰਾਯੋਜਿਤ ਸਕੀਮ ਤਹਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ-ਟੂ-ਐਸ.ਸੀ. ਸਕੀਮ ਤਹਿਤ +1, +2 ਕਲਾਸਾਂ ਦੀ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਕੀਤੀ ਜਾਂਦੀ ਹੈ।

   - ਸਕੀਮ ਦੀਆਂ ਮਿਤੀ 01.04.2018 ਰਾਹੀਂ ਜਾਰੀ ਕੀਤੀਆਂ ਰਿਵਾਈਜ਼ਡ ਗਾਈਡ-ਲਾਈਨਜ਼ ਅਨੁਸਾਰ, ਕੇਂਦਰ ਸਰਕਾਰ ਨੇ ਪੱਤਰ ਨੰ. 14012/2/2010/ਐਸ.ਸੀ.ਡੀ.-VI ਮਿਤੀ 06.10.2010 ਰਾਹੀਂ ਪ੍ਰਾਈਵੇਟ ਸੰਸਥਾ ਵੱਲੋਂ ਫੀਸਾਂ ਲਏ ਬਿਨਾਂ ਵਿਦਿਆਰਥੀਆਂ ਨੂੰ ਦਾਖਲਾ ਦੇਣ ਸਬੰਧੀ ਹਦਾਇਤਾਂ ਵਾਪਸ ਲੈ ਲਈਆਂ ਹਨ।

   - ਭਾਰਤ ਸਰਕਾਰ ਵੱਲੋਂ ਪੱਤਰ ਨੰ. 14011/01/2018 ਐਸ.ਸੀ.ਡੀ.-V ਮਿਤੀ 11.07.2018 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਸਬੰਧਿਤ ਸੰਸਥਾਵਾਂ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ

ਪੀ.ਐਮ.ਐਸ-ਐਸ.ਸੀ. ਵਜ਼ੀਫਾ ਦੇਣ ਲਈ ਯੋਗ ਮਾਪਦੰਡ ਨਿਸ਼ਚਿਤ ਕਰਨ ਅਤੇ ਜੇਕਰ ਯੋਗ ਪਾਏ ਜਾਂਦੇ ਹਨ ਤਾਂ ਉਨ੍ਹਾਂ ਵਿਦਿਆਰਥੀਆਂ ਦੀਆਂ ਫੀਸਾਂ ਜਮ੍ਹਾਂ ਕਰਵਾਉਣ ਦੀ ਮਿਤੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ, ਜਦੋਂ ਤੱਕ ਸਕਾਲਰਸ਼ਿਪ ਉਨ੍ਹਾਂ ਦੇ ਖਾਤੇ ਵਿੱਚ ਟਰਾਂਸਫਰ ਨਹੀਂ ਹੁੰਦੀ। ਜੇਕਰ ਜ਼ਰੂਰੀ ਹੋਵੇ, ਸੰਸਥਾਵਾਂ ਵਿਦਿਆਰਥੀਆਂ ਤੋਂ ਭਰੋਸਾ ਲੈ ਸਕਦੀਆਂ ਹਨ ਕਿ ਜਦ ਵੀ ਉਨ੍ਹਾਂ ਦੇ ਖਾਤੇ ਵਿੱਚ ਰਾਸ਼ੀ ਆਵੇਗੀ, ਉਹ ਫੀਸਾਂ ਸੰਸਥਾ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਦੇਣਗੇ। ਇਹ ਹਦਾਇਤਾਂ ਲਾਗੂਕਰਤਾ ਵਿਭਾਗਾਂ ਰਾਹੀਂ ਸੰਬੰਧਿਤ ਸੰਸਥਾਵਾਂ ਨੂੰ ਮਿਤੀ 12.07.2018 ਰਾਹੀਂ ਜਾਰੀ ਕਰ ਦਿੱਤੀਆਂ ਗਈਆਂ ਹਨ।

----

## ਧਾਰੀਵਾਲ-ਕਸੂਰ ਡਰੇਨ ਦੀ ਸਫਾਈ ਕਰਵਾਉਣਾ

***1855. ਸਰਦਾਰ ਸੁਖਪਾਲ ਸਿੰਘ ਭੁੱਲਰ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਧਾਰੀਵਾਲ ਤੋਂ ਕਸੂਰ ਨਾਲੇ ਦੀ ਵਿਧਾਨ ਸਭਾ ਹਲਕਾ, ਖੇਮਕਰਨ ਦੇ ਏਰੀਏ ਵਿੱਚ ਸਫਾਈ ਅਤੇ ਨਿਸ਼ਾਨਦੇਹੀ ਦਾ ਕੰਮ ਹੁਣ ਤੱਕ ਪੈਂਡਿੰਗ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕੰਮ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਧਾਰੀਵਾਲ ਤੋਂ ਆਉਂਦੇ ਅਤੇ ਖੇਮਕਰਨ ਹਲਕੇ ਵਿੱਚ ਪੈਂਦੇ ਕਸੂਰ ਨਾਲੇ ਦੀ ਬੁਰਜੀ 0 ਤੋਂ ਬੁਰਜੀ 28000 ਤੱਕ ਦੀ ਸਫਾਈ/ਰੀਸੈਕਸ਼ਨਿੰਗ ਲਈ 2.68 ਕਰੋੜ ਰੁਪਏ ਦਾ ਪ੍ਰਾਜੈਕਟ ਜਲ ਸਰੋਤ ਵਿਭਾਗ ਵੱਲੋਂ ਤਿਆਰ ਕੀਤਾ ਗਿਆ ਹੈ ਅਤੇ ਨਬਾਰਡ ਅਧੀਨ ਫੰਡਜ਼ ਪ੍ਰਾਪਤ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਫੰਡਜ਼ ਪ੍ਰਾਪਤ ਹੋਣ ਤੇ ਤੁਰੰਤ ਨਾਲੇ ਦੀ ਸਫਾਈ ਦਾ ਕੰਮ ਕਰਵਾ ਲਿਆ ਜਾਵੇਗਾ। ਇਸ ਤੋਂ ਇਲਾਵਾ ਬੁਰਜੀ 28000 ਤੋਂ ਬੁਰਜੀ 127000 ਤੱਕ ਦੀ ਸਫਾਈ ਦਾ ਪ੍ਰਾਜੈਕਟ ਵੀ ਜਲ ਸਰੋਤ ਵਿਭਾਗ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ।

ਕਸੂਰ ਨਾਲੇ ਦੀ ਬੁਰਜੀ 0 ਤੋਂ ਬੁਰਜੀ 28000 ਦੀ ਨਿਸ਼ਾਨਦੇਹੀ ਲੈਣ ਲਈ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਤਰਨਤਾਰਨ ਅਤੇ ਰੈਵੀਨਿਊ ਵਿਭਾਗ ਤਰਨਤਾਰਨ ਨਾਲ ਤਾਲਮੇਲ ਕਰਕੇ ਜਲਦੀ ਨਿਸ਼ਾਨਦੇਹੀ ਕਰਵਾ ਲਈ ਜਾਵੇ।

----

## ਆਸ਼ਾ ਵਰਕਰਾਂ ਨੂੰ ਬੱਝਵਾਂ ਭੱਤਾ ਦੇਣਾ

***1875. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਵਿੱਚ ਕੰਮ ਕਰਦੀਆਂ ਆਸ਼ਾ ਵਰਕਰਾਂ ਨੂੰ ਹਰਿਆਣਾ ਰਾਜ ਦੀ ਤਰ੍ਹਾਂ ਬੱਝਵਾਂ ਭੱਤਾ ਦਿੱਤੇ ਜਾਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸ਼੍ਰੀ ਬ੍ਰਹਮ ਮਹਿੰਦਰਾ:** ਨਹੀਂ ਜੀ।

-----

## UNSTARRED QUESTIONS AND ANSWERS

## ਨਸ਼ੇ ਵੇਚਣ ਵਾਲਿਆਂ/ਸਮੱਗਲਰਾਂ ਵਿਰੁੱਧ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ

**239. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪਿਛਲੇ ਪੰਜ ਸਾਲਾਂ ਵਿੱਚ ਵੱਖ-ਵੱਖ ਨਸ਼ੇ ਵੇਚਣ ਵਾਲਿਆਂ/ਸਮੱਗਲਰਾਂ ਵਿਰੁੱਧ ਦਰਜ ਕੀਤੇ ਗਏ ਪ੍ਰਤੀ ਸਾਲ ਕੇਸਾਂ ਦੀ ਗਿਣਤੀ ਕਿੰਨੀ ਹੈ;

(ਅ) ਇਨ੍ਹਾਂ ਕੇਸਾਂ ਵਿੱਚੋਂ ਕਿੰਨੇ ਕੇਸਾਂ ਦੇ ਪ੍ਰਤੀ ਸਾਲ ਕਿੰਨੇ ਚਲਾਨ ਅਦਾਲਤਾਂ ਵਿੱਚੋਂ ਪੇਸ਼ ਹੋ ਚੁੱਕੇ ਹਨ ਅਤੇ ਕਿੰਨੇ ਬਾਕੀ ਹਨ;

(ੲ) ਅਦਾਲਤਾਂ ਵਿੱਚ ਚਲਦੇ ਮੁਕੱਦਮਿਆਂ ਵਿੱਚੋਂ ਕਿੰਨੇ ਦੋਸ਼ੀਆਂ ਨੂੰ ਸਜ਼ਾ ਹੋ ਚੁੱਕੀ ਹੈ ਅਤੇ ਕਿੰਨੇ ਦੋਸ਼ੀ ਬਰੀ ਹੋ ਚੁੱਕੇ ਹਨ ?

**ਕੈਪਟਨ ਅਮਰਿੰਦਰ ਸਿੰਘ:** ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ ਅਨੁਸਾਰ ਹੈ।

## (ਸਟੇਟਮੈਂਟ)

| (ੳ) ਕੇਸਾਂ ਦਾ ਪ੍ਰਤੀ ਸਾਲ ਦਰਜ ਕੀਤੇ, ਅਦਮਪਤਾ ਹੋਏ, ਅਖਰਾਜ ਹੋਏ ਕੇਸਾਂ ਦਾ ਵੇਰਵਾ | | | | | (ਅ) ਚਲਾਨ ਪੇਸ਼ ਕੀਤੇ ਗਏ ਕੇਸ ਅਤੇ ਜ਼ੇਰੇ ਤਫਤੀਸ਼ ਕੇਸਾਂ ਦਾ ਪ੍ਰਤੀ ਸਾਲ ਵੇਰਵਾ | | (ੲ) ਅਦਾਲਤਾਂ ਵਿੱਚ ਚਲਦੇ ਮੁਕੱਦਮਿਆਂ ਵਿੱਚੋਂ ਕਿੰਨੇ ਦੋਸ਼ੀਆਂ ਨੂੰ ਸਜ਼ਾ ਹੋ ਚੁੱਕੀ ਹੈ ਕਿੰਨੇ ਦੋਸ਼ੀ ਬਰੀ ਹੋ ਚੁੱਕੇ ਹਨ | |
|---|---|---|---|---|---|---|---|---|
| ਲੜੀ ਨੰ: | ਸਾਲ | ਦਰਜ | ਅਦਮਪਤਾ ਕੇਸਾਂ ਦੀ ਗਿਣਤੀ (Untracd) | ਅਖਰਾਜ ਕੇਸਾਂ ਦੀ ਗਿਣਤੀ (Cancelled) | ਚਲਾਨ ਪੇਸ਼ ਅਦਾਲਤ ਕੀਤੇ ਕੇਸਾਂ ਦੀ ਗਿਣਤੀ | ਜ਼ੇਰੇ ਤਫਤੀਸ਼/ ਚਲਾਣ ਪੇਸ਼ ਕਰਨ ਬਾਕੀ ਕੇਸਾਂ ਦੀ ਗਿਣਤੀ | ਇਨ੍ਹਾਂ ਹੀ ਕੇਸਾਂ ਵਿੱਚੋਂ ਸਜ਼ਾ ਹੋਏ ਦੋਸ਼ੀਆਂ ਦੀ ਗਿਣਤੀ | ਇਨ੍ਹਾਂ ਹੀ ਕੇਸਾਂ ਵਿੱਚੋਂ ਬਰੀ ਹੋਏ ਦੋਸ਼ੀਆਂ ਦੀ ਗਿਣਤੀ |
| 1 | 2014 ਦੇ ਨਵੇਂ ਕੇਸ | 13906 | 72 | 277 | 7522 | 6035 | 3294 | 1221 |
| 2 | 2015 ਦੇ ਨਵੇਂ ਕੇਸ<br>2014 ਦੇ ਬਾਕੀ ਕੇਸ | 9681<br>6035 | 48<br>58 | 193<br>72 | 5448<br>4837 | 3992<br>1068 | 2699<br>2355 | 960<br>767 |
| 3 | 2016 ਦੇ ਨਵੇਂ ਕੇਸ<br>2015 ਦੇ ਬਾਕੀ ਕੇਸ | 5745<br>5060 | 31<br>24 | 127<br>83 | 3629<br>3641 | 1958<br>1312 | 1999<br>1819 | 522<br>447 |
| 4 | 2017 ਦੇ ਨਵੇਂ ਕੇਸ<br>2016 ਦੇ ਬਾਕੀ | 12058<br>3270 | 58<br>15 | 123<br>37 | 6813<br>1981 | 5064<br>1237 | 1701<br>1099 | 557<br>248 |

| | | | | | | | | |
|---|---|---|---|---|---|---|---|---|
| 5 | 2018 ਦੇ ਨਵੇਂ ਕੇਸ 2017 ਦੇ ਬਾਕੀ ਕੇਸ | 11352<br>6301 | 195<br>299 | 110<br>222 | 5332<br>4207 | 5715<br>1573 | 1254<br>1318 | 568<br>430 |
| 6 | 2018 ਦੇ ਬਾਕੀ ਕੇਸ | 7288 | 9 | 24 | 1280 | 5975 | 176 | 138 |

-----

## ਸ਼ਰਾਬ ਦੀਆਂ ਫੈਕਟਰੀਆਂ ਦੀ ਗਿਣਤੀ

**240. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) 31 ਮਾਰਚ, 2012 ਤੱਕ ਪੰਜਾਬ ਵਿੱਚ ਸ਼ਰਾਬ ਦੀਆਂ ਕਿੰਨੀਆਂ ਫੈਕਟਰੀਆਂ ਚੱਲ ਰਹੀਆਂ ਸਨ ਤੇ ਉਨ੍ਹਾਂ ਦੀ ਸ਼ਰਾਬ ਦੀ ਪੈਦਾਵਾਰ ਕਿੰਨੀ ਸੀ;

(ਅ) ਮੌਜੂਦਾ ਸਮੇਂ ਸ਼ਰਾਬ ਦੀਆਂ ਕਿੰਨੀਆਂ ਫੈਕਟਰੀਆਂ ਚੱਲ ਰਹੀਆਂ ਹਨ ਅਤੇ ਉਨ੍ਹਾਂ ਦੀ ਸ਼ਰਾਬ ਦੀ ਪੈਦਾਵਾਰ ਕਿੰਨੀ ਹੈ?

**ਕੈਪਟਨ ਅਮਰਿੰਦਰ ਸਿੰਘ:**

(ੳ) 31.03.2012 ਤੱਕ ਪੰਜਾਬ ਰਾਜ ਵਿੱਚ 12 ਡਿਸਟਿਲਰੀਆਂ ਸਨ। ਇਨ੍ਹਾਂ ਡਿਸਟਿਲਰੀਆਂ ਵੱਲੋਂ 7,91,48,260.80 ਪਰੂਫ ਲੀਟਰ ਦੇਸੀ ਸ਼ਰਾਬ ਅਤੇ 6,39,54,678.39 ਪਰੂਫ ਲੀਟਰ ਅੰਗਰੇਜ਼ੀ ਸ਼ਰਾਬ ਪੈਦਾਵਾਰ ਕੀਤੀ ਸੀ। 31.03.2012 ਤੱਕ ਪੰਜਾਬ ਰਾਜ ਵਿੱਚ 21 ਬਾਟਲਿੰਗ ਪਲਾਂਟ ਸਨ ਅਤੇ ਉਨ੍ਹਾਂ ਵੱਲੋਂ ਇਸ ਸਮੇਂ ਦੌਰਾਨ 4,83,01,065.41 ਪਰੂਫ ਲੀਟਰ ਅੰਗਰੇਜ਼ੀ ਸ਼ਰਾਬ ਦੀ ਪੈਦਾਵਾਰ ਕੀਤੀ ਗਈ ਸੀ।

(ਅ) ਨਵੰਬਰ, 2018 ਤੱਕ ਪੰਜਾਬ ਰਾਜ ਵਿੱਚ 16 ਡਿਸਟਿਲਰੀਆਂ ਚੱਲ ਰਹੀਆਂ ਹਨ। ਇਨ੍ਹਾਂ ਡਿਸਟਿਲਰੀਆਂ ਵੱਲੋਂ 5,11,39,620 ਪਰੂਫ ਲੀਟਰ ਦੇਸ਼ੀ ਸ਼ਰਾਬ ਅਤੇ 12,42,68,136.8 ਪਰੂਫ ਲੀਟਰ ਅੰਗਰੇਜ਼ੀ ਸ਼ਰਾਬ ਦੀ ਪੈਦਾਵਾਰ ਕੀਤੀ ਗਈ ਹੈ।

[ਮੁੱਖ ਮੰਤਰੀ]

ਇਸ ਤੋਂ ਇਲਾਵਾ ਨਵੰਬਰ, 2018 ਤੱਕ ਪੰਜਾਬ ਰਾਜ ਵਿੱਚ 25 ਬਾਟਲਿੰਗ ਪਲਾਂਟ ਹਨ। ਇਨ੍ਹਾਂ ਬਾਟਲਿੰਗ ਪਲਾਂਟਾਂ ਵੱਲੋਂ 6,12,55,025.36 ਪਰੂਫ ਲੀਟਰ ਅੰਗਰੇਜ਼ੀ ਸ਼ਰਾਬ ਦੀ ਪੈਦਾਵਾਰ ਕੀਤੀ ਗਈ ਹੈ।

-----

## ਪੰਜਾਬ ਵਿੱਚ ਡੇਂਗੂ ਕੇਸਾਂ ਦੀ ਗਿਣਤੀ

**241. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਪੰਜਾਬ ਵਿੱਚ ਸਾਲ 2017 ਅਤੇ ਸਾਲ 2018 ਵਿੱਚ ਡੇਂਗੂ ਦੇ ਕੁੱਲ ਕਿੰਨੇ ਕੇਸ ਪਾਏ ਗਏ;

(ਅ) ਮੱਛਰ ਮਾਰਨ/ਸਪਰੇਅ ਕਰਨ ਵਾਸਤੇ ਪੰਜਾਬ ਵਿੱਚ ਕੁੱਲ ਕਿੰਨੀਆਂ ਫੋਗਿੰਗ ਮਸ਼ੀਨਾਂ ਹਨ;

(ੲ) ਸਪਰੇਅ ਕਰਨ ਵਾਲੀ ਦਵਾਈ ਉੱਪਰ ਪੰਜਾਬ ਵਿੱਚ ਕੁੱਲ ਕਿੰਨਾ ਖਰਚ ਕੀਤਾ ਗਿਆ;

(ਸ) ਮਾਨਸਾ ਸ਼ਹਿਰ ਵਿੱਚ ਡੇਂਗੂ ਰੋਕਣ ਲਈ ਫੋਗਿੰਗ ਉੱਪਰ ਕੁੱਲ ਕਿੰਨਾ ਖਰਚ ਕੀਤਾ ਗਿਆ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਪੰਜਾਬ ਰਾਜ ਵਿੱਚ ਸਾਲ 2017 ਵਿੱਚ ਡੇਂਗੂ ਦੇ 15398 ਅਤੇ ਸਾਲ 2018 ਵਿੱਚ 15009 ਪੋਜ਼ੇਟਿਵ ਕੇਸ ਪਾਏ ਗਏ ਸਨ।

(ਅ) ਸਥਾਨਕ ਸਰਕਾਰ ਵਿਭਾਗ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਨਗਰ ਨਿਗਮਾਂ ਪਾਸ 181 ਅਤੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਪਾਸ 198 ਕੁੱਲ 379 ਫੋਗਿੰਗ ਮਸ਼ੀਨਾਂ ਹਨ। ਸਿਹਤ ਵਿਭਾਗ ਪਾਸ 112 ਹੈਂਡ ਹੈਂਡਲਿੰਗ (ਘਰਾਂ ਦੇ ਅੰਦਰ ਫੋਗਿੰਗ ਕਰਨ ਵਾਲੀਆਂ ਮਸ਼ੀਨਾਂ) ਹਨ।

(ੲ) ਸਥਾਨਕ ਸਰਕਾਰ ਵਿਭਾਗ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਨਗਰ ਨਿਗਮਾਂ ਲਈ 93,68,790/–ਰੁਪਏ ਅਤੇ ਨਗਰ ਕੌਂਸਲਾਂ/ ਨਗਰ ਪੰਚਾਇਤਾਂ ਲਈ 83,38,000/– ਰੁਪਏ ਦੀ ਦਵਾਈ ਖ੍ਰੀਦੀ ਗਈ। ਸਿਹਤ ਵਿਭਾਗ ਵੱਲੋ ਸਾਲ 2018 ਦੌਰਾਨ 21,19,450/– ਰੁਪਏ ਦੀ ਦਵਾਈ ਦੀ ਖ੍ਰੀਦ ਕੀਤੀ ਗਈ।

(ਸ) ਸਥਾਨਕ ਸਰਕਾਰ ਵਿਭਾਗ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਮਾਨਸਾ ਸ਼ਹਿਰ ਵਿੱਚ 1,02,000/– ਰੁਪਏ ਡੇਂਗੂ ਰੋਕਣ ਲਈ ਫੋਗਿੰਗ ਉਪਰ ਖਰਚ ਕੀਤਾ ਗਿਆ। ਸਿਹਤ ਵਿਭਾਗ ਵੱਲੋਂ ਮਾਨਸਾ ਸ਼ਹਿਰ ਵਿੱਚ 53,956/– ਰੁਪਏ ਡੇਂਗੂ ਰੋਕਣ ਲਈ ਫੋਗਿੰਗ ਉਪਰ ਖਰਚ ਕੀਤਾ ਗਿਆ।

-----

## ਆਟਾ-ਦਾਲ ਸਕੀਮ ਦੇ ਲਾਭਪਾਤਰੀ

**242. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪੰਜਾਬ ਦੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਅਯੋਗ ਲਾਭਪਾਤਰੀਆਂ ਨੂੰ ਆਟਾ ਦਾਲ ਸਕੀਮ ਦਾ ਫਾਇਦਾ ਦਿੱਤਾ ਜਾ ਰਿਹਾ ਹੈ;

(ਅ) ਕੀ ਸਰਕਾਰ ਦੀ ਨੀਤੀ ਮੁਤਾਬਿਕ ਲਾਭਪਤਾਰੀ ਦੀ ਗਿਣਤੀ ਅਤੇ ਕੋਈ ਸੀਮਾ ਨਿਰਧਾਰਤ ਕੀਤੀ ਹੈ ਜਾਂ ਜਿਹੜਾ ਵੀ ਆਟਾ-ਦਾਲ ਦੇ ਯੋਗ ਹੈ, ਉਸ ਹਰ ਵਿਅਕਤੀ ਨੂੰ ਦਿੱਤੀ ਜਾਂਦੀ ਹੈ;

(ੲ) ਕੀ ਇਸ ਸਕੀਮ ਅਧੀਨ ਦਰਜ ਕੀਤੇ ਗਏ ਲਾਭਪਾਤਰੀਆਂ ਦੀ ਚੈਕਿੰਗ ਦੌਰਾਨ ਕੋਈ ਲਾਭਪਾਤਰੀ ਅਯੋਗ ਪਾਏ ਗਏ; ਜੇਕਰ ਹਾਂ ਤਾਂ ਉਨ੍ਹਾਂ ਦੇ ਲਾਭਪਾਤਰੀ ਕਾਰਡ ਬਣਾਉਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਉੱਪਰ ਦੀ ਕਾਰਵਾਈ ਕੀਤੀ ਗਈ?

**ਸ਼੍ਰੀ ਭਾਰਤ ਭੂਸ਼ਣ ਆਸ਼ੂ:**

(ੳ) ਜੀ ਨਹੀਂ।

(ਅ) ਜੀ ਹਾਂ, ਰਾਜ ਵਿੱਚ ਇਸ ਸਕੀਮ ਅਧੀਨ ਭਾਰਤ ਸਰਕਾਰ ਦੀਆਂ ਹਦਾਇਤਾਂ (ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013) ਅਨੁਸਾਰ ਤਹਿ ਕੀਤੇ ਗਏ ਮਾਪਦੰਡਾਂ ਸਨਮੁੱਖ 141.45 ਲੱਖ ਜੀਆਂ ਨੂੰ ਲਾਭ ਦੇਣ ਦੀ ਸੀਮਾ ਨਿਰਧਾਰਤ ਹੈ।

(ੲ) ਅਯੋਗ ਲਾਭਪਾਤਰੀਆਂ ਨੂੰ ਖਤਮ ਕਰਨਾ ਅਤੇ ਯੋਗ ਲਾਭਪਾਤਰੀਆਂ ਨੂੰ ਸ਼ਾਮਲ ਕਰਨਾ ਇੱਕ ਨਿਰੰਤਰ ਪ੍ਰਕਿਰਿਆ ਹੈ। ਇਸ ਸਮੇਂ ਸਮਾਰਟ ਰਾਸ਼ਨ ਕਾਰਡ ਸਕੀਮ ਦੇ ਲਾਭਪਾਤਰੀਆਂ ਦੀ ਸ਼ਨਾਖਤ ਦਾ ਕੰਮ ਚੱਲ ਰਿਹਾ ਹੈ। ਸਰਕਾਰ ਵਲੋਂ ਅਧਿਕਾਰੀਆਂ/ ਕਰਮਚਾਰੀਆਂ ਵਲੋਂ ਕੀਤੀ ਗਈ ਆਪਣੇ ਕੰਮ ਪ੍ਰਤੀ ਅਣਗਹਿਲੀ ਦੇ ਖਿਲਾਫ ਯੋਗ ਕਾਰਵਾਈ ਕੀਤੀ ਜਾਂਦੀ ਹੈ।ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਅਨੁਸਾਰ ਅਜਿਹੇ ਅਯੋਗ ਲਾਭਪਾਤਰੀਆਂ ਨੂੰ ਯੋਗ ਲਾਭਪਾਤਰੀਆਂ ਦੀ ਸੂਚੀ ਵਿੱਚੋ ਖਾਰਜ ਕਰਨ ਲਈ ਇਸ ਐਕਟ ਵਿੱਚ ਲੋੜੀਂਦੇ ਉਪਬੰਧ ਅਤੇ ਨਿਯਮ ਉਪਲਬਧ ਹਨ।

-----

## ਮੀਰਥਲ ਨਾਲੂੰਗਾ ਪੁਲ ਲਈ ਬਜਟ ਮੁਹੱਈਆ ਕਰਵਾਉਣਾ

**254. ਸ਼੍ਰੀ ਅਮਿਤ ਵਿੱਜ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੀਰਥਲ ਨਾਲੂੰਗਾ ਪੁਲ ਲਈ ਪਿਛਲੇ ਬਜਟ ਵਿੱਚ ਉਪਬੰਧ ਕੀਤਾ ਗਿਆ 23 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਮੁਹੱਈਆ ਕਰਵਾ ਦਿੱਤਾ ਜਾਵੇਗਾ ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਮੀਰਥਲ ਨਾਲੂੰਗਾ ਵਿਖੇ ਰੋਡ ਅੰਡਰਬ੍ਰਿਜ ਦੀ ਪ੍ਰਸ਼ਾਸਕੀ ਪ੍ਰਵਾਨਗੀ ਸਾਲ 2018-19 ਵਾਸਤੇ ਬਾਬਤ ਰਕਮ 16.00 ਕਰੋੜ ਰੁਪਏ ਦੀ ਪ੍ਰਾਪਤ ਹੋਈ ਹੈ। ਰੇਲਵੇ ਵਿਭਾਗ ਦੀ ਕੰਪੀਟੈਂਟ ਅਥਾਰਟੀ ਵੱਲੋਂ ਵੀ ਇਹ ਕੰਮ ਮਨਜ਼ੂਰ ਕਰ ਦਿੱਤਾ ਗਿਆ ਹੈ। ਰੇਲਵੇ ਪੋਰਸ਼ਨ ਵਿੱਚ ਕੰਮ ਰੇਲਵੇ ਵਿਭਾਗ ਵੱਲੋਂ ਕੀਤਾ ਜਾਣਾ ਹੈ ਅਤੇ ਇਸ ਦਾ ਅਨੁਮਾਨ ਵੀ ਰੇਲਵੇ ਵਿਭਾਗ ਵੱਲੋਂ ਦਿੱਤਾ ਜਾਣਾ ਹੈ। ਜੇਕਰ ਰੇਲਵੇ ਵਿਭਾਗ ਦੇ ਰੇਲਵੇ ਪੋਰਸ਼ਨ ਦੇ ਅਨੁਮਾਨ ਅਤੇ ਲੋਕ ਨਿਰਮਾਣ ਵਿਭਾਗ ਦੇ ਅੰਡਰਬ੍ਰਿਜ ਦੀਆਂ ਅਪਰੋਚਾਂ ਦੇ ਅਨੁਮਾਨ ਨੂੰ ਜੋੜ ਕੇ ਰਿਵਾਇਜ਼ਡ ਪ੍ਰਸ਼ਾਸਕੀ ਪ੍ਰਵਾਨਗੀ ਦੀ ਲੋੜ ਪਵੇਗੀ, ਉਹ ਕੰਪੀਟੈਂਟ ਅਥਾਰਟੀ ਕੋਲ ਕਰਵਾ ਲਈ ਜਾਵੇਗੀ।ਕੰਮ ਅਲਾਟ ਹੋਣ ਤੋਂ ਬਾਅਦ ਕੰਮ ਦੀ ਪ੍ਰਗਤੀ ਦੇ ਨਾਲ-ਨਾਲ ਬਜਟ ਪ੍ਰਾਪਤ ਕਰ ਲਿਆ ਜਾਵੇਗਾ।

----

## ਤਲਵਾੜਾ ਜੱਟਾਂ ਪੁਲ ਲਈ ਰਹਿੰਦਾ ਬਜਟ ਮੁਹੱਈਆ ਕਰਵਾਉਣਾ

**255. ਸ਼੍ਰੀ ਅਮਿਤ ਵਿੱਜ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਲਵਾੜਾ ਜੱਟਾਂ ਹਾਈ ਲੈਵਲ ਪੁਲ ਲਈ ਬਾਕੀ ਰਹਿੰਦੇ ਤਕਰੀਬਨ 3.5 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਦੇ ਦਿੱਤਾ ਜਾਵੇਗਾ, ਜਿਸ ਲਈ ਪਿਛਲੇ ਬਜਟ ਸਮਾਗਮ ਵਿੱਚ 22 ਕਰੋੜ ਰੁਪਏ ਮੁਹੱਈਆ ਕਰਵਾ ਦਿੱਤੇ ਗਏ ਸਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਇਸ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਸਾਲ 2018-19 ਵਾਸਤੇ ਬਾਬਤ ਰਕਮ 22.00 ਕਰੋੜ ਰੁਪਏ ਦੀ ਪ੍ਰਾਪਤ ਹੋਈ ਹੈ। ਇਹ ਕੰਮ ਏਜੰਸੀ ਨੂੰ ਅਲਾਟ ਹੋ ਚੁੱਕਾ ਹੈ। ਇਸ ਕੰਮ ਦੀ ਰਿਵਾਈਜ਼ਡ ਪ੍ਰਵਾਨਗੀ ਦਾ ਕੇਸ ਬਾਬਤ ਰਕਮ 24.54 ਕਰੋੜ ਦਾ ਭੇਜਿਆ ਗਿਆ ਹੈ। ਮਨਜ਼ੂਰੀ ਪ੍ਰਾਪਤ ਹੋਣ ਤੇ ਇਸ ਕੰਮ ਦੀ ਰਿਵਾਈਜ਼ਡ ਪ੍ਰਸ਼ਾਸਕੀ ਪ੍ਰਵਾਨਗੀ ਸਾਲ 2019-20 ਵਿੱਚ 24.54 ਕਰੋੜ ਕਰ ਦਿੱਤੀ ਜਾਵੇਗੀ। ਕੰਮ ਦੀ ਪ੍ਰਗਤੀ ਦੇ ਨਾਲ-ਨਾਲ ਇਸ ਕੰਮ ਦਾ ਨਾਲ-ਨਾਲ ਬਜਟ ਪ੍ਰਾਪਤ ਹੋ ਜਾਵੇਗਾ।

----

## ਬੀ.ਪੀ.ਈ.ਓ.-1 ਵਾਪਸ ਪਠਾਨੋਕਟ ਸ਼ਿਫਟ ਕਰਨਾ

**257. ਸ਼੍ਰੀ ਅਮਿਤ ਵਿੱਜ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ-1 ਨੂੰ ਪਠਾਨਕੋਟ ਵਾਪਸ ਕਦੋਂ ਤੱਕ ਬਦਲ ਦਿੱਤਾ ਜਾਵੇਗਾ ਕਿਉਂਕਿ ਵਿਧਾਨ ਸਭਾ ਹਲਕਾ, ਪਠਾਨਕੋਟ ਦੇ ਅਧੀਨ ਜ਼ਿਆਦਾਤਰ ਸ਼ਹਿਰੀ ਸਕੂਲ ਆਉਂਦੇ ਹਨ ?

**ਸ਼੍ਰੀ ਓਮ ਪ੍ਰਕਾਸ਼ ਸੋਨੀ:** ਬਲਾਕ ਪ੍ਰਾਇਮਰੀ ਸਿੱਖਿਆ ਦਫਤਰ-1 ਨੂੰ ਪਠਾਨਕੋਟ ਵਾਪਸ ਬਦਲਣ ਦੀ ਵਿਭਾਗ ਦੇ ਵਿਚਾਰ ਅਧੀਨ ਕੋਈ ਤਜਵੀਜ਼ ਨਹੀਂ ਹੈ। ਸਮੂਹ ਜ਼ਿਲ੍ਹਿਆਂ ਅਧੀਨ ਆਉਂਦੇ ਬਲਾਕਾਂ ਵਿੱਚ ਪੈਂਦੇ ਸਕੂਲਾਂ ਦੀ ਗਿਣਤੀ ਵਿੱਚ ਇਕਸਾਰਤਾ ਲਿਆਉਣ ਲਈ ਰੈਸ਼ਨੇਲਾਈਜ਼ੇਸ਼ਨ ਕੀਤੀ ਗਈ ਹੈ। ਇਸ ਰੈਸ਼ਨੇਲਾਈਜ਼ੇਸ਼ਨ ਦੌਰਾਨ ਬੀ.ਪੀ.ਈ.ਓ. ਦਫਤਰਾਂ ਨੂੰ ਸਬੰਧਿਤ ਬਲਾਕ ਅਧੀਨ ਪੈਂਦੇ ਸਕੂਲਾਂ ਦੇ ਮੱਧ ਵਿੱਚ ਸਥਾਪਿਤ ਕੀਤਾ ਗਿਆ ਹੈ ਤਾਂ ਜੋ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਆਪਣੇ ਅਧੀਨ ਆਉਂਦੇ ਸਕੂਲਾਂ ਦੀ ਚੰਗੀ ਤਰ੍ਹਾਂ ਨਿਗਰਾਨੀ ਕਰ ਸਕਣ ਅਤੇ ਅਧਿਆਪਕਾਂ ਨੂੰ ਵੀ ਆਪਣੇ ਕੰਮ ਕਰਵਾਉਣ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਪ੍ਰਕ੍ਰਿਆ ਦੌਰਾਨ ਪਠਾਨਕੋਟ-1 ਅਧੀਨ ਆਉਂਦੇ ਸ਼ਹਿਰੀ ਸਕੂਲ ਬਲਾਕ ਪਠਾਨਕੋਟ-3 ਅਤੇ ਪੇਂਡੂ ਖੇਤਰ ਦੇ ਸਕੂਲ ਬਲਾਕ ਘਰੋਟਾ ਵਿਖੇ ਸ਼ਿਫਟ ਹੋਣ ਨਾਲ ਬਲਾਕ ਪਠਾਨਕੋਟ-1 ਖਤਮ ਹੋ ਗਿਆ ਹੈ। ਇਸ ਤਰ੍ਹਾਂ ਬਲਾਕ ਪ੍ਰਾਇਮਰੀ ਸਿਖਿਆ ਦਫਤਰ-1 ਨੂੰ ਪਠਾਨਕੋਟ ਸ਼ਹਿਰ ਵਿਖੇ ਸ਼ਿਫਟ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

----

## ਸ.ਪ.ਸ.,ਐਮ.ਸੀ. ਬਜ਼ਾਰ ਐਸ.ਐਮ.ਐਸ. ਸੀਨੀਅਰ ਸਕੂਲ ਵਿੱਚ ਸ਼ਿਫਟ ਕਰਨਾ

**258. ਸ਼੍ਰੀ ਅਮਿਤ ਵਿੱਜ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ, ਐਮ.ਸੀ. ਬਜ਼ਾਰ ਦੇ ਨੇੜੇ ਗੰਦੇ ਨਾਲੇ ਦੇ ਵਗਣ ਕਾਰਨ ਇਸ ਵਿੱਚ ਪੜ੍ਹ ਰਹੇ 30 ਵਿਦਿਆਰਥੀਆਂ ਦੀ ਸਿਹਤ ਦੇ ਮੱਦੇਨਜ਼ਰ ਇਸ ਨੂੰ ਐਸ.ਐਮ.ਐਸ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਕਦੋਂ ਤੱਕ ਸ਼ਿਫਟ ਕਰ ਦਿੱਤਾ ਜਾਵੇਗਾ?

**ਸ਼੍ਰੀ ਓਮ ਪ੍ਰਕਾਸ਼ ਸੋਨੀ:** ਸਰਕਾਰੀ ਪ੍ਰਾਇਮਰੀ ਸਕੂਲ, ਐਮ.ਸੀ ਬਜ਼ਾਰ ਨੂੰ ਐਸ.ਐਮ.ਐਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸ਼ਿਫਟ ਕਰਨ ਦੀ ਕੋਈ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ। ਸਰਕਾਰੀ ਪ੍ਰਾਇਮਰੀ ਸਕੂਲ, ਐਮ.ਸੀ ਬਜ਼ਾਰ, ਪਠਾਨਕੋਟ ਨੂੰ ਸਰਕਾਰੀ ਪ੍ਰਾਇਮਰੀ ਸਕੂਲ, ਮਿਸ਼ਨ

[ਸਿੱਖਿਆ ਮੰਤਰੀ]
ਰੋਡ, ਪਠਾਨਕੋਟ ਵਿੱਚ ਪਹਿਲਾਂ ਮਰਜ ਕਰਨ ਦੀ ਤਜਵੀਜ਼ ਵਿਚਾਰ ਅਧੀਨ ਸੀ, ਕਿਉਂਜੋ ਹੁਣ ਸਰਕਾਰੀ ਪ੍ਰਾਇਮਰੀ ਸਕੂਲ ਐਮ.ਸੀ ਬਜ਼ਾਰ ਦੇ ਨਾਲ ਲਗਦੇ ਗੰਦੇ ਨਾਲੇ ਦੀ ਸਫਾਈ ਹੋ ਚੁੱਕੀ ਹੈ ਅਤੇ ਨਾਲੇ ਦੇ ਨਾਲ ਨਾਲ 20 ਫੁੱਟ ਦੀਵਾਰ ਬਣਾਉਣ ਨਾਲ ਸਕੂਲ ਨੂੰ ਗੰਦੇ ਨਾਲੇ ਦੇ ਪਾਣੀ ਦਾ ਕੋਈ ਖਤਰਾ ਨਹੀਂ ਹੋਵੇਗਾ। ਇਸ ਲਈ ਹੁਣ ਸਰਕਾਰੀ ਪ੍ਰਾਇਮਰੀ ਸਕੂਲ, ਐਮ.ਸੀ ਬਜ਼ਾਰ, ਪਠਾਨਕੋਟ ਨੂੰ ਸਰਕਾਰੀ ਪ੍ਰਾਇਮਰੀ ਸਕੂਲ, ਮਿਸ਼ਨ ਰੋਡ, ਪਠਾਨਕੋਟ ਵਿੱਚ ਮਰਜ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

---

## ਹਲਕਾ ਬੰਗਾ ਦੇ ਪਿੰਡਾਂ ਵਿੱਚ ਵਾਟਰ ਵਰਕਸ ਮੁਹੱਈਆ ਕਰਵਾਉਣਾ

**262. ਡਾਕਟਰ ਸੁਖਵਿੰਦਰ ਕੁਮਾਰ**: ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ, ਬੰਗਾ ਦੇ ਜਿਹੜੇ ਪਿੰਡਾਂ ਵਿੱਚ ਸਰਕਾਰ ਵੱਲੋਂ ਅਜੇ ਤੱਕ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਵਾਟਰ ਵਰਕਸ ਨਹੀਂ ਲਗਾਏ ਗਏ, ਉਨ੍ਹਾਂ ਪਿੰਡਾਂ ਵਿੱਚ ਸਰਕਾਰ ਕਦੋਂ ਤੱਕ ਵਾਟਰ ਵਰਕਸ ਲਗਾ ਕੇ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾ ਦੇਵੇਗੀ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਵਿਧਾਨ ਸਭਾ ਹਲਕਾ, ਬੰਗਾ ਵਿੱਚ 140 ਪਿੰਡ ਹਨ, ਜਿਨ੍ਹਾਂ ਵਿੱਚੋਂ 138 ਪਿੰਡਾਂ ਨੂੰ 104 ਪਾਈਪਡ ਵਾਟਰ ਸਪਲਾਈ ਸਕੀਮਾਂ ਰਾਹੀਂ ਪੀਣਯੋਗ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ ਅਤੇ ਦੋ ਪਿੰਡਾਂ ਬਤੂਲੀ ਅਤੇ ਬਾਹਲਾ, ਜਿਨ੍ਹਾਂ ਦੀ ਕ੍ਰਮਵਾਰ ਆਬਾਦੀ 62 ਅਤੇ 32 ਹੈ, ਨੂੰ ਹੈਂਡ ਪੰਪਾਂ ਰਾਹੀਂ ਪੀਣਯੋਗ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਵਿਧਾਨ ਸਭਾ ਹਲਕਾ, ਬੰਗਾ ਵਿੱਚ ਕੋਈ ਵੀ ਪਿੰਡ ਜਲ ਸਪਲਾਈ ਤੋਂ ਵਾਂਝਾ ਨਹੀਂ ਹੈ।

ਪਿੰਡਾਂ ਵਿੱਚ ਜਲ ਸਪਲਾਈ ਦਾ ਮਿਆਰ ਸੁਧਾਰਨ ਲਈ ਵਰਲਡ ਬੈਂਕ ਕੰਪੋਨੈਂਟ 2ਏ(1) ਅਧੀਨ 4 ਪਿੰਡ ਨੂਰਪੁਰ, ਕੱਟ, ਸਾਧਪੁਰ ਅਤੇ ਮੰਡੇਰ ਸ਼ਾਮਿਲ ਕੀਤੇ ਗਏ ਹਨ, ਜਿਨ੍ਹਾਂ ਦਾ ਕੰਮ ਤਕਰੀਬਨ 6 ਮਹੀਨੇ ਵਿੱਚ ਮੁਕੰਮਲ ਹੋ ਜਾਵੇਗਾ। ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ, ਬੰਗਾ ਵਿੱਚ 4 ਪਾਈਪਡ ਵਾਟਰ ਸਪਲਾਈ ਸਕੀਮਾਂ ਜ਼ਿੰਦੋਵਾਲ, ਢਾਹਾਂ, ਗੁਣਾਚੌਰ ਅਤੇ ਪੂੰਨੀਆ ਤੇ ਲੱਗੇ ਟਿਊਬਵੈੱਲ ਆਪਣੀ ਮਿਆਦ ਪੂਰੀ ਕਰ ਚੁੱਕੇ ਹਨ ਅਤੇ ਵਿਭਾਗ ਦੀ ਇਵੈਲੂਏਸ਼ਨ ਕਮੇਟੀ ਫਾਰ ਫੇਲ੍ਹ ਟਿਊਬਵੈੱਲ ਵੱਲੋਂ ਨਵੇਂ ਟਿਊਬਵੈੱਲ ਪ੍ਰਵਾਨ ਕਰ ਲਏ ਗਏ ਹਨ। ਇਨ੍ਹਾਂ 4 ਜਲ ਸਪਲਾਈ ਸਕੀਮਾਂ ਤੇ ਨਵੇਂ ਟਿਊਬਵੈੱਲ ਵਰਮਾਉਣ ਲਈ ਤਖਮੀਨੇ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਮਨਜ਼ੂਰੀ ਮਿਲਣ ਉਪਰੰਤ 6 ਮਹੀਨੇ ਵਿੱਚ ਵਰਮਾ ਦਿੱਤਾ ਜਾਵੇਗਾ।

----

## ਸਾਇੰਸ ਵਿਸ਼ੇ ਦੇ ਅਧਿਆਪਕ ਮੁਹੱਈਆ ਕਰਵਾਉਣਾ

**264. ਡਾਕਟਰ ਸੁਖਵਿੰਦਰ ਕੁਮਾਰ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ, ਬੰਗਾ ਦੇ ਕਿੰਨੇ ਸਰਕਾਰੀ ਸਕੂਲਾਂ ਵਿੱਚ ਸਾਇੰਸ ਵਿਸ਼ੇ ਦੇ ਅਧਿਆਪਕ ਨਹੀਂ ਹਨ ਅਤੇ ਉਨ੍ਹਾਂ ਸਕੂਲਾਂ ਵਿੱਚ ਸਾਇੰਸ ਵਿਸ਼ੇ ਦੇ ਅਧਿਆਪਕ ਕਦੋਂ ਤੱਕ ਮੁਹੱਈਆ ਕਰਵਾ ਦਿੱਤੇ ਜਾਣਗੇ ?

**ਸ਼੍ਰੀ ਓਮ ਪ੍ਰਕਾਸ਼ ਸੋਨੀ:** ਵਿਧਾਨ ਸਭਾ ਹਲਕਾ, ਬੰਗਾ ਦੇ ਕੇਵਲ ਤਿੰਨ ਸਰਕਾਰੀ ਸਕੂਲਾਂ ਵਿੱਚ ਸਾਇੰਸ ਵਿਸ਼ੇ ਦੇ ਅਧਿਆਪਕਾਂ ਦੀ ਘਾਟ ਹੈ। ਇਨ੍ਹਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਔੜ ਵਿਖੇ ਦੋ ਅਧਿਆਪਕਾਂ ਦੀ ਘਾਟ ਹੈ, ਜਦੋਂ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਰਨਾਨਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਬੰਗਾ ਵਿਖੇ ਇੱਕ-ਇੱਕ ਸਾਇੰਸ ਦੇ ਅਧਿਆਪਕ ਦੀ ਘਾਟ ਹੈ। ਇਨ੍ਹਾਂ ਸਕੂਲਾਂ ਵਿੱਚ ਸਾਇੰਸ ਵਿਸ਼ੇ ਦੇ ਅਧਿਆਪਕ ਭਵਿੱਖ ਵਿੱਚ ਹੋਣ ਵਾਲੀਆਂ ਪਦ-ਉੱਨਤੀਆਂ, ਨਿਯੁਕਤੀਆਂ ਅਤੇ ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਮੁਹੱਈਆ ਕਰਵਾ ਦਿੱਤੇ ਜਾਣਗੇ।

----

## ਹਲਕਾ ਬੰਗਾ ਵਿੱਚ ਆਦਰਸ਼ ਸਕੂਲਾਂ ਦੇ ਵੇਰਵੇ

**266. ਡਾਕਟਰ ਸੁਖਵਿੰਦਰ ਕੁਮਾਰ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ, ਬੰਗਾ ਵਿੱਚ ਕਿੰਨੇ ਆਦਰਸ਼ ਸਕੂਲ ਹਨ, ਇਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਗਿਣਤੀ ਕਿੰਨੀ-ਕਿੰਨੀ ਹੈ ਅਤੇ ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਨੂੰ ਤਨਖਾਹ ਕਿਸ ਹੈੱਡ ਵਿੱਚੋਂ ਦਿੱਤੀ ਜਾਂਦੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਓਮ ਪ੍ਰਕਾਸ਼ ਸੋਨੀ:** ਵਿਧਾਨ ਸਭਾ ਹਲਕਾ ਬੰਗਾ ਵਿੱਚ ਦੋ ਆਦਰਸ਼ ਸਕੂਲ-ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਜੰਡਿਆਲਾ ਅਤੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਖਟਕੜ ਕਲਾਂ ਚੱਲ ਰਹੇ ਹਨ।ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਜੰਡਿਆਲਾ ਪੰਜਾਬ ਸਿੱਖਿਆ ਵਿਕਾਸ ਬੋਰਡ ਵੱਲੋਂ ਨਿੱਜੀ ਭਾਈਵਾਲ ਪ੍ਰਬੰਧ ਸਕੀਮ ਅਧੀਨ ਚਲਾਇਆ ਜਾ ਰਿਹਾ ਹੈ। ਸਕੂਲ ਵਿੱਚ 2018-19 ਦੌਰਾਨ ਵਿਦਿਆਰਥੀਆਂ ਦੀ ਗਿਣਤੀ 1805 ਅਤੇ ਅਧਿਆਪਕਾਂ ਦੀ ਗਿਣਤੀ 62 ਹੈ। ਅਧਿਆਪਕਾਂ ਦੀ ਤਨਖਾਹ ਨਿੱਜੀ ਭਾਈਵਾਲ ਵੱਲੋਂ ਜਾਰੀ ਕੀਤੀ ਜਾਂਦੀ ਹੈ ਅਤੇ ਪੰਜਾਬ ਸਿੱਖਿਆ ਵਿਕਾਸ ਬੋਰਡ ਨਿੱਜੀ ਭਾਈਵਾਲ ਵੱਲੋਂ ਭੇਜੇ ਗਏ ਕਲੇਮ ਬਿੱਲਾਂ ਦੀ ਬੋਰਡ ਦੇ ਬਣਦੇ 70% ਹਿੱਸੇ ਦੀ ਅਦਾਇਗੀ ਕਰਦਾ

[ਸਿੱਖਿਆ ਮੰਤਰੀ]
ਹੈ। ਪੰਜਾਬ ਸਿੱਖਿਆ ਵਿਕਾਸ ਬੋਰਡ ਨੂੰ ਰਾਜ ਪੱਧਰੀ EDS- 28 ਸਕੀਮ ਤਹਿਤ ਤਨਖਾਹਾਂ ਦੀ ਰਾਸ਼ੀ ਗ੍ਰਾਂਟ-ਇੰਨ-ਏਡ (ਸੈਲਰੀ) ਹੈੱਡ ਅਧੀਨ ਜ਼ਿਲ੍ਹਾ ਖਜ਼ਾਨਾ ਦਫ਼ਤਰ, ਮੋਹਾਲੀ ਤੋਂ ਪ੍ਰਾਪਤ ਹੁੰਦੀ ਹੈ।

ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਖਟਕੜ ਕਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਇਆ ਜਾ ਰਿਹਾ ਹੈ। ਸਕੂਲ ਵਿੱਚ 2018-19 ਦੌਰਾਨ ਵਿਦਿਆਰਥੀਆਂ ਦੀ ਗਿਣਤੀ 455 ਅਤੇ ਅਧਿਆਪਕਾਂ ਦੀ ਗਿਣਤੀ 18 ਹੈ। ਅਧਿਆਪਕਾਂ ਦੀ ਤਨਖਾਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਜਟ ਅਧੀਨ ਦਰਜ ਆਦਰਸ਼ ਸਕੂਲ ਬਜਟ ਹੈੱਡ ਦੇ ਕੋਡ ਨੰ: 0601 ਵਿੱਚੋਂ ਦਿੱਤੀ ਜਾਂਦੀ ਹੈ।

-----

## ਘੱਗਰ ਦਰਿਆ ਦੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ

**273. ਸਰਦਾਰ ਦਿਲਰਾਜ ਸਿੰਘ ਭੂੰਦੜ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਘੱਗਰ ਦਰਿਆ ਜੋ ਹਰਿਆਣਾ ਏਰੀਏ ਵਿੱਚੋਂ ਲੰਘ ਕੇ ਦੁਬਾਰਾ ਪੰਜਾਬ ਦੇ ਜ਼ਿਲ੍ਹਾ ਮਾਨਸਾ, ਬਠਿੰਡਾ, ਸੰਗਰੂਰ ਅਤੇ ਪਟਿਆਲਾ ਵਿੱਚ ਆਉਂਦਾ ਹੈ, ਦੇ ਪਾਣੀ ਵਿੱਚ ਫੈਕਟਰੀਆਂ ਦਾ ਕੈਮੀਕਲ ਵਾਲਾ ਪਾਣੀ ਮਿਲ ਜਾਣ ਕਾਰਨ ਰਾਜ ਦੇ ਮਾਲਵਾ ਏਰੀਏ ਦਾ ਧਰਤੀ ਹੇਠਲਾ ਪਾਣੀ ਵੀ ਪ੍ਰਦੂਸ਼ਿਤ ਹੋ ਗਿਆ ਹੈ, ਜਿਸ ਕਾਰਨ ਲੋਕਾਂ ਦੀ ਸਿਹਤ ਖਰਾਬ ਹੋ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਘੱਗਰ ਦਰਿਆ ਦੇ ਪਾਣੀ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਕੈਪਟਨ ਅਮਰਿੰਦਰ ਸਿੰਘ:** ਨਹੀਂ ਜੀ। ਹਾਲਾਂਕਿ ਪੰਜਾਬ ਰਾਜ ਵਿੱਚ ਜਲ ਪ੍ਰਦੂਸ਼ਿਤ ਕਰਨ ਵਾਲੇ 48 ਉਦਯੋਗ ਘੱਗਰ ਦਰਿਆ ਦੇ ਕੈਚਮੈਂਟ ਖੇਤਰ ਵਿੱਚ ਪੈਂਦੇ ਹਨ ਪਰ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਘੱਗਰ ਦਰਿਆ ਵਿੱਚ ਆਪਣੇ ਗੰਦੇ ਪਾਣੀ ਨੂੰ ਛੱਡਣ ਦੀ ਆਗਿਆ ਨਹੀਂ ਦਿੱਤੀ ਗਈ ਹੈ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਇਨ੍ਹਾਂ ਇਕਾਈਆਂ ਦੀ ਰੈਗੂਲਰ ਤੌਰ ਤੇ ਮੋਨੀਟਰਿੰਗ ਕੀਤੀ ਜਾ ਰਹੀ ਹੈ।

ਘੱਗਰ ਦਰਿਆ ਵਿੱਚ ਪ੍ਰਦੂਸ਼ਣ ਕੰਟਰੋਲ ਕਰਨ ਲਈ ਰਾਜ ਸਰਕਾਰ ਗੰਭੀਰ ਹੈ। ਰਾਜ ਸਰਕਾਰ ਵਲੋਂ ਹੇਠ ਲਿਖੇ ਅਨੁਸਾਰ ਘੱਗਰ ਦਰਿਆ ਦੀ ਸਫਾਈ ਲਈ ਵਿਆਪਕ ਐਕਸ਼ਨ ਪਲਾਨ ਤਿਆਰ ਕੀਤਾ ਹੈ:-

(1) ਮਿਤੀ 30.09.2021 ਤੱਕ 23 ਨਵੇਂ ਐਸ.ਟੀ.ਪੀਜ਼ ਲਗਾਏ ਜਾਣਗੇ।

(2) ਮਿਤੀ 30.11.2019 ਤੱਕ 2 ਐਸ.ਟੀ.ਪੀਜ਼ ਦੀ ਟੈਕਨਾਲੋਜੀ ਨੂੰ ਅਪਗ੍ਰੇਡ ਕਰ ਦਿੱਤਾ ਜਾਵੇਗਾ।

(3) ਮਿਤੀ 31.01.2021 ਤੱਕ 286 ਪਿੰਡਾਂ ਵਿੱਚ ਟਰੀਟਮੈਂਟ ਪੋਂਡਜ਼ ਮੁਹੱਈਆ ਕੀਤੇ ਜਾਣਗੇ।

(4) ਪਿੰਡਾਂ ਅਤੇ ਸ਼ਹਿਰਾਂ ਦੇ ਗੰਦੇ ਪਾਣੀ ਨੂੰ ਸਾਫ ਕਰਕੇ ਸਿੰਜਾਈ ਲਈ ਵਰਤਿਆ ਜਾਵੇਗਾ।

(5) ਐਸ.ਟੀ.ਪੀਜ਼ ਨੂੰ ਲਗਾਤਾਰ ਮੋਨੀਟਰ ਕਰਨ ਲਈ ਆਨ-ਲਾਈਨ ਮੋਨੀਟਰਿੰਗ ਸਿਸਟਮ ਅਤੇ ਸੀ.ਸੀ.ਟੀ.ਵੀ. ਕੈਮਰੇ ਮਿਤੀ 31.12.2019 ਤੱਕ ਲਗਾਏ ਜਾਣਗੇ।

(6) ਵੱਖ ਵੱਖ ਵਿਭਾਗਾਂ ਤੋਂ ਆਨਲਾਈਨ ਜਾਣਕਾਰੀ ਇਕੱਠੀ ਕਰਨ ਲਈ ਵਿਕਸਤ ਕੀਤੇ ਜਾ ਰਹੇ ਵਾਤਾਵਰਣ ਸੁਰੱਖਿਆ ਨਿਗਰਾਨੀ ਪ੍ਰੋਗਰਾਮ ਲਈ ਪ੍ਰਭਾਵਸ਼ਾਲੀ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ (ਐਮ.ਆਈ.ਐਸ) ਤਿਆਰ ਕੀਤਾ ਜਾ ਰਿਹਾ ਹੈ।

ਘੱਗਰ ਦਰਿਆ ਦੇ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਉਪਾਅ ਨਿਯਮਾਂ ਦੀ ਨਿਯਮਤ ਨਿਗਰਾਨੀ ਕਰਨ ਲਈ ਸਰਕਾਰ ਵਲੋਂ ਮੁੱਖ ਸਕੱਤਰ, ਪੰਜਾਬ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਬੰਧਿਤ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ ਬਤੌਰ ਮੈਂਬਰ ਹਨ । ਘੱਗਰ ਦਰਿਆ ਦੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਸਰਕਾਰ ਵਲੋਂ ਹਰ ਸੰਭਵ ਕਦਮ ਚੁੱਕੇ ਜਾਣਗੇ।

-----

## ਨਗਰ ਕੌਂਸਲ, ਸਰਦੂਲਗੜ੍ਹ ਵਿੱਚ ਦੁਕਾਨਦਾਰਾਂ ਨੂੰ ਦੁਕਾਨਾਂ ਦੇ ਮਾਲਕਾਨਾ ਹੱਕ ਦੇਣਾ

**276. ਸਰਦਾਰ ਦਿਲਰਾਜ ਸਿੰਘ ਭੂੰਦੜ:** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਦੀ ਪਾਲਿਸੀ ਤਹਿਤ ਨਗਰ ਕੌਂਸਲ, ਸਰਦੂਲਗੜ੍ਹ ਦੀਆਂ ਦੁਕਾਨਾਂ ਵਿੱਚ ਲੰਮੇ ਸਮੇਂ ਤੋਂ ਆਪਣਾ ਕਾਰੋਬਾਰ ਕਰਨ ਵਾਲੇ ਉਨ੍ਹਾਂ ਦੁਕਾਨਦਾਰਾਂ ਨੂੰ ਜਿਨ੍ਹਾਂ ਨੇ ਦੁਕਾਨਾਂ ਦਾ ਮਾਲਕਾਨਾ ਹੱਕ ਲੈਣ ਲਈ ਵਿਭਾਗ ਵੱਲੋਂ ਨਿਰਧਾਰਤ ਫੀਸ ਜਮ੍ਹਾਂ ਕਰਵਾ ਦਿੱਤੀ ਹੋਈ ਹੈ, ਨੂੰ ਦੁਕਾਨਾਂ ਦੇ ਮਾਲਕਾਨਾ ਹੱਕ ਅੱਜ ਤੱਕ ਨਹੀਂ ਦਿੱਤੇ ਗਏ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਨੂੰ ਦੁਕਾਨਾਂ ਦੇ ਮਾਲਕਾਨਾ ਹੱਕ ਕਦੋਂ ਤੱਕ ਦੇ ਦਿੱਤੇ ਜਾਣਗੇ?

**ਸਰਦਾਰ ਨਵਜੋਤ ਸਿੰਘ ਸਿੱਧੂ:** ਹਾਂ ਜੀ, ਨਗਰ ਪੰਚਾਇਤ ਸਰਦੂਲਗੜ੍ਹ ਵੱਲੋਂ 8 ਦੁਕਾਨਦਾਰਾਂ ਪਾਸੋਂ ਸਰਕਾਰ ਦੀ ਪਾਲਿਸੀ "The Punjab Municipality (Vesting of Proprietary Rights ) Amendnent Scheme, 2017" ਜੋ ਕਿ ਮੀਮੋ ਨੰਬਰ ਐਸ.ਈ.ਸੀ.ਵਾਈ./ਏ.ਸੀ.ਐਸ.ਐਲ.ਜੀ./ ਵੀ.ਸੀ.ਆਰ.ਐਸ.-2016/ਐਲ.ਜੀ-3/2017/1085686/1-2 ਮਿਤੀ 16/10/17 ਰਾਹੀਂ ਜਾਰੀ ਹੋਈ ਸੀ,ਅਨੁਸਾਰ ਬਣਦੀ ਰਕਮ ਜਮ੍ਹਾਂ ਕਰਵਾਈ ਗਈ ਸੀ, ਉਨ੍ਹਾਂ ਨੂੰ ਮਾਲਕਾਨਾ ਹੱਕ ਇਸ ਕਰਕੇ ਨਹੀਂ ਦਿੱਤੇ ਗਏ ਕਿਉਂਕਿ ਸਰਕਾਰ ਦੀ ਉਕਤ ਪਾਲਿਸੀ ਦੇ ਪੈਰ੍ਹਾ ਨੰ. 4(3) ਦੇ ਮੁਤਾਬਿਕ ਇਸ ਪਾਲਿਸੀ ਅਧੀਨ ਜਾਇਦਾਦ ਦੇ ਮਾਲਕਾਨਾ ਹੱਕ ਤਬਦੀਲ ਕਰਨ ਦੇ ਫਾਈਨਲ ਹੁਕਮ ਪਾਸ ਕਰਨ ਦੇ ਅਧਿਕਾਰ ਹਾਊਸ ਪਾਸ ਹਨ ਅਤੇ ਇਸ ਕੇਸ ਵਿਚ ਨਗਰ ਪੰਚਾਇਤ, ਸਰਦੂਲਗੜ੍ਹ ਦੇ ਹਾਊਸ ਵਲੋਂ ਦੁਕਾਨਦਾਰਾਂ ਨੂੰ ਮਾਲਕਾਨਾ ਹੱਕ ਤਬਦੀਲ ਕਰਨ ਦੇ ਫਾਇਨਲ ਹੁਕਮ ਪਾਸ ਕਰਨੇ ਪੈਂਡਿੰਗ ਹਨ।

----

## PRESENTATION OF THIRD REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ:** ਹੁਣ, ਮੈਂ ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਪੇਸ਼ ਕਰਦਾ ਹਾਂ, ਜਿਸ ਵਿੱਚ ਪੂਰੀ ਤਰ੍ਹਾਂ ਸੋਧੇ ਹੋਏ ਮਿਤੀ-ਵਾਰ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਮਿਤੀ 18 ਫਰਵਰੀ, 2019 ਤੋਂ ਲੈ ਕੇ ਮਿਤੀ 25 ਫਰਵਰੀ, 2019 ਤੱਕ ਵਿਧਾਨ ਸਭਾ ਦੀਆਂ ਬੈਠਕਾਂ ਦੇ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ:-

| | |
|---|---|
| ਸੋਮਵਾਰ, 18 ਫਰਵਰੀ, 2019<br>(11.00 ਵਜੇ ਸਵੇਰੇ) | ਸਾਲ 2019-20 ਲਈ ਬਜਟ<br>ਅਨੁਮਾਨ ਪੇਸ਼ ਕਰਨਾ। |
| ਮੰਗਲਵਾਰ, 19 ਫਰਵਰੀ, 2019 | ਛੁੱਟੀ |
| ਬੁੱਧਵਾਰ, 20 ਫਰਵਰੀ, 2019<br>(2.00 ਵਜੇ ਬਾਅਦ ਦੁਪਹਿਰ) | ਰਾਜਪਾਲ ਦੇ ਭਾਸ਼ਣ ਤੇ ਬਹਿਸ<br>ਮੁੜ ਅਰੰਭ ਕਰਨਾ<br>(ਸਮਾਪਤ ਕੀਤੀ ਜਾਵੇਗੀ ) |
| ਵੀਰਵਾਰ, 21 ਫਰਵਰੀ, 2019<br>(10.00 ਵਜੇ ਸਵੇਰੇ) | ਗੈਰ-ਸਰਕਾਰੀ ਕੰਮ-ਕਾਰ |

| | |
|---|---|
| ਸ਼ੁੱਕਰਵਾਰ, 22 ਫਰਵਰੀ, 2019 (10.00 ਵਜੇ ਸਵੇਰੇ) | I) ਸਾਲ 2017-18 ਲਈ ਪੰਜਾਬ ਸਰਕਾਰ (ਜਿਲਦ-I ਅਤੇ ਜਿਲਦ-II) ਦੇ ਵਿੱਤੀ ਲੇਖੇ ਅਤੇ ਸਾਲ 2017-18 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ ਪੇਸ਼ ਕਰਨਾ।<br>II) ਸਾਲਾਂ 2011-12, 2012-13, 2013-14 ਅਤੇ 2014-15 ਲਈ ਵਾਧੂ ਮੰਗਾਂ ਤੇ ਗ੍ਰਾਂਟਾਂ ਤੇ ਨਮਿੱਤਣ ਪੇਸ਼ ਕਰਨਾ।<br>III)ਸਾਲਾਂ 2011-12, 2012-13, 2013-14 ਅਤੇ 2014-15 ਲਈ ਵਾਧੂ ਮੰਗਾਂ ਦੇ ਸਬੰਧ ਵਿੱਚ ਗ੍ਰਾਂਟਾਂ ਅਤੇ ਨਮਿੱਤਣਾਂ ਲਈ ਨਮਿੱਤਣ ਬਿੱਲ।<br>IV) ਸਾਲ 2018-19 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਾ;<br>V)ਸਾਲ 2018-19 ਲਈ ਗ੍ਰਾਟਾਂ ਲਈ ਅਨੁਪੂਰਕ ਮੰਗਾਂ ਤੇ ਨਮਿੱਤਣ ਬਿਲ; ਅਤੇ<br>VI) ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ। |
| ਸ਼ਨਿੱਚਰਵਾਰ, 23 ਫਰਵਰੀ, 2019<br>ਐਤਵਾਰ, 24 ਫਰਵਰੀ,2019 | ਛੁੱਟੀਆਂ |
| ਸੋਮਵਾਰ, 25 ਫਰਵਰੀ, 2019 (2.00 ਵਜੇ ਬਾਅਦ ਦੁਪਹਿਰ) | I)ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ |

[ਮਾਨਯੋਗ ਸਪੀਕਰ]

ਆਰੰਭ ਕਰਨਾ।
(ਸਮਾਪਤ ਕੀਤੀ ਜਾਵੇਗੀ)

II) ਵਿੱਤੀ ਕੰਮ-ਕਾਰ:-

i) ਸਾਲ 2019-20 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ; ਅਤੇ

ii) ਸਾਲ 2019-20 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿਲ।

III)ਚੁਣੀਆਂ ਜਾਣ ਵਾਲੀਆਂ ਕਮੇਟੀਆਂ ਸਬੰਧੀ ਪ੍ਰਸਤਾਵ।

IV)ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ।

V) ਵਿਧਾਨਕ ਕੰਮ-ਕਾਰ।

---

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ ।

**ਮਾਨਯੋਗ ਸਪੀਕਰ :** ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਮੈਂ ਪ੍ਰਸਤਾਵ ਪੇਸ਼ ਕਰਾਂ, ਮੈਂ ਇਸ ਵਿੱਚ ਇੱਕ ਅਮੈਂਡਮੈਂਟ ਚਾਹੁੰਦਾ ਹਾਂ। ਜਿਹੜਾ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਦਾ ਮਤਾ ਹੈ, ਉਹ 20 ਤਰੀਕ ਨੂੰ ਫਾਈਨਲ ਹੋਣਾ ਹੈ। 20 ਫਰਵਰੀ, 2019 ਨੂੰ ਤੁਸੀਂ 2.00 ਵਜੇ ਬਾਅਦ ਦੁਪਹਿਰ ਸੈਸ਼ਨ ਬੁਲਾਇਆ ਹੈ। ਬਾਅਦ ਦੁਪਹਿਰ ਹੋਣ ਵਾਲੇ ਸੈਸ਼ਨ ਵਿੱਚ ਸ਼ਾਮ ਨੂੰ ਸੱਤ-ਅੱਠ ਵੱਜ ਜਾਂਦੇ ਹਨ। ਸੋ, ਮੈਂ ਇਹ ਪਰਪੋਜ਼ ਕਰਦਾ ਹਾਂ ਕਿ ਜੇਕਰ ਹਾਊਸ ਦੇ ਸਾਰੇ ਮੈਂਬਰ

ਸਾਹਿਬਾਨ ਇਸ ਨਾਲ ਸਹਿਮਤ ਹੋਣ ਤਾਂ ਇਸ ਨੂੰ ਆਪਾਂ ਸਵੇਰੇ 10.00 ਵਜੇ ਲੈ ਲਈਏ।

(**ਅਵਾਜ਼ਾਂ:** ਹਾਂ ਜੀ, ਹਾਂ ਜੀ, ਸਰ, 11.00 ਵਜੇ ਸਵੇਰੇ ਕਰ ਦਿਓ)

**ਮਾਨਯੋਗ ਸਪੀਕਰ:** ਇਸ ਵਾਸਤੇ ਹਾਊਸ ਦੀ ਇਜਾਜ਼ਤ ਚਾਹੀਦੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਹਾਊਸ ਦਾ ਸਮਾਂ 11.00 ਵਜੇ ਕਰ ਦਿਓ ਜੀ।

**ਮਾਨਯੋਗ ਸਪੀਕਰ:** ਠੀਕ ਹੈ ਜੀ, ਜੇਕਰ ਹਾਊਸ ਦੀ ਸਹਿਮਤੀ ਹੈ ਤਾਂ ਮਿਤੀ 20.02.2019 ਨੂੰ ਹਾਊਸ ਦਾ ਸਮਾਂ 11.00 ਵਜੇ ਪੂਰਵ ਦੁਪਹਿਰ ਕਰ ਦਿੱਤਾ ਜਾਵੇ। ਹੁਣ ਸੰਸਦੀ ਮਾਮਲੇ ਮੰਤਰੀ ਜੀ ਸੋਧੇ ਅਨੁਸਾਰ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਵਿੱਚ ਨਿਮਨ ਲਿਖਤ ਦਰਜ ਸਿਫਾਰਸ਼ਾਂ (ਸੋਧੇ ਅਨੁਸਾਰ) ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਵਿੱਚ ਨਿਮਨ ਲਿਖਤ ਦਰਜ ਸਿਫਾਰਸ਼ਾਂ (ਸੋਧੇ ਅਨੁਸਾਰ) ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਵਿੱਚ ਨਿਮਨ ਲਿਖਤ ਦਰਜ ਸਿਫਾਰਸ਼ਾਂ (ਸੋਧੇ ਅਨੁਸਾਰ) ਨਾਲ ਸਹਿਮਤ ਹੈ।

***ਪ੍ਰਸਤਾਵ ਸੋਧੇ ਅਨੁਸਾਰ ਪ੍ਰਵਾਨ ਹੋਇਆ।***

----

## RESOLUTION REG. HIGHLY CONDEMNING THE BARBARIC ATTACK CARRIED OUT BY THE TERRORISTS ON THE CRPF PERSONNEL IN PULWAMA IN SRINAGAR

**ਮਾਨਯੋਗ ਸਪੀਕਰ:** ਹਾਂ ਜੀ, ਪਿੰਕੀ ਜੀ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਪੁਲਵਾਮਾ ਵਿੱਚ ਅੱਤਵਾਦੀਆਂ ਵੱਲੋਂ ਸੀ.ਆਰ.ਪੀ.ਐਫ. ਦੇ ਜਵਾਨਾਂ ਤੇ ਜੋ ਹਮਲਾ ਕੀਤਾ ਗਿਆ ਹੈ, ਇਹ ਬਹੁਤ ਹੀ ਘਿਨੌਣੀ ਅਤੇ ਅਤਿ-ਨਿੰਦਣਯੋਗ ਘਟਨਾ ਹੈ। ਇਸ ਨੇ ਸਾਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ । ਪਾਕਿਸਤਾਨ ਨੇ ਜੋ ਇਹ ਘਿਨੌਣੀ ਹਰਕਤ ਕੀਤੀ ਹੈ, ਉਸ ਨਾਲ ਸਾਰਾ ਦੇਸ਼ ਹਿੱਲ ਗਿਆ ਹੈ। ਇਸ ਵੇਲੇ ਅਸੀਂ ਸਾਰੇ ਹੀ ਉਨ੍ਹਾਂ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੇ ਹਾਂ। ਮੈਂ ਇਸ ਸਦਨ ਵਿੱਚ ਇੱਕ ਪ੍ਰਸਤਾਵ ਰੱਖਣਾ ਚਾਹੁੰਦਾ ਹਾਂ।(ਵਿਘਨ...ਸ਼ੋਰ)

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

> "ਕਿ ਪੁਲਵਾਮਾ ਵਿੱਚ ਆਤੰਕਵਾਦੀਆਂ ਵੱਲੋਂ ਸੀ.ਆਰ.ਪੀ.ਐਫ. ਦੇ ਜਵਾਨਾਂ ਤੇ ਜੋ ਹਮਲਾ ਕੀਤਾ ਗਿਆ ਹੈ, ਇਹ ਬਹੁਤ ਹੀ ਘਿਨੌਣਾ ਅਤੇ ਅਤਿ ਨਿੰਦਣਯੋਗ ਹੈ। ਇਸ ਨੇ ਸਾਡੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਦੇਸ਼ ਦੇ ਸਾਰੇ ਲੋਕਾਂ ਵਿੱਚ ਪਾਕਿਸਤਾਨ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਹੜੇ ਜਵਾਨ ਇਸ ਹਮਲੇ ਵਿੱਚ ਸ਼ਹੀਦ ਹੋਏ ਹਨ, ਉਨ੍ਹਾਂ ਦੇ ਪਰਿਵਾਰ ਵੀ ਹਨ ਅਤੇ ਇਸ ਦੁੱਖ ਦੀ ਘੜੀ ਵਿੱਚ ਸਾਨੂੰ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਦੁੱਖ ਵੰਡਾਉਣ ਦੇ ਨਾਲ ਨਾਲ ਉਨ੍ਹਾਂ ਦੀ ਆਰਥਿਕ ਤੌਰ ਤੇ ਵੀ ਮਦਦ ਕਰਨਾ ਸਾਡਾ ਫਰਜ਼ ਬਣਦਾ ਹੈ। ਇਸ ਲਈ ਮੈਂ ਇਹ ਪ੍ਰਸਤਾਵ ਕਰਦਾ ਹਾਂ ਕਿ ਇਸ ਸਦਨ ਦੇ ਸਾਰੇ ਐਮ.ਐਲ.ਏਜ਼ ਦੀ ਇੱਕ ਮਹੀਨੇ ਦੀ ਤਨਖਾਹ ਪੰਜਾਬ ਦੇ ਸ਼ਹੀਦ ਹੋਏ ਉਨ੍ਹਾਂ ਪਰਿਵਾਰਾਂ ਨੂੰ ਦਿੱਤੀ ਜਾਵੇ।"

(ਥੰਪਿੰਗ)

**ਸਰਦਾਰ ਫਤਹਿਜੰਗ ਸਿੰਘ ਬਾਜਵਾ :** ਸਪੀਕਰ ਸਾਹਿਬ, ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਜੀ।

**ਮਾਨਯੋਗ ਸਪੀਕਰ:** ਜੇਕਰ ਸਦਨ ਚਾਹੇਗਾ ਤਾਂ (ਵਿਘਨ....ਸ਼ੋਰ) ਹਾਂ ਜੀ, ਢੀਂਡਸਾ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ):** ਸਪੀਕਰ ਸਾਹਿਬ, ਮੈਂ ਇਕ ਇਸ਼ੂ ਰੇਜ਼ ਕਰਨਾ ਹੈ।(ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਇੱਕ ਮਿੰਟ ਜੀ, ਪਹਿਲਾਂ ਮੈਂ ਮਤਾ ਪਾਸ ਕਰਵਾ ਲਵਾਂ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਵੀ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਜੀ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

> "ਕਿ ਪੁਲਵਾਮਾ ਵਿੱਚ ਆਤੰਕਵਾਦੀਆਂ ਵੱਲੋਂ ਸੀ.ਆਰ.ਪੀ.ਐਫ. ਦੇ ਜਵਾਨਾਂ ਤੇ ਜੋ ਹਮਲਾ ਕੀਤਾ ਗਿਆ ਹੈ, ਇਹ ਬਹੁਤ ਹੀ ਘਿਨੌਣਾ ਅਤੇ ਅਤਿ ਨਿੰਦਣਯੋਗ ਹੈ। ਇਸ ਨੇ ਸਾਡੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਦੇਸ਼ ਦੇ ਸਾਰੇ ਲੋਕਾਂ ਵਿੱਚ ਪਾਕਿਸਤਾਨ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਹੜੇ ਜਵਾਨ ਇਸ ਹਮਲੇ ਵਿੱਚ ਸ਼ਹੀਦ ਹੋਏ ਹਨ, ਉਨ੍ਹਾਂ ਦੇ ਪਰਿਵਾਰ ਵੀ ਹਨ ਅਤੇ ਇਸ ਦੁੱਖ ਦੀ ਘੜੀ ਵਿੱਚ ਸਾਨੂੰ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਦੁੱਖ ਵੰਡਾਉਣ ਦੇ ਨਾਲ ਨਾਲ ਉਨ੍ਹਾਂ ਦੀ ਆਰਥਿਕ ਤੌਰ ਤੇ ਵੀ ਮਦਦ ਕਰਨਾ ਸਾਡਾ ਫਰਜ਼ ਬਣਦਾ ਹੈ। ਇਸ ਲਈ ਮੈਂ ਇਹ ਪ੍ਰਸਤਾਵ ਕਰਦਾ ਹਾਂ ਕਿ ਇਸ ਸਦਨ ਦੇ ਸਾਰੇ ਐਮ.ਐਲ.ਏਜ਼ ਦੀ ਇੱਕ ਮਹੀਨੇ ਦੀ ਤਨਖਾਹ ਪੰਜਾਬ ਦੇ ਸ਼ਹੀਦ ਹੋਏ ਉਨ੍ਹਾਂ ਪਰਿਵਾਰਾਂ ਨੂੰ ਦਿੱਤੀ ਜਾਵੇ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

> "ਕਿ ਪੁਲਵਾਮਾ ਵਿੱਚ ਆਤੰਕਵਾਦੀਆਂ ਵੱਲੋਂ ਸੀ.ਆਰ.ਪੀ.ਐਫ. ਦੇ ਜਵਾਨਾਂ ਤੇ ਜੋ ਹਮਲਾ ਕੀਤਾ ਗਿਆ ਹੈ, ਇਹ ਬਹੁਤ ਹੀ ਘਿਨੌਣਾ ਅਤੇ ਅਤਿ ਨਿੰਦਣਯੋਗ ਹੈ। ਇਸ ਨੇ ਸਾਡੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਦੇਸ਼ ਦੇ ਸਾਰੇ ਲੋਕਾਂ ਵਿੱਚ ਪਾਕਿਸਤਾਨ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਹੜੇ ਜਵਾਨ ਇਸ ਹਮਲੇ ਵਿੱਚ ਸ਼ਹੀਦ ਹੋਏ ਹਨ, ਉਨ੍ਹਾਂ ਦੇ ਪਰਿਵਾਰ ਵੀ ਹਨ ਅਤੇ ਇਸ ਦੁੱਖ ਦੀ ਘੜੀ ਵਿੱਚ ਸਾਨੂੰ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਦੁੱਖ ਵੰਡਾਉਣ ਦੇ ਨਾਲ ਨਾਲ ਉਨ੍ਹਾਂ ਦੀ ਆਰਥਿਕ ਤੌਰ ਤੇ ਵੀ ਮਦਦ ਕਰਨਾ ਸਾਡਾ ਫਰਜ਼ ਬਣਦਾ ਹੈ। ਇਸ ਲਈ ਮੈਂ ਇਹ ਪ੍ਰਸਤਾਵ ਕਰਦਾ ਹਾਂ ਕਿ ਇਸ ਸਦਨ ਦੇ ਸਾਰੇ ਐਮ.ਐਲ.ਏਜ਼ ਦੀ ਇੱਕ ਮਹੀਨੇ ਦੀ ਤਨਖਾਹ ਪੰਜਾਬ ਦੇ ਸ਼ਹੀਦ ਹੋਏ ਉਨ੍ਹਾਂ ਪਰਿਵਾਰਾਂ ਨੂੰ ਦਿੱਤੀ ਜਾਵੇ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

## PRESENTATION OF THE BUDGET ESTIMATES FOR THE YEAR 2019-2020

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਬਜਟ ਵਾਲੇ ਦਿਨ ਜ਼ੀਰੋ ਆਵਰ ਨਹੀਂ ਹੁੰਦਾ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ, ਸਾਲ 2019-20 ਲਈ ਬਜਟ ਅਨੁਮਾਨ ਪੇਸ਼ ਕਰਨਾ। (ਵਿਘਨ..ਸ਼ੋਰ) ਜ਼ੀਰੋ ਆਵਰ ਨਹੀਂ ਹੁੰਦਾ। ਤੁਸੀਂ ਵੈਸੇ ਗੱਲ ਕਰ ਲਓ। ਹਰਪਾਲ ਚੀਮਾ ਜੀ, ਇੱਕ ਮਿੰਟ ਬੈਠੋ। (ਵਿਘਨ...ਸ਼ੋਰ) ਜ਼ੀਰੋ ਆਵਰ ਨਹੀਂ ਹੁੰਦਾ। (ਵਿਘਨ...ਸ਼ੋਰ) ਬੈਠੋ, ਬੈਠੋ। ਹੁਣ ਅਸੀਂ ਬਜਟ ਪੇਸ਼ ਕਰਵਾਉਣਾ ਹੈ।(ਵਿਘਨ...ਸ਼ੋਰ) ਬੈਠੋ, ਬੈਠੋ।ਹੁਣ ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਸਾਲ 2019-20 ਲਈ ਬਜਟ ਅਨੁਮਾਨ ਪੇਸ਼ ਕਰਨਗੇ। (ਵਿਘਨ...ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਕੁਝ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਆ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਇੱਜ਼ਤ ਮੁਆਬ, ਸਪੀਕਰ ਸਾਹਿਬ। ਇਹ ਮੇਰੀ ਖੁਸ਼ਕਿਸਮਤੀ ਹੈ ਕਿ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਨਿਗਰਾਨੀ ਵਿਚ ਚੱਲ ਰਹੀ ਪੰਜਾਬ ਸਰਕਾਰ ਦਾ ਤੀਜਾ ਬਜਟ ਪੇਸ਼ ਕਰ ਰਿਹਾ ਹਾਂ। ਸਪੀਕਰ ਸਾਹਿਬ, ਮੈਨੂੰ ਪਰਮਾਤਮਾ ਦੀ ਨੁਸਰਤ ਤੇ ਭਰੋਸਾ ਹੈ ਅਤੇ ਅੱਜ ਮੈਂ ਰੱਬ ਤੋਂ ਮਦਦ ਮੰਗਦਾ ਹਾਂ। ਰੱਬਾ ਮੇਰੀ ਆਵਾਜ਼ ਵਿਚ ਉਹ ਅਸਰ ਪੈਦਾ ਕਰ ਦੇ, ਰੱਬਾ ਮੇਰੀ ਜ਼ੁਬਾਨ ਵਿੱਚ ਉਹ ਤਾਕਤ ਪੈਦਾ ਕਰ ਦੇ ਕਿ ਪੰਜਾਬੀ ਕੌਮ ਸਾਡੀਆਂ ਕੋਸ਼ਿਸ਼ਾਂ ਕਾਰਨ ਆਪਣੇ ਪੈਰਾਂ ਤੇ ਖੜ੍ਹੀ ਹੋ ਜਾਏ। ਸਾਡੇ ਵਿਰੋਧੀ ਇਹ ਕਹਿੰਦੇ ਹਨ ਕਿ ਕਾਂਗਰਸ ਪਾਰਟੀ ਖੁਆਬ ਵੇਚਦੀ ਹੈ ਪਰ ਮੇਰੀ ਰਾਇ ਹੈ ਕਿ ਕਾਂਗਰਸ ਪਾਰਟੀ, ਸਪੀਕਰ ਸਾਹਿਬ, ਖੁਆਬਾਂ ਨੂੰ ਹਕੀਕਤ ਵਿੱਚ ਬਦਲਦੀ ਹੈ। ਵਿਧਾਨ ਸਭਾ ਦੀ ਕੋਈ ਇੱਟ ਪੁੱਟ ਲਵੋ, ਭਾਖੜਾ ਡੈਮ ਦੀ ਕੋਈ ਇੱਟ ਪੁੱਟ ਲਵੋ, ਪੀ.ਜੀ.ਆਈ. ਦੀ ਕੋਈ ਇੱਟ ਪੁੱਟ ਲਵੋ, ਇਥੋਂ ਤੱਕ ਕਿ ਪੀ.ਏ.ਯੂ. ਦੀ ਹਰ ਇੱਟ ਤੋਂ ਵੀ ਕਾਂਗਰਸ ਪਾਰਟੀ ਦਾ ਹਵਾਲਾ ਮਿਲੇਗਾ। ਅੱਜ ਵੀ, ਸਪੀਕਰ

** Not recorded as ordered by the Chair.

ਸਾਹਿਬ, ਮੈਂ ਇਹ ਅਰਦਾਸ ਨਹੀਂ ਕਰਦਾ ਕਿ ਪਰਮਾਤਮਾ ਸਾਨੂੰ ਔਖੀ ਘੜੀ ਨਾ ਵਿਖਾਈ ਬਲਕਿ ਜੋ ਵੀ ਔਖੀ ਘੜੀ ਆਵੇ, ਸਾਨੂੰ ਹਿੰਮਤ ਦੇਵੀਂ, ਅਸੀਂ ਇਸ ਔਖੀ ਘੜੀ ਦਾ ਮੁਕਾਬਲਾ ਕਰ ਸਕੀਏ।

## WALK OUT

(ਇਸ ਸਮੇਂ ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਦੇਵ ਸਿੰਘ, ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ, ਸਰਦਾਰ ਦਿਆਲ ਸਿੰਘ ਕੋਲਿਆਂਵਾਲੀ ਨੂੰ ਜ਼ਮਾਨਤ ਮਿਲਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

**ਮਾਨਯੋਗ ਸਪੀਕਰ:** ਬੈਠੋ, ਬੈਠੋ। ** ਨਾਅਰੇ ਰਿਕਾਰਡ ਨਾ ਕੀਤੇ ਜਾਣ।

-----

## PRESENTATION OF THE BUDGET ESTIMATES FOR THE YEAR 2019-2020 *(RESUMPTION)*

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਮੈਨੂੰ ਪੂਰਾ ਯਕੀਨ ਹੈ ਕਿ ਮਾਣਯੋਗ ਮੈਂਬਰ ਪਹਿਲਾ ਵਾਂਗ (2018-19) ਇਸ ਵਾਰ ਵੀ ਪੁਰਜ਼ੋਰ ਮਦਦ ਅਤੇ ਇਜਾਜ਼ਤ ਦੇਣਗੇ ਤਾਂ ਕਿ ਇਹ ਬਜਟ (2019-20) ਆਇੰਦਾ ਵਾਂਗ ਪੰਜਾਬ ਦੇ ਹਰ ਤਬਕੇ ਦੇ ਲੋਕਾਂ ਦਾ ਬਿਨਾਂ ਕਿਸੇ ਹਕਾਰਤ ਤੋਂ ਆਮ ਤੇ ਖਾਸ ਆਦਮੀ ਨੂੰ ਫਾਇਦਾ ਪਹੁੰਚਾ ਸਕੇ।

2. ਦੋ ਸਾਲ ਪਹਿਲਾਂ ਅਸੀਂ ਪੰਜਾਬ ਦੀ ਜਨਤਾ ਅੱਗੇ ਦਸਤ-ਬਸਤਾ ਗੁਜ਼ਾਰਿਸ਼ ਕੀਤੀ ਸੀ ਕਿ ਸਾਨੂੰ, ਯਾਨੀ ਸਾਡੀ ਕਾਂਗਰਸ ਪਾਰਟੀ, ਜਿਸ ਦੀ ਕਯਾਦਤ ਕੈਪਟਨ ਅਮਰਿੰਦਰ ਸਿੰਘ ਜੀ ਕਰਦੇ ਹਨ, ਸਾਨੂੰ ਸਰਕਾਰ ਕਾਇਮ ਕਰਨ ਦਾ ਮੈਂਡੇਟ ਦੇਵੋ। ਮੈਨੂੰ ਵਿਨਸਟਨ ਚਰਚਿਲ (Winston Churchill) ਦੇ ਕਹੇ ਲਫਜ਼ ਯਾਦ ਆ ਰਹੇ ਹਨ ਜੋ ਉਨ੍ਹਾਂ ਨੇ 1941 ਵਿੱਚ ਦੂਜੀ ਆਲਮੀ ਜੰਗ (Second World War)ਵੇਲੇ ਇੰਗਲੈਂਡ ਦੇ ਲੋਕਾਂ ਨੂੰ ਕਹੇ-"Give us the tools and we will finish the job" ਯਾਨੀ ਤੁਸੀਂ ਮੈਨੂੰ ਹਰਬਾਂ ਤੇ ਹਥਿਆਰ ਦੇ ਦੇਵੋ ਮੈਂ ਤੁਹਾਨੂੰ ਹਰ ਮੁਸੀਬਤ ਤੇ ਬਲਾ ਤੋਂ ਆਜ਼ਾਦੀ ਦਿਵਾ ਦੇਵਾਂਗਾ। ਲੋਕਾਂ ਨੇ ਸਾਨੂੰ ਖਿਦਮਤ ਕਰਨ ਦਾ ਮੌਕਾ ਅਤੇ ਸਾਰੇ ਅਖਤਿਆਰ ਦਿੱਤੇ ਤੇ ਮੈਂ ਤੁਹਾਡੇ ਸਾਹਮਣੇ ਪੂਰੀ ਤਰ੍ਹਾਂ ਸੁਰਖਰੂ ਹਾਂ।

** Not recorded as ordered by the Chair.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

3. ਸਪੀਕਰ ਸਾਹਿਬ, ਅੱਜ ਦਾ ਬਜਟ ਬਿਨਾਂ ਕਿਸੇ ਸ਼ੱਕ-ਸ਼ੁਬਾ ਸਾਡੀ ਪਾਲਿਸੀ ਦੀ ਸਿਮਤ ਨੂੰ ਬਿਆਨ ਕਰਦਾ ਹੈ, ਦਰਦਮੰਦ ਦਾ ਦਰਦ ਦੂਰ ਕਰਨਾ, ਗਰਜ਼ਮੰਦ ਦੀ ਗਰਜ਼ ਪੂਰੀ ਹੋਵੇ, ਕਿਸਾਨ ਨੂੰ ਖੁਦਕਫੀਲ ਕਰਨਾ, ਮਜ਼ਦੂਰ ਨੂੰ ਪੈਰਾਂ ਤੇ ਖੜ੍ਹਾ ਕਰਨਾ, ਕਾਰੋਬਾਰ ਤੇ ਵਪਾਰ ਨੂੰ ਤੇਜ਼ੀ ਦੇ ਦੌਰ ਵਿੱਚ ਲੈ ਕੇ ਆਉਣਾ ਤੇ ਮੁਲਾਜ਼ਮਾਂ ਨੂੰ ਉਤਸ਼ਾਹਿਤ ਕਰਨਾ, ਸਾਡੀਆਂ ਕੋਸ਼ਿਸ਼ਾਂ ਦੇ ਵਿੱਚ ਸ਼ਾਮਿਲ ਹੈ। ਇਸ ਵਿੱਚ ਜਮ੍ਹਾਂ ਕਰੋ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਤੇ ਆਰਥਿਕਤਾ ਨੂੰ ਮਜ਼ਬੂਤ ਬੁਨਿਆਦ ਤੇ ਖੜ੍ਹਾ ਕਰਨਾ।

4. ਸਪੀਕਰ ਸਾਹਿਬ, ਇਹ ਬਜਟ ਇਸ ਗੱਲ ਦੀ ਤਰਜਮਾਨੀ ਕਰਦਾ ਹੈ ਅਤੇ ਇਸ ਗੱਲ ਦਾ ਸਬੂਤ ਹੈ ਕਿ ਸਾਡੀ ਸਰਕਾਰ ਤਮਾਮ ਮੁਸ਼ਕਲਾਂ, ਬਦ ਤੋਂ ਬਦਤਰੀਨ ਹਾਲਾਤ ਨੂੰ ਦਰਗੁਜ਼ਰ ਕਰਦੇ ਹੋਏ ਤਰੱਕੀ ਦੇ ਰਸਤੇ ਤੇ ਰਵਾਂ ਦਵਾਂ ਹੈ। ਕੱਲ੍ਹ ਦੇ ਹਿੰਦੁਸਤਾਨ, ਵਿੱਚ ਪੰਜਾਬ ਦਾ ਹਿੱਸਾ, ਇਸ ਮੁਲਕ ਦੀ ਤਰੱਕੀ ਵਿੱਚ ਹਮੇਸ਼ਾ ਪੁਰਜ਼ੋਰ ਤਰੀਕੇ ਨਾਲ ਯਾਦ ਕੀਤਾ ਜਾਵੇਗਾ।

5. ਇਸ ਮੌਕੇ ਤੇ ਮੈਨੂੰ ਪੰਜਾਬ ਦੇ ਮਸ਼ਹੂਰ ਸ਼ਾਇਰ ਅਲਾਮਾ ਇਕਬਾਲ ਦੇ ਅਲਫਾਜ਼ ਯਾਦ ਆ ਰਹੇ ਹਨ:

ਯਹੀ ਆਇਨੇ ਕੁਦਰਤ ਹੈ
ਯਹੀ ਅਸਲੂਬੇ ਫਿਤਰਤ ਹੈ
ਜੋ ਹੈ ਰਾਹੇਂ ਅਮਲ ਪੇ ਗਾਮਜ਼ਨ
ਮਹਬੂਬ-ਏ-ਫਿਤਰਤ ਹੈ।

6. ਮੈਂ ਅੱਜ ਸੂਬੇ ਦੇ ਮਾਲੀ ਹਾਲਾਤ ਦੇ ਕੁਝ ਮੁੱਦਿਆਂ ਤੇ ਹੀ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਬਜਟ ਦੀ ਤਫਸੀਲਾਤ, ਜਨਾਬ ਫਾਈਨੈਂਸ ਸੈਕਟਰੀ ਵੱਲੋਂ, ਮੈਮੋਰੰਡਮ ਵਿੱਚ ਖਸੂਸੀ ਤਵੱਜੋ ਨਾਲ ਪੇਸ਼ ਕੀਤੀ ਗਈ ਹੈ। ਮੇਰੀ ਕੋਸ਼ਿਸ਼ ਹੈ ਕਿ ਤਫਸੀਲਾਤ ਦੀਆਂ ਪੇਚੀਦਗੀਆਂ ਤੋਂ ਬਗੈਰ ਮੈਂਬਰ ਸਾਹਿਬਾਨ ਸਾਹਮਣੇ ਮਾਲੀ ਹਾਲਾਤ ਦੀ ਸਹੀ ਅਤੇ ਸਾਫ਼ ਤਸਵੀਰ ਪੇਸ਼ ਕਰ ਸਕਾਂ।

7. ਜਨਾਬ ਸਪੀਕਰ ਸਾਹਿਬ, ਮੈਂ ਇਕ ਪੁਰ ਉਮੀਦ ਇਨਸਾਨ ਹਾਂ ਅਤੇ

** Not recorded as ordered by the Chair.

ਭਾਰਤ ਦੇ ਦੂਜਿਆਂ ਸੂਬਿਆਂ ਵਿਚ ਪੰਜਾਬ ਦਾ ਕਾਬਿਲੇ-ਕਦਰ ਮੁਕਾਮ ਮੁੜ ਬਹਾਲ ਕਰਾਉਣ ਲਈ ਪੰਜਾਬੀ ਦੀ ਕਾਬਲੀਅਤ, ਅਜ਼ਮ ਅਤੇ ਲਿਆਕਤ ਤੋਂ ਆਪਣੀ ਤਾਕਤ ਤੇ ਉਮੀਦ ਹਾਸਲ ਕਰਦਾ ਹਾਂ।

8. ਮੈਂ ਇਸ ਅਜ਼ੀਮ ਸਦਨ ਨੂੰ ਇਹ ਦੱਸਣਾ ਚਾਹਾਂਗਾ ਕਿ ਪੰਜਾਬ ਸਰਕਾਰ ਵੱਲੋਂ 15ਵੇਂ ਵਿੱਤ ਕਮਿਸ਼ਨ ਨੂੰ ਕੇਂਦਰ ਅਤੇ ਰਾਜਾਂ ਦਰਮਿਆਨ ਵਿੱਤੀ ਸੰਬੰਧਾਂ ਦੇ ਵੱਖ-ਵੱਖ ਪੱਖਾਂ ਸਬੰਧੀ ਆਪਣੇ ਵਿਚਾਰ ਅਤੇ ਸੁਝਾਵਾਂ ਵਾਲਾ ਮੈਮੋਰੰਡਮ ਪੇਸ਼ ਕੀਤਾ ਗਿਆ ਹੈ। ਪੰਜਾਬ ਦਾ ਮੁਕੱਦਮਾ ਖੁਦ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੇ ਬਾਖੂਬੀ ਪੇਸ਼ ਕੀਤਾ ਅਤੇ ਕਮਿਸ਼ਨ ਨੇ ਬੜੀ ਹਮਦਰਦੀ ਨਾਲ ਸੁਣਿਆ। ਕਮਿਸ਼ਨ ਵਲੋਂ ਰਾਜ ਸਰਕਾਰ ਦੁਆਰਾ ਸੂਬੇ ਦੀ ਆਰਥਿਕਤਾ ਅਤੇ ਮਾਲੀ ਹਾਲਾਤ ਨੂੰ ਮੁੜ ਸੁਰਜੀਤ ਕਰਨ ਲਈ ਕੀਤੇ ਯਤਨਾਂ ਦੀ ਕਮਿਸ਼ਨ ਵਲੋਂ ਸ਼ਲਾਘਾ ਕੀਤੀ ਗਈ ਹੈ। ਸਦਨ ਨੂੰ ਇਹ ਦੱਸਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਕਮਿਸ਼ਨ ਵੱਲੋਂ ਡਾ. ਰਮੇਸ਼ ਚੰਦ, ਮੈਂਬਰ, ਪੰਦਰਵਾਂ ਵਿੱਤ ਕਮਿਸ਼ਨ ਦੀ ਚੇਅਰਮੈਨਸ਼ਿਪ ਅਧੀਨ ਇੱਕ ਕਮੇਟੀ ਕਾਇਮ ਕੀਤੀ ਗਈ ਹੈ, ਜਿਸ ਵਿੱਚ ਖੁਰਾਕ ਅਤੇ ਜਨਤਕ ਵੰਡ ਮਹਿਕਮਾ ਅਤੇ ਵਿੱਤ ਵਿਭਾਗ, ਭਾਰਤ ਸਰਕਾਰ ਦੇ ਨੁਮਾਇੰਦੇ ਅਤੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਸ਼ਾਮਲ ਹਨ। ਇਹ ਕਮੇਟੀ ਤੇਜ਼ੀ ਨਾਲ ਵਧ ਰਹੇ ਸੀ.ਸੀ.ਐੱਲ. ਮੁੱਦੇ ਸਬੰਧੀ ਸਮਾਂਬੱਧ ਨਿਪਟਾਰੇ ਬਾਰੇ ਸਿਫਾਰਸ਼ ਕਰੇਗੀ ਜੋ ਕਿ ਪੰਜਾਬ ਦੇ ਮਾਲੀ ਹਾਲਾਤ ਲਈ ਕਾਬਿਲ-ਏ-ਫਿਕਰ ਹੈ।

ਜਨਾਬ ਸਪੀਕਰ ਸਾਹਿਬ,

9. ਪਿਛਲੀ ਸਰਕਾਰ ਨੇ ਰਾਜ ਦੀ ਮਾਲੀ ਹਾਲਾਤ ਨੂੰ ਬਹੁਤ ਜ਼ਖਮ ਦਿੱਤੇ ਹਨ। ਇਨ੍ਹਾਂ ਵਿਚੋਂ ਸਭ ਤੋਂ ਗਹਿਰਾ ਜ਼ਖਮ ਪਿਛਲੀ ਸਰਕਾਰ ਦੇ ਅਖੀਰਲੇ ਦਿਨ ਸੀ.ਸੀ.ਐੱਲ. ਅੰਤਰ ਦੇ 30584.11 ਕਰੋੜ ਰੁਪਏ ਨੂੰ ਕਰਜ਼ ਵਿਚ ਤਬਦੀਲ ਕਰਨ ਦਾ ਹੈ।

10. ਸਾਡੀ ਸਰਕਾਰ ਕੋਲ ਦਸਤਾਵੇਜ਼ੀ ਸਬੂਤ ਹਨ ਜੋ ਇਹ ਸਾਬਤ ਕਰਦੇ ਹਨ ਕਿ ਭਾਰਤ ਸਰਕਾਰ ਦੀ ਇੱਛਾ ਇਸ ਪੈਸੇ ਨੂੰ ਸਰਕਾਰ ਅਤੇ ਬੈਂਕਾਂ ਵਿਚ ਤਕਸੀਮ ਕਰਨ ਦੀ ਸੀ ਪਰ ਅਕਾਲੀ ਸਰਕਾਰ ਨੇ ਇਹ ਭਾਰੀ ਬੋਝ ਪੰਜਾਬ ਦੇ ਲੋਕਾਂ ਤੇ ਪਾ ਦਿੱਤਾ ਅਤੇ ਜਿਸ ਦੀ ਵਜ੍ਹਾ ਵੀ ਉਨ੍ਹਾਂ ਨੂੰ ਹੀ ਪਤਾ ਹੋਵੇਗੀ। ਪੰਜਾਬ ਦੇ ਟੈਕਸ ਦੇਣ ਵਾਲੇ ਲੋਕਾਂ ਲਈ ਇਸ ਤੋਂ ਵੱਧ ਮੰਦਭਾਗਾ ਕੁਝ ਹੋਰ ਨਹੀਂ ਹੋ ਸਕਦਾ।

11. ਤੋਹਫ਼ੇ ਵਿਚ ਮਿਲੇ ਇਸ ਕਰਜ਼ ਲਈ 17 ਸਾਲ ਵਾਸਤੇ 3240 ਕਰੋੜ ਰੁਪਏ ਸਾਲਾਨਾ ਦੀ ਲੰਬੀ ਅਵਧੀ ਦੇ ਕਰਜ਼ੇ ਨੂੰ ਚੁਕਾਉਣ ਦੇ ਬੋਝ ਦਾ ਸਾਹਮਣਾ ਹੈ।

[ਵਿੱਤ ਮੰਤਰੀ]

ਰਾਜ ਸਰਕਾਰ ਹਰ ਸਾਲ ਅਨਾਜ ਦੀ ਖਰੀਦ ਕਾਰਨ ਵਧ ਰਹੇ ਫਰਕ ਨੂੰ ਘੱਟ ਕਰਨ ਲਈ ਹਰ ਮੁਮਕਿਨ ਯਤਨ ਕਰਨ ਵਿਚ ਪੂਰੀ ਸਰਗਰਮੀ ਨਾਲ ਕਾਰਜਸ਼ੀਲ ਹੈ। ਰਾਜ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਸਾਲ 2016-17 ਤੋਂ ਸਾਲ 2017-18 ਦੌਰਾਨ ਸੀ.ਸੀ.ਐੱਲ. ਅੰਤਰ ਵਿਚ 11.87 ਫ਼ੀਸਦ ਤੱਕ ਦੀ ਕਮੀ ਆਈ ਹੈ। ਇਹ ਧਿਆਨ ਦੇਣ ਯੋਗ ਹੈ ਕਿ ਕਣਕ ਦੀ ਖਰੀਦ ਦੇ ਸਬੰਧ ਵਿਚ, ਇਸੇ ਅਵਧੀ ਦੌਰਾਨ ਇਸ ਅੰਤਰ ਵਿਚ 43.36 ਫ਼ੀਸਦ ਦੀ ਜ਼ਬਰਦਸਤ ਕਮੀ ਆਈ ਹੈ।

12. ਮੌਜੂਦਾ ਸਰਕਾਰ ਦੀਆਂ ਨਿਰੰਤਰ ਕੋਸ਼ਿਸ਼ਾਂ ਸਦਕਾ ਪੰਜਾਬ ਰਾਜ ਵਿੱਤੀ ਬਹਾਲੀ ਦੇ ਰਸਤੇ 'ਤੇ ਗਾਮਜ਼ਨ ਹੈ। ਜਿਵੇਂ ਕਿ ਭਾਰਤੀ ਰਿਜ਼ਰਵ ਬੈਂਕ ਦੁਆਰਾ ਛਾਪੇ ਵੱਖ-ਵੱਖ ਆਰਥਿਕ ਅਤੇ ਵਿੱਤੀ ਸੂਚਕਾਂ ਵਿਚ ਪੰਜਾਬ ਦੀ ਕਾਰਗੁਜ਼ਾਰੀ ਤੋਂ ਸਪਸ਼ਟ ਹੁੰਦਾ ਹੈ ਕਿ ਰਾਜ ਨੇ ਸਾਲ 2017-18 ਵਿਚ ਜੀ.ਐੱਸ.ਡੀ.ਪੀ. ਦੇ 0.60 ਫ਼ੀਸਦ ਤੱਕ ਮੁੱਢਲੇ ਵਾਧੇ ਦਰਸਾਏ ਹਨ। ਇਹ ਕਰਜ਼ੇ ਭਾਰੀ ਬੋਝ ਨੂੰ ਚੁਕਾਉਣ ਦੀ ਜ਼ਿੰਮੇਵਾਰੀ ਦੇ ਬਾਵਜੂਦ ਵਿੱਤੀ ਜ਼ਿੰਮੇਵਾਰੀ ਪ੍ਰਤੀ ਰਾਜ ਦੇ ਯਤਨਾਂ ਦਾ ਸੂਚਕ ਹੈ। ਸਰਕਾਰ ਰਾਜ ਦੀ ਵਿੱਤੀ ਮਜ਼ਬੂਤੀ ਨੂੰ ਬਹਾਲ ਕਰਨ ਅਤੇ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਕਰਜ਼ੇ ਦੇ ਭਾਰੀ ਬੋਝ ਨੂੰ ਹੌਲੀ-ਹੌਲੀ ਘੱਟ ਕਰਨ ਦੇ ਟੀਚੇ ਤੇ ਕੇਂਦਰਿਤ ਹੈ।

13. ਮੈਂ ਇਸ ਅਜ਼ੀਮ ਸਦਨ ਦੇ ਧਿਆਨ ਵਿਚ ਲਿਆਉਣਾ ਚਾਹਾਂਗਾ ਕਿ ਸਾਡੀ ਸਰਕਾਰ ਨਾ ਕੇਵਲ ਤਰੱਕੀ ਅਤੇ ਫਾਇਦੇਮੰਦ ਖ਼ਰਚ ਲਈ ਵਚਨਬੱਧ ਹੈ ਬਲਕਿ ਇਨ੍ਹਾਂ ਅਹਿਮ ਕਾਰਗੁਜ਼ਾਰੀ ਸੂਚਕਾਂ ਦੇ ਤਹਿਸ਼ੁਦਾ ਕੰਟਰੋਲ ਲਈ ਪੁਰ ਅਜ਼ਮ ਹਾਂ। ਹਰੇਕ ਵਿਭਾਗ ਲਈ ਅਸੀਂ 4 ਸਾਲਾ ਨੀਤੀਗਤ ਕਾਰਜ ਯੋਜਨਾ 2019-23 (4 ਐੱਸ.ਏ.ਪੀ.) ਤਿਆਰ ਕਰ ਰਹੇ ਹਾਂ। ਇਹ ਯੋਜਨਾ ਚਾਲੂ ਸਾਲ ਦੌਰਾਨ ਕਾਰਜਸ਼ੀਲ ਹੋ ਜਾਵੇਗੀ ਅਤੇ ਪੂਰਵ ਨਿਰਧਾਰਤ ਟੀਚਿਆਂ ਦੀ ਪ੍ਰਾਪਤੀ ਲਈ ਸਰਕਾਰ ਨੂੰ ਆਪਣੀ ਪਾਲਿਸੀ ਦੀ ਤਰੱਕੀ ਦਾ ਲੇਖਾ-ਜੋਖਾ ਕਰਨ ਦੇ ਯੋਗ ਵੀ ਬਣਾਵੇਗੀ।

14. ਜਨਾਬ ਸਪੀਕਰ ਸਾਹਿਬ, ਰਾਜ ਦੀ ਜੀ.ਐੱਸ.ਡੀ.ਪੀ. ਚਾਲੂ ਕੀਮਤਾਂ ਤੇ ਸਾਲ 2017-18 ਦੇ 470137 ਕਰੋੜ ਰੁਪਏ ਤੋਂ ਵੱਧ ਕੇ ਸਾਲ 2018-19 ਦੌਰਾਨ 518291 ਕਰੋੜ ਰੁਪਏ ਹੋ ਗਈ ਹੈ। ਮੈਨੂੰ ਇਹ ਪੂਰਨ ਉਮੀਦ ਹੈ ਕਿ ਸਾਡੀ ਸਰਕਾਰ ਦੀਆਂ ਨੀਤੀਆਂ ਦੇ ਨਤੀਜੇ ਵਜੋਂ ਸਾਲ 2019-20 ਦੌਰਾਨ ਰਾਜ ਦੀ ਜੀ.ਐੱਸ.ਡੀ.ਪੀ. ਵੱਧ ਕੇ 577829 ਕਰੋੜ ਰੁਪਏ ਹੋ ਜਾਵੇਗੀ। ਰਾਜ ਦੀ ਪ੍ਰਤੀ ਜੀਅ ਆਮਦਨ ਵੀ ਸਾਲ 2017-18 ਵਿਚ 141552 ਰੁਪਏ ਤੋਂ ਵਧ ਕੇ

ਸਾਲ 2018-19 ਦੌਰਾਨ 153061 ਰੁਪਏ ਹੋ ਗਈ ਹੈ ਜੋ ਕਿ ਕੌਮੀ ਔਸਤ ਦੇ 125397 ਰੁਪਏ ਤੋਂ 22.06 ਫ਼ੀਸਦ ਵਧੇਰੇ ਹੈ।

**ਵਿੱਤੀ ਰੋਡ ਮੈਪ**

ਜਨਾਬ ਸਪੀਕਰ ਸਾਹਿਬ,

15. ਇਸ ਸਾਲ ਦੀਆਂ ਤਜਵੀਜ਼ਾਂ ਵਿੱਚ ਕੁੱਲ ਮਾਲੀ ਪ੍ਰਾਪਤੀਆਂ ਸਾਲ 2018-19 ਵਿੱਚ (ਸੋਧੇ ਅਨੁਮਾਨ) 70399 ਕਰੋੜ ਰੁਪਏ ਤੋਂ ਵੱਧ ਕੇ ਸਾਲ 2019-20 ਵਿੱਚ (ਬਜਟ ਅਨੁਮਾਨ) 78510 ਕਰੋੜ ਰੁਪਏ ਹੋ ਜਾਣ ਦਾ ਅਨੁਮਾਨ ਲਗਾਇਆ ਗਿਆ ਹੈ, ਜੋ ਕਿ 11.52 ਫ਼ੀਸਦ ਦਾ ਵਾਧਾ ਹੈ। ਇਸੇ ਸਮੇਂ ਦੌਰਾਨ ਆਪਣਾ ਕਰ ਮਾਲੀਆ ਸਾਲ 2018-19 (ਸੋਧੇ ਅਨੁਮਾਨ) ਵਿੱਚ 32742 ਕਰੋੜ ਰੁਪਏ ਤੋਂ 2019-20 ਵਿੱਚ (ਬਜਟ ਅਨੁਮਾਨ) ਵਿਚ ਵੱਧ ਕੇ 37674 ਕਰੋੜ ਰੁਪਏ ਅਰਥਾਤ 15.06 ਫ਼ੀਸਦ ਅਨੁਮਾਨਿਆ ਗਿਆ ਹੈ। ਇਥੇ ਮੈਂ ਇਸ ਸਦਨ ਦਾ ਧਿਆਨ ਇਸ ਤੱਥ ਵੱਲ ਦਿਵਾਉਣਾ ਚਾਹਾਂਗਾ ਕਿ 2018-19 ਦੇ ਬਜਟ ਅਨੁਮਾਨਾਂ ਵਿੱਚ ਜੀ.ਐੱਸ.ਟੀ. ਦੀਆਂ ਪ੍ਰਾਪਤੀਆਂ ਨੂੰ ਮੁਕੰਮਲ ਰੂਪ ਵਿੱਚ ਆਪਣੇ ਕਰ ਮਾਲੀਏ ਦੇ ਹਿੱਸੇ ਵਜੋਂ ਹੀ ਲਿਆ ਗਿਆ ਸੀ। ਪ੍ਰੰਤੂ ਭਾਰਤ ਦੇ ਸੀ.ਏ.ਜੀ. ਦੇ ਗਣਨਾ ਮਿਆਰਾਂ ਮੁਤਾਬਿਕ ਕਿਉਂਕਿ ਸੂਬੇ ਦੇ ਜੀ.ਐੱਸ.ਟੀ. ਮੁਆਵਜ਼ੇ ਨੂੰ ਸੂਬੇ ਦੇ ਓ.ਟੀ.ਆਰ. ਦੀ ਬਜਾਏ ਕੇਂਦਰ ਵਲੋਂ ਗ੍ਰਾਂਟ-ਇਨ-ਏਡ ਵਜੋਂ ਗਿਣਿਆ ਗਿਆ ਹੈ। ਪ੍ਰਾਪਤੀਆਂ ਵਿਚਲੇ ਰੁਝਾਨਾਂ ਦੇ ਮੁਲਾਂਕਣ ਤੋਂ ਬਾਅਦ ਅਤੇ ਮਾਲੀ ਪ੍ਰਾਪਤੀਆਂ ਦੀ ਵਾਸਤਵਿਕ ਸਥਿਤੀ ਤੋਂ ਬਾਅਦ ਸਾਲ 2018-19 (ਸੋਧੇ ਅਨੁਮਾਨ) ਲਈ ਜੀ.ਐੱਸ.ਟੀ. ਪ੍ਰਾਪਤੀਆਂ ਓ.ਟੀ.ਆਰ. ਅਤੇ ਗ੍ਰਾਂਟ-ਇਨ-ਏਡਜ਼ ਦੇ 65:35 ਦੇ ਅਨੁਪਾਤ ਵਿੱਚ ਰਹੀਆਂ। ਇਸੇ ਤਰ੍ਹਾਂ ਸਾਲ 2019-20 ਲਈ ਸਾਡੇ ਜੀ.ਐੱਸ.ਟੀ. ਮਾਲੀਏ ਦੀ ਤੇਜ਼ੀ ਨੂੰ ਵੇਖਦਿਆਂ ਸੂਬੇ ਦੀ ਕਰ-ਕੁਸ਼ਲਤਾ ਵਿੱਚ ਸੰਭਾਵਿਤ ਤਰੱਕੀ ਦੇ ਪ੍ਰਵਾਹ ਦੇ ਮੱਦੇਨਜ਼ਰ ਜੀ.ਐੱਸ.ਟੀ. ਪ੍ਰਾਪਤੀਆਂ ਨੂੰ ਓ.ਟੀ.ਆਰ ਅਤੇ ਗ੍ਰਾਂਟ-ਇਨ-ਏਡ ਦੇ 70:30 ਦੇ ਅਨੁਪਾਤ ਵਿੱਚ ਲਿਆਂਦਾ ਗਿਆ ਹੈ।

16. ਰਾਜ ਦਾ ਕੁੱਲ ਖ਼ਰਚ ਸਾਲ 2019-20 (ਬਜਟ ਅਨੁਮਾਨ) ਦੌਰਾਨ 158493 ਕਰੋੜ ਰੁਪਏ ਅਨੁਮਾਨਿਆ ਗਿਆ ਹੈ ਜੋ ਕਿ ਸਾਲ 2018-19 (ਸੋਧੇ ਅਨੁਮਾਨ) ਦੇ 127415 ਕਰੋੜ ਰੁਪਏ ਤੋਂ 24.39 ਫ਼ੀਸਦ ਵਧੇਰੇ ਹੈ। ਕੁੱਲ ਖ਼ਰਚ ਵਿਚਲਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਰਾਜ ਦਾ ਮਾਲੀ ਖ਼ਰਚ ਸਾਲ 2018-19 (ਸੋਧੇ ਅਨੁਮਾਨ) ਦੇ 82318 ਕਰੋੜ ਰੁਪਏ ਤੋਂ ਵੱਧ ਕੇ ਸਾਲ

[ਵਿੱਤ ਮੰਤਰੀ]

2019-20 (ਬਜਟ ਅਨੁਮਾਨ) ਦੌਰਾਨ 90197 ਕਰੋੜ ਰੁਪਏ ਹੋ ਜਾਵੇਗਾ ਜੋ ਕਿ 9.57 ਫ਼ੀਸਦ ਦਾ ਵਾਧਾ ਹੈ। ਇਸੇ ਹੀ ਅਵਧੀ ਦੌਰਾਨ ਤਨਖਾਹਾਂ, ਉਜਰਤਾਂ ਅਤੇ ਗ੍ਰਾਂਟ-ਇਨ-ਏਡ (ਤਨਖਾਹਾਂ) ਦਾ ਖ਼ਰਚ 25378 ਕਰੋੜ ਰੁਪਏ ਤੋਂ ਵੱਧ ਕੇ 26979 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ ਅਤੇ ਪੈਨਸ਼ਨਾਂ ਦਾ ਖ਼ਰਚ 10254 ਕਰੋੜ ਰੁਪਏ ਤੋਂ ਵੱਧ ਕੇ 10875 ਕਰੋੜ ਰੁਪਏ ਹੋ ਜਾਵੇਗਾ ਜੋ ਕਿ ਕ੍ਰਮਵਾਰ 6.31 ਫ਼ੀਸਦ ਅਤੇ 6.06 ਫ਼ੀਸਦ ਦੇ ਵਾਧੇ ਨੂੰ ਦਰਸਾਉਂਦਾ ਹੈ। ਇਸ ਲਈ ਕਰਮਚਾਰੀਆਂ/ਸਾਬਕਾ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਉਜਰਤਾਂ (ਗ੍ਰਾਂਟ-ਇਨ-ਏਡ ਸਮੇਤ) ਅਤੇ ਪੈਨਸ਼ਨਾਂ ਉਪਰਲਾ ਖ਼ਰਚ 6.24 ਫ਼ੀਸਦ ਵੱਧ ਜਾਵੇਗਾ। ਸਾਲ 2018-19 (ਸੋਧੇ ਅਨੁਮਾਨ) ਅਤੇ ਸਾਲ 2019-20 (ਬਜਟ ਅਨੁਮਾਨ) ਦੌਰਾਨ ਇਨ੍ਹਾਂ ਪ੍ਰਤੀਬੱਧ ਦੇਣਦਾਰੀਆਂ ਦਾ ਕੁੱਲ ਮਾਲੀ ਖ਼ਰਚ ਕੁੱਲ ਮਾਲੀ ਪ੍ਰਾਪਤੀਆਂ ਦਾ ਕ੍ਰਮਵਾਰ 50.61 ਫ਼ੀਸਦ ਅਤੇ 48.22 ਫ਼ੀਸਦ ਹੋਵੇਗਾ।

17. ਪਿਛਲੀ ਸਰਕਾਰ ਵਲੋਂ ਰਾਜ ਉੱਤੇ ਵਾਧੂ ਵਿਆਜ ਭੁਗਤਾਨ ਦੀਆਂ ਦੇਣਦਾਰੀਆਂ ਦਾ ਭਾਰੀ ਬੋਝ ਪਾਉਣ ਕਾਰਨ ਕੁੱਲ ਮਾਲੀਆ ਪ੍ਰਾਪਤੀਆਂ ਪ੍ਰਤੀ ਵਿਆਜ ਭੁਗਤਾਨ ਦਾ ਅਨੁਪਾਤ ਸਾਲ 2016-17 ਵਿਚ 24.26 ਫ਼ੀਸਦ ਤੋਂ ਵਧ ਕੇ ਸਾਲ 2017-18 ਵਿਚ 28.93 ਫ਼ੀਸਦ ਹੋ ਗਿਆ ਜੋ ਸਮੂਹ ਰਾਜਾਂ ਵਿਚ ਸਭ ਤੋਂ ਜ਼ਿਆਦਾ ਹੈ।ਇਸ ਤੋਂ ਇਲਾਵਾ ਸਾਲ 2018-19 (ਸੋਧੇ ਅਨੁਮਾਨ) ਅਤੇ 2019-20 (ਬਜਟ ਅਨੁਮਾਨ) ਲਈ ਇਹ ਅਨੁਪਾਤ ਕ੍ਰਮਵਾਰ 23.17 ਫ਼ੀਸਦ ਅਤੇ 22.51 ਫ਼ੀਸਦ ਹੋ ਜਾਣ ਦੀ ਆਸ ਹੈ। ਪੰਜਾਬ ਦਾ ਬੇਹੱਦ ਉੱਚ ਵਿਆਜੀ ਬੋਝ ਇਸ ਦੇ ਸਰੋਤਾਂ ਉੱਪਰ ਇਕ ਨਿਰੰਤਰ ਰੋਕ ਹੈ।

18. ਜਨਾਬ ਸਪੀਕਰ ਸਾਹਿਬ, ਸਾਲ 2019-20 (ਬਜਟ ਅਨੁਮਾਨ) ਦੌਰਾਨ ਰਾਜ ਦਾ ਪੂੰਜੀਗਤ ਖ਼ਰਚ 22842 ਕਰੋੜ ਰੁਪਏ ਅਨੁਮਾਨਿਆ ਗਿਆ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿ ਉਦੈ (ਯੂ ਡੀ ਏ ਵਾਈ) ਕਰਜ਼ ਨੂੰ ਇਕੁਇਟੀ ਅਤੇ ਪੂੰਜੀਗਤ ਗ੍ਰਾਂਟ ਵਿੱਚ ਯਕਮੁਸ਼ਤ ਤਬਦੀਲੀ ਕਾਰਨ ਸਾਡਾ ਪੂੰਜੀਗਤ ਖ਼ਰਚ ਸਾਲ 2018-19 (ਸੋਧੇ ਅਨੁਮਾਨ) ਦੇ ਮੁਕਾਬਲੇ ਸਾਲ 2019-20 (ਬਜਟ ਅਨੁਮਾਨ) ਦੌਰਾਨ 368.88 ਫ਼ੀਸਦ ਵੱਧ ਗਿਆ ਹੈ। ਉਦੈ ਪ੍ਰਭਾਵ ਨੂੰ ਬਾਹਰ ਰੱਖਣ ਤੋਂ ਬਾਅਦ ਵੀ ਨਿਰੋਲ ਪੂੰਜੀਗਤ ਖ਼ਰਚ ਸਾਲ 2019-20 (ਬਜਟ ਅਨੁਮਾਨ) ਵਿਚ 7214 ਕਰੋੜ ਰੁਪਏ ਅਨੁਮਾਨਿਆ ਗਿਆ ਹੈ ਜੋ ਕਿ 2017-18 ਤੋਂ 206.72 ਫ਼ੀਸਦ ਅਤੇ 2018-19 (ਸੋਧੇ ਅਨੁਮਾਨ) ਤੋਂ 48.07 ਫ਼ੀਸਦ ਵਧੇਰੇ ਹੈ।

20. ਪ੍ਰਾਪਤੀਆਂ, ਖ਼ਰਚ ਅਤੇ ਪ੍ਰਤੀਬੱਧ ਦੇਣਦਾਰੀਆਂ ਵਿਚਲੇ ਰੁਝਾਨਾਂ ਦੇ ਸਮੂਹਿਕ ਨਜ਼ਰੀਏ ਨੂੰ ਧਿਆਨ ਵਿੱਚ ਰੱਖਦਿਆਂ ਮੈਂ ਸਾਲ 2019-20 ਦੌਰਾਨ ਮਾਲੀ ਘਾਟੇ ਨੂੰ ਜੀ.ਐੱਸ.ਡੀ.ਪੀ. ਦੇ 2.02 ਫ਼ੀਸਦ 'ਤੇ ਰੱਖਣ ਦੇ ਯੋਗ ਹੋ ਸਕਿਆ। ਇਸ ਦੇ ਬਾਵਜੂਦ ਵੀ ਅਸੀਂ ਮਾਲੀ ਘਾਟੇ ਵਿਚ ਕਮੀ ਲਿਆਉਣ ਲਈ ਆਪਣੇ ਫ਼ੈਸਲੇ ਵਿੱਚ ਸੁਦ੍ਰਿੜ੍ਹ ਹਾਂ ਅਤੇ ਸਾਡੀ ਸਰਕਾਰ ਵੱਲੋਂ ਸਾਲ 2017-18 ਵਿੱਚ ਪ੍ਰਾਪਤ ਆਰੰਭਿਕ ਵਾਧੇ ਵਾਂਗ ਸੂਬੇ ਨੂੰ ਵਾਫਰ ਮਾਲੀਏ ਦੇ ਯੁੱਗ ਵਿੱਚ ਲੈ ਜਾਣ ਲਈ ਵਚਨਬੱਧ ਹਾਂ।ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਅਸੀਂ ਵਿੱਤੀ ਘਾਟੇ ਨੂੰ ਸਾਲ 2016-17 ਦੇ 12.30 ਫ਼ੀਸਦ ਅਤੇ 4.36 ਫ਼ੀਸਦ (ਸਾਲ 2017-18 ਸੋਧੇ ਅਨੁਮਾਨ) ਦੇ ਮੁਕਾਬਲੇ ਸਾਲ 2017-18 ਲਈ 2.65 ਫ਼ੀਸਦ ਦੇ ਹੇਠਲੇ ਪੱਧਰ 'ਤੇ ਰੱਖਣ ਵਿੱਚ ਕਾਮਯਾਬ ਹੋ ਸਕੇ ਹਾਂ। ਮੌਜੂਦਾ ਸਥਿਤੀ ਨੂੰ ਮੱਦੇ ਨਜ਼ਰ ਰੱਖਦਿਆਂ ਮੈਂ ਸਾਲ 2019-20 ਦੇ ਚਾਲੂ ਵਿੱਤੀ ਸਾਲ ਦੌਰਾਨ ਅਸੀਂ ਵਿੱਤੀ ਘਾਟੇ ਨੂੰ 3.40 ਫ਼ੀਸਦ 'ਤੇ ਰੱਖਣ ਦੇ ਕਾਬਲ ਹੋ ਸਕਿਆ ਹਾਂ।

**ਕਰਜ਼ ਸਥਿਤੀ**

ਜਨਾਬ ਸਪੀਕਰ ਸਾਹਿਬ,

21. ਇਹ ਸਦਨ ਭਲੀ-ਭਾਂਤੀ ਵਾਕਿਫ਼ ਹੈ ਕਿ ਕਰਜ਼ੇ ਦੇ ਭਾਰੀ ਬੋਝ ਨੇ ਸਾਡੀ ਸਰਕਾਰ ਦਾ ਸਵਾਗਤ ਕੀਤਾ ਸੀ, ਫਿਰ ਵੀ ਵਿਰਾਸਤ ਵਿਚ ਮਿਲੇ ਕਰਜ਼ੇ ਦੇ ਇਸ ਬੋਝ ਦੀ ਇਸ ਪ੍ਰਮੁੱਖ ਚੁਣੌਤੀ ਦਾ ਸਾਹਮਣਾ ਕਰਦੇ ਹੋਏ ਵੀ ਅਸੀਂ ਵਿੱਤੀ ਸੰਜਮ ਕਾਇਮ ਕਰਨ ਦੀ ਆਪਣੀ ਵਚਨਬੱਧਤਾ ਪ੍ਰਤੀ ਦ੍ਰਿੜ੍ਹ ਹਾਂ।

22. ਮਿਤੀ 31.03.2019 ਤੱਕ ਰਾਜ ਦਾ ਕੁੱਲ ਬਕਾਇਆ ਕਰਜ਼ 212276 ਕਰੋੜ ਰੁਪਏ ਤੱਕ ਅਨੁਮਾਨਿਆ ਗਿਆ ਹੈ ਜੋ ਕਿ ਸਾਲ 2018-19 (ਸੋਧੇ ਅਨੁਮਾਨ) ਲਈ ਜੀ.ਐੱਸ.ਡੀ.ਪੀ. ਦਾ 40.96 ਫ਼ੀਸਦ ਹੈ ਅਤੇ ਸਾਲ 2019-20 (ਬਜਟ ਅਨੁਮਾਨ) ਵਿੱਚ ਬਕਾਇਆ ਕਰਜ਼ 229612 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ ਜੋ ਕਿ ਜੀ.ਐੱਸ.ਡੀ.ਪੀ. ਦਾ 39.74 ਫ਼ੀਸਦ ਹੈ। ਇਸ ਤਰ੍ਹਾਂ ਅਸੀਂ ਨਿਰੰਤਰ ਰੂਪ ਵਿਚ ਕਰਜ਼/ਜੀ.ਐੱਸ.ਡੀ.ਪੀ. ਅਨੁਪਾਤ ਨੂੰ ਘੱਟ ਕਰਨ ਵਿਚ ਸਫਲ ਹੋਏ ਹਾਂ ਜੋ ਕਿ ਸਾਨੂੰ ਵਿਰਸੇ ਵਿਚ ਮਿਲਿਆ ਸੀ। ਮੈਂ ਇਸ ਅਜ਼ੀਮ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੀਆਂ ਗ਼ੈਰ ਜ਼ਿੰਮੇਵਾਰੀ ਵਾਲੀਆਂ ਵਿੱਤੀ ਕਾਰਵਾਈਆਂ ਕਾਰਨ ਸਾਲ 2016-17 ਵਿੱਚ ਸਾਡਾ ਕਰਜ਼ਾ ਆਂਧਰਾ ਪ੍ਰਦੇਸ਼ (36.4 ਫ਼ੀਸਦ), ਪੱਛਮੀ ਬੰਗਾਲ (31.9 ਫ਼ੀਸਦ), ਕੇਰਲ (31.1 ਫ਼ੀਸਦ), ਤਾਮਿਲਨਾਡੂ (21.8 ਫ਼ੀਸਦ) ਅਤੇ ਮਹਾਂਰਾਸ਼ਟਰ (17.5

[ਵਿੱਤ ਮੰਤਰੀ]

ਫ਼ੀਸਦ) ਵਰਗੇ ਆਮ ਸ਼੍ਰੇਣੀ ਵਾਲੇ ਸੂਬਿਆਂ ਦੇ ਪੱਧਰਾਂ ਤੋਂ ਵੀ ਵੱਧ ਗਿਆ। ਵਿੱਤੀ ਸਾਲ 2019-20 ਲਈ 17335 ਕਰੋੜ ਰੁਪਏ ਦੀ ਪ੍ਰਵਾਨਤ ਨਿਰੋਲ ਉਧਾਰ ਸੀਮਾ ਦੀ ਤੁਲਨਾ ਵਿੱਚ ਸਾਲ 2019-20 ਵਿੱਚ ਕਰਜ਼ਾ ਅਦਾਇਗੀ (ਮੂਲ + ਵਿਆਜ) 30309 ਕਰੋੜ ਰੁਪਏ ਦੀ ਇਕ ਵੱਡੀ ਰਾਸ਼ੀ ਹੈ। ਰਾਜ ਦੇ ਭਾਰੀ ਕਰਜ਼ੇ ਦੀ ਅਦਾਇਗੀ ਨੇ ਸਾਡੀਆਂ ਪ੍ਰਮੁੱਖ ਮਾਲੀ ਪ੍ਰਾਪਤੀਆਂ ਨੂੰ ਹੜੱਪ ਲਿਆ ਹੈ, ਜਿਸ ਨਾਲ ਤਰੱਕੀ ਦੇ ਮਨਸੂਬਿਆਂ ਲਈ ਬਹੁਤ ਥੋੜ੍ਹੇ ਜਿਹੇ ਸ੍ਰੋਤ ਹੀ ਬਚਦੇ ਹਨ। ਕੁੱਲ ਮਿਲਾ ਕੇ ਦਸ ਸਾਲਾਂ ਤੱਕ ਮਾਲੀ ਨਿਜ਼ਾਮ ਲਾਪ੍ਰਵਾਹੀ ਕਾਰਨ ਅੱਜ ਸੂਬਾ ਕਰਜ਼ੇ ਵਿਚ ਫਸੇ ਹੋਣ ਦੀ ਸਥਿਤੀ ਤੋਂ ਵੀ ਕਿਤੇ ਜ਼ਿਆਦਾ ਬਦਹਾਲੀ ਵਿਚ ਹੈ।

23. ਇਸ ਦੇ ਬਾਵਜੂਦ ਵੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ ਨਾ ਕੇਵਲ ਮਾਲੀਏ ਵਿਚ ਵਾਧਾ ਕਰਨ, ਸਗੋਂ ਆਪਣੇ ਖ਼ਰਚੇ ਨੂੰ ਵੀ ਵਾਜਿਬ ਬਣਾਉਂਦਿਆਂ ਅਤੇ ਬਿਹਤਰ ਕਰਜ਼ਾ ਅਤੇ ਨਕਦੀ ਪ੍ਰਬੰਧਨ ਨੂੰ ਯਕੀਨੀ ਬਣਾਉਂਦਿਆਂ ਵਿੱਤੀ ਸੰਜਮ ਲਿਆਉਣ ਲਈ ਵੀ ਕਈ ਸੁਧਾਰ ਕੀਤੇ ਹਨ। ਬੀਤੇ ਵਕਤ ਤੋਂ ਹੱਟ ਕੇ ਜੀ.ਐੱਸ.ਡੀ.ਪੀ. ਦੀ ਤਰੱਕੀ ਦੀ ਸ਼ਰਾਂ ਸਾਲ 2016-17 ਤੋਂ ਸਾਲ 2017-18 ਦੌਰਾਨ 9.42 ਫ਼ੀਸਦ ਬਨਾਮ ਕਰਜ਼ੇ ਦਾ ਵਾਧਾ 6.92 ਫ਼ੀਸਦ ਹੈ। ਆਉਣ ਵਾਲੇ ਵਕਤ ਵਿਚ ਜੀ.ਐੱਸ.ਡੀ.ਪੀ. ਦੀ ਤਰੱਕੀ 11.49 ਫ਼ੀਸਦ ਤੇ ਕਰਜ਼ ਦੀ ਸ਼ਰਾਂ ਵਿਚ 8.17 ਫ਼ੀਸਦ ਹੋਵੇਗਾ। ਕੁਲ ਮਾਲੀਆ ਪ੍ਰਾਪਤੀਆਂ ਪ੍ਰਤੀ ਬਕਾਇਆ ਕਰਜ਼ੇ ਦਾ ਫ਼ੀਸਦ ਸਾਲ 2016-17 ਵਿਚ 380.38 ਫ਼ੀਸਦ ਤੋਂ ਘੱਟ ਕੇ ਸਾਲ 2017-18 ਵਿਚ 368.15 ਫ਼ੀਸਦ ਤੇ ਆ ਗਿਆ ਅਤੇ ਸਾਲ 2019-20 ਵਿਚ 292.46 ਫ਼ੀਸਦ ਅਨੁਮਾਨਿਆ ਗਿਆ ਹੈ। ਸਾਡੀ ਸਰਕਾਰ ਨੇ ਸਾਲ 2017-18 ਵਿਚ ਕੁੱਲ ਮਾਲੀਆ ਪ੍ਰਾਪਤੀਆਂ ਦੇ ਫ਼ੀਸਦ ਨੂੰ ਜੀ.ਐੱਸ.ਡੀ.ਪੀ. ਦੇ 11.28 ਫ਼ੀਸਦ ਦਰਸਾਉਂਦਿਆਂ ਪ੍ਰਸੰਸਾਯੋਗ ਤਰੱਕੀ ਕੀਤੀ ਹੈ, ਜੋ ਸਾਲ 2010-11 ਤੋਂ ਹੁਣ ਤੱਕ ਸਭ ਤੋਂ ਵੱਧ ਹੈ।

ਜਨਾਬ ਸਪੀਕਰ ਸਾਹਿਬ, ਸਭ ਤੋਂ ਵੱਡੀ ਰਕਮ ਇਸ ਵਿਚ ਖੇਤੀਬਾੜੀ ਵਾਸਤੇ ਰੱਖੀ ਗਈ ਹੈ।

24. ਵੱਖ-ਵੱਖ ਖੇਤਰਾਂ ਵਿੱਚ ਸਾਡੇ ਵੱਲੋਂ ਚੁੱਕੇ ਜਾ ਰਹੇ ਕਦਮਾਂ ਸਬੰਧੀ ਬਿਓਰਾ ਦੇਣ ਤੋਂ ਪਹਿਲਾਂ ਮੈਂ ਸਮੁੱਚੀ ਤਸਵੀਰ ਤੁਹਾਡੇ ਸਾਹਮਣੇ ਪੇਸ਼ ਕਰਨੀ ਚਾਹਾਂਗਾ। ਸਾਡੀ ਸਰਕਾਰ ਨੇ ਖੇਤੀਬਾੜੀ ਅਤੇ ਸਬੰਧਿਤ ਸੇਵਾਵਾਂ ਦੀ ਭਲਾਈ ਅਤੇ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਦੇ ਅਨੁਸਰਣ ਵਿਚ ਖੇਤੀਬਾੜੀ ਅਤੇ ਸਬੰਧਿਤ ਖੇਤਰਾਂ ਦਾ ਬਜਟ 2019-20 ਵਿਚ 13643 ਕਰੋੜ ਰੁਪਏ ਕਰ ਦਿੱਤਾ ਹੈ। ਕਰਜ਼

ਰਾਹਤ ਦੇ ਪ੍ਰਭਾਵ ਨੂੰ ਬਾਹਰ ਰੱਖਦਿਆਂ ਇਸ ਖੇਤਰ ਵਿਚਲੇ ਰਾਖਵੇਂਕਰਨ ਨੂੰ 159 ਕਰੋੜ ਰੁਪਏ ਵਧਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸਿੱਖਿਆ ਅਤੇ ਸਿਹਤ ਖੇਤਰ ਲਈ ਰਾਖਵੇਂਕਰਨ ਨੂੰ ਕ੍ਰਮਵਾਰ 9.75 ਫ਼ੀਸਦ ਅਤੇ 10.87 ਫ਼ੀਸਦ ਵਧਾਇਆ ਗਿਆ ਹੈ। ਸਾਡੇ ਦਿਹਾਤੀ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰਾਖਵੇਂਕਰਨ ਵਿਚ ਕ੍ਰਮਵਾਰ 36.08 ਫ਼ੀਸਦ ਅਤੇ 19.94 ਫ਼ੀਸਦ ਦਾ ਵਾਧਾ ਕੀਤਾ ਗਿਆ ਹੈ ਜਦੋਂ ਕਿ ਪਹੁੰਚ ਯੋਗਤਾ ਅਤੇ ਕੁਨੈਕਟੀਵਿਟੀ ਵਿਚ ਸੁਧਾਰ ਲਿਆਉਣ ਲਈ ਰਾਖਵੇਂਕਰਨ ਵਿਚ 21.32 ਫ਼ੀਸਦ ਵਾਧਾ ਕੀਤਾ ਗਿਆ ਹੈ।

**ਕਿਸਾਨਾਂ ਦੀ ਭਲਾਈ**

**ਖੇਤੀਬਾੜੀ**

**ਕਰਜ਼ ਰਾਹਤ**

ਜਨਾਬ ਸਪੀਕਰ ਸਾਹਿਬ, ਪਿਛਲੇ ਲੰਮੇ ਸਮੇਂ ਤੋਂ ਜੇਕਰ ਕਿਸੇ ਨੇ ਬਾਂਹ ਫੜੀ ਹੈ ਤਾਂ ਮੈਂ ਸਮਝਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਫੜੀ ਹੈ।

25. ਪਿਛਲੇ ਕਈ ਸਾਲਾਂ ਵਿਚ ਕਿਸੇ ਵੀ ਸਰਕਾਰ ਨੇ ਕਿਸਾਨਾਂ ਦੀ ਭਲਾਈ ਪ੍ਰਤੀ ਸਮਰਪਣ ਦੀ ਇਤਨੀ ਭਾਵਨਾ ਨਹੀਂ ਦਰਸਾਈ ਜਿਤਨੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਦਰਸਾਈ ਹੈ। ਸਾਡੀ ਸਰਕਾਰ ਨੇ "ਖੁਸ਼ਹਾਲ ਕਿਸਾਨ, ਪ੍ਰਗਤੀਸ਼ੀਲ ਨੌਜਵਾਨ" ਦੇ ਫਲਸਫੇ ਤੇ ਤੁਰਦਿਆਂ ਸਾਡੇ ਕਰਜ਼ੇ ਹੇਠਾਂ ਦੱਬੇ ਕਿਸਾਨ ਭਰਾਵਾਂ ਦੀ ਭਲਾਈ ਲਈ "ਖੇਤੀ ਕਰਜ਼ਾ ਮਾਫ਼ੀ ਸਕੀਮ" ਦੇ ਅੰਤਰਗਤ ਉਨ੍ਹਾਂ ਨੂੰ ਰਾਹਤ ਦਿੱਤੀ ਗਈ ਹੈ।ਇਸ ਸਕੀਮ ਦੇ ਅਧੀਨ ਹਾਸ਼ੀਆ-ਗ੍ਰਸਤ ਅਤੇ ਛੋਟੇ ਕਿਸਾਨਾਂ ਲਈ 2.00 ਲੱਖ ਰੁਪਏ ਦੇ ਫਸਲੀ ਕਰਜ਼ ਸਰਕਾਰ ਵਲੋਂ ਮੁਆਫ਼ ਕਰ ਦਿੱਤੇ ਗਏ ਹਨ। ਹੁਣ ਤੱਕ, ਸਮੁੱਚੇ ਰਾਜ ਵਿਚ 5.83 ਲੱਖ ਹਾਸ਼ੀਆ ਗ੍ਰਸਤ ਅਤੇ ਛੋਟੇ ਕਿਸਾਨਾਂ ਨੂੰ ਇਸ ਸਕੀਮ ਦੇ ਅਮਲ ਦੇ ਹਿੱਸੇ ਵਜੋਂ 4736 ਕਰੋੜ ਰੁਪਏ ਦੀ ਕੁਲ ਦੀ ਰਾਹਤ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਸਕੀਮ ਦੇ ਲਾਗੂ ਕਰਨ ਦੇ ਅਗਲੇ ਪੜਾਅ ਵਿਚ ਸਾਡੀ ਸਰਕਾਰ ਭੂਮੀਹੀਣ ਖੇਤੀ ਕਾਮਿਆਂ ਅਤੇ ਕਿਸਾਨਾਂ ਦੇ ਪਰਿਵਾਰਾਂ, ਜੋ ਆਤਮ ਹੱਤਿਆ ਲਈ ਮਜ਼ਬੂਰ ਹੋ ਰਹੇ ਹਨ, ਦੇ ਕਰਜ਼ੇ ਮੁਆਫ ਕਰੇਗੀ। ਮੈਂ ਸਮਾਜ ਦੇ ਇਨ੍ਹਾਂ ਵਰਗਾਂ ਲਈ ਸਾਲ 2019-20 ਦੌਰਾਨ 3000 ਕਰੋੜ ਰੁਪਏ ਦੇ ਕੁੱਲ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ। ਮੈਂ ਇਸ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਾਡੀ ਸਰਕਾਰ ਕਿਸਾਨਾਂ ਨੂੰ ਕਰਜ਼ੇ ਦੇ ਬੋਝ ਤੋਂ ਮੁਕਤ ਕਰਨ ਲਈ ਹਰ ਸੰਭਵ ਕਦਮ ਚੁੱਕੇਗੀ।

[ਵਿੱਤ ਮੰਤਰੀ]

**ਕਿਸਾਨਾਂ ਨੂੰ ਮੁਫ਼ਤ ਬਿਜਲੀ**

ਜਨਾਬ ਸਪੀਕਰ ਸਾਹਿਬ,

26. ਸਾਡੇ ਕਿਸਾਨਾਂ ਪ੍ਰਤੀ ਸਾਡੀ ਵਚਨਬੱਧਤਾ ਦੀ ਨਿਰੰਤਰਤਾ ਵਿਚ ਖੇਤੀਬਾੜੀ ਖੇਤਰ ਨੂੰ ਮੁਫ਼ਤ ਬਿਜਲੀ ਸਪਲਾਈ ਕਰਨ ਦੀ ਸਾਡੀ ਨੀਤੀ ਜਾਰੀ ਰਹੇਗੀ। ਸਾਲ 2019-20 ਦੌਰਾਨ ਇਸ ਸਬੰਧ ਵਿਚ ਮੈਂ 8969 ਕਰੋੜ ਰੁਪਏ ਦੇ ਵਧੇ ਹੋਏ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ।

**ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ)**

27. ਖੇਤੀਬਾੜੀ ਦੀ ਪੁਨਰ ਸੁਰਜੀਤੀ ਲਈ ਵਿਸਤ੍ਰਿਤ ਖੇਤੀਬਾੜੀ ਵਿਕਾਸ ਯੋਜਨਾ ਰਾਹੀਂ ਖੇਤੀਬਾੜੀ ਅਤੇ ਸਬੰਧਿਤ ਖੇਤਰਾਂ ਦੇ ਸੰਗਠਤ ਅਤੇ ਸਮੂਹਿਕ ਵਿਕਾਸ ਦੀ ਜ਼ਰੂਰਤ ਹੈ। ਸਾਲ 2019-20 ਦੌਰਾਨ ਆਰ. ਕੇ.ਵੀ.ਵਾਈ. ਲਈ ਇਸ ਉਦੇਸ਼ ਦੀ ਪ੍ਰਾਪਤੀ ਹਿੱਤ ਮੈਂ 200 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ। ਇਸੇ ਤਰ੍ਹਾਂ ਵਿਸਤਾਰ ਸੇਵਾਵਾਂ (ਏ.ਟੀ.ਐੱਮ.ਏ.) ਲਈ ਉਚਿਤ ਰਾਖਵਾਂਕਰਨ ਮੁਹੱਈਆ ਕੀਤਾ ਗਿਆ ਹੈ।

**ਭੂਮੀ ਸਿਹਤ ਕਾਰਡ ਅਤੇ ਲੈਬ**

28. ਸਪੀਕਰ ਸਾਹਿਬ, ਤਮਾਮ ਪੰਜਾਬ ਦੇ ਜਿੰਨੇ ਵੀ ਖੇਤ ਹਨ, ਉਨ੍ਹਾਂ ਦੇ Soil Health Card ਬਣੇ ਹੋਏ ਹਨ। ਰਸਾਇਣ ਖਾਦਾਂ ਦੀ ਸੰਤੁਲਿਤ ਵਰਤੋਂ ਦੁਆਰਾ ਭੂਮੀ ਉਤਪਾਦਕਤਾ ਦੀ ਸਾਂਭ-ਸੰਭਾਲ ਵਿਚ ਕਿਸਾਨਾਂ ਦੀ ਸਹਾਇਤਾ ਲਈ 17.02 ਲੱਖ ਭੂਮੀ ਸਿਹਤ ਕਾਰਡ ਤਿਆਰ ਕੀਤੇ ਗਏ ਹਨ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਦੇ ਨਿਰੀਖਣ ਤੋਂ ਬਾਅਦ ਉਨ੍ਹਾਂ ਨੂੰ ਵੰਡੇ ਗਏ ਹਨ। ਰਾਜ ਸਰਕਾਰ ਭੂਮੀ ਸਿਹਤ ਲੈਬਾਰਟਰੀਆਂ ਜਿਨ੍ਹਾਂ ਵਿਚ soil testing ਹੁੰਦੀ ਹੈ, ਦੀ ਤਰੱਕੀ ਲਈ 5.50 ਕਰੋੜ ਰੁਪਏ ਰਾਖਵੇਂਕਰਨ ਦੀ ਤਜਵੀਜ਼ ਰੱਖਦੀ ਹੈ।

**ਮੰਡੀ ਬੁਨਿਆਦੀ ਢਾਂਚੇ ਦਾ ਵਿਕਾਸ**

29. ਸਾਡੇ ਕਿਸਾਨਾਂ ਨੂੰ ਮੰਡੀਕਰਨ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ ਅਤਿ ਮਹੱਤਵਪੂਰਣ ਹੈ। ਸਾਡੀ ਸਰਕਾਰ ਨੇ ਸੂਬੇ ਦੀਆਂ ਸਾਰੀਆਂ ਮੰਡੀਆਂ, ਭਾਵੇਂ ਮੰਡੀ ਯਾਰਡ ਹੋਵੇ ਜਾਂ ਉਪ ਮੰਡੀ ਯਾਰਡ, ਵਿਚ ਘੱਟੋ-ਘੱਟ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਸਾਡੀ ਵਚਨਬੱਧਤਾ ਮੁਤਾਬਿਕ ਸਾਡੀ ਸਰਕਾਰ ਦੇ ਪਹਿਲੇ ਦੋ ਵਰ੍ਹਿਆਂ ਵਿਚ ਮੰਡੀ ਵਿਕਾਸ ਲਈ 750 ਕਰੋੜ ਰੁਪਏ ਨਿਵੇਸ਼ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਮਹੱਤਵਪੂਰਨ

ਪ੍ਰੋਗਰਾਮ ਦੀ ਨਿਰੰਤਰ ਸਪੁਰਦਗੀ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਫੰਡ ਪਹਿਲਾਂ ਹੀ ਰਾਖਵੇਂ ਕੀਤੇ ਜਾ ਚੁੱਕੇ ਹਨ।

**ਪਾਣੀ ਬਚਾਓ ਪੰਜਾਬ ਬਚਾਓ**

ਜਨਾਬ ਸਪੀਕਰ ਸਾਹਿਬ

30. ਭਾਵੇਂ ਪੰਜਾਬ ਵਿਚ ਸਾਡੇ ਕਿਸਾਨਾਂ ਨੇ ਭਾਰਤ ਦੇ ਸਭ ਤੋਂ ਵਧੇਰੇ ਜ਼ਮੀਨੀ ਅਤੇ ਪਾਣੀ ਉਤਪਾਦਿਕਤਾਵਾਂ ਪ੍ਰਾਪਤ ਕੀਤੀਆਂ ਹਨ ਪ੍ਰੰਤੂ ਪਿਛਲੇ ਕੁਝ ਵਰ੍ਹਿਆਂ ਦੌਰਾਨ ਭੂਮੀ ਦੇ ਉਤਪਾਦਕਤਾ ਪੱਧਰਾਂ ਵਿਚ ਕਮੀ ਆਈ ਹੈ। ਨਤੀਜੇ ਵਜੋਂ ਪੰਜਾਬ ਸਿੰਜਾਈ ਲਈ ਜ਼ਮੀਨੀ ਪਾਣੀ ਵਰਤਣ ਵਾਲੇ ਸੂਬਿਆਂ ਵਿਚੋਂ (34.05 ਬੀ.ਸੀ.ਐੱਮ) ਹੈ। ਮੁਲਾਂਕਣ ਕੀਤੇ 76 ਫ਼ੀਸਦ ਬਲਾਕ ਪਾਣੀ ਦੀ ਲੋੜ ਤੋਂ ਵਧੇਰੇ ਵਰਤੋਂ ਕਰ ਰਹੇ ਹਨ ਅਤੇ ਭਵਿੱਖੀ ਸਿੰਜਾਈ ਲਈ ਅੰਦਾਜ਼ਨ ਜ਼ਮੀਨੀ ਪਾਣੀ ਦੀ ਉਪਲਬਧਤਾ ਨਾਮਾਤਰ ਹੈ। ਮੈਨੂੰ ਇਹ ਗੱਲ ਪ੍ਰੇਸ਼ਾਨ ਕਰਦੀ ਹੈ ਕਿ ਅਸੀਂ ਮਾਰੂਥਲ ਬਣਨ ਦੇ ਖਤਰੇ ਵੱਲ ਵੱਧ ਰਹੇ ਹਾਂ ਅਤੇ ਜ਼ਮੀਨੀ ਪਾਣੀ ਨਿਘਾਰ ਦੇ ਮਾਮਲੇ ਵਿਚ ਪ੍ਰਸਥਿਤੀ ਵਿਗਿਆਨਕ ਬਰਬਾਦੀ ਦਾ ਜ਼ੋਖਮ ਉਠਾ ਰਹੇ ਹਾਂ।

31. ਇਸ ਲਈ, ਅਸੀਂ ਆਪਣੇ ਜ਼ਮੀਨੀ ਅਤੇ ਸਤਹੀ ਪਾਣੀ ਦੀ ਉਚਿਤ ਸੰਕੋਚ, ਸਥਿਰ ਅਤੇ ਸੰਜਮ ਭਰੇ ਢੰਗ ਨਾਲ ਸਾਡੇ ਜ਼ਮੀਨੀ ਸਰੋਤਾਂ ਦੇ ਵਿਕਾਸ, ਸੰਭਾਲ, ਵਰਤੋਂ ਅਤੇ ਉਚਿਤ ਪ੍ਰਬੰਧ ਦੁਆਰਾ ਜ਼ਮੀਨੀ ਪਾਣੀ ਦੇ ਘਟਣ ਕਾਰਨ ਜ਼ਮੀਨ ਦੇ ਮਾਰੂਥਲ ਬਣਨ ਦੀ ਸਮੱਸਿਆ ਦੇ ਨਿਪਟਾਰੇ ਲਈ ਆਪਣੇ ਯਤਨਾਂ ਵਿਚ ਸੁਦ੍ਰਿੜ ਹਾਂ। ਜਲ-ਊਰਜਾ-ਖੇਤੀਬਾੜੀ ਦੇ ਸਬੰਧਾਂ ਵਿਚ ਸਰੋਤ ਕੁਸ਼ਲਤਾ ਵਾਧੇ ਦੇ ਬੁਨਿਆਦੀ ਉਦੇਸ਼ ਨਾਲ ਇਸ ਦੇ ਦੁਰਲੱਭ ਸਰੋਤਾਂ ਦੇ ਪ੍ਰਬੰਧ ਵਿਚ ਤਰੱਕੀ ਅਤੇ ਖੇਤੀਬਾੜੀ ਮਾਰਕਿਟ ਸੁਧਾਰਾਂ ਅਤੇ ਵਿਭਿੰਨਤਾ ਦੇ ਜੁੜਵੇਂ ਉਦੇਸ਼ਾਂ ਦੀ ਪ੍ਰਾਪਤੀ ਲਈ ਸੂਬੇ ਦੀ ਸਹਾਇਤਾ ਵਾਸਤੇ ਅਸੀਂ ਵਿਸ਼ਵ ਬੈਂਕ ਨਾਲ ਵੀ ਗੱਲਬਾਤ ਕਰ ਰਹੇ ਹਾਂ।

**ਖੇਤੀਬਾੜੀ ਵਿਭਿੰਨਤਾ**

**ਬਾਗਬਾਨੀ**

32. ਅਸੀਂ ਸਾਰੇ ਇਸ ਗੱਲ ਤੋਂ ਸੁਚੇਤ ਹਾਂ ਕਿ ਕਣਕ ਝੋਨਾ ਸਾਈਕਲ ਨੇ ਸੂਬੇ ਦੇ ਕੁਦਰਤੀ ਸਰੋਤਾਂ ਅਰਥਾਤ ਧਰਤੀ ਅਤੇ ਪਾਣੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਖੇਤੀਬਾੜੀ ਮਾਹਿਰ ਸਿਫਾਰਸ਼ ਕਰਦੇ ਹਨ ਕਿ ਰਾਜ ਨੂੰ, ਇਸ ਦੀ ਖੇਤੀਬਾੜੀ ਦੀ ਸਥਿਰਤਾ ਲਈ ਅਤੇ ਫ਼ਸਲੀ ਚੱਕਰ ਦੀ ਵਿਭਿੰਨਤਾ ਵਿੱਚ

[ਵਿੱਤ ਮੰਤਰੀ]

ਸੁਧਾਰ ਲਿਆਉਣ ਲਈ ਜ਼ੋਰ ਦੇਣ ਦੀ ਜ਼ਰੂਰਤ ਹੈ। ਇਸ ਨੂੰ ਝੋਨੇ ਦੀ ਕਾਸ਼ਤਕਾਰੀ ਤੋਂ ਲਗਭਗ ਦਸ ਲੱਖ ਹੈਕਟੇਅਰ ਤਬਦੀਲ ਕਰਨ ਦੀ ਲੋੜ ਹੈ ਤਾਂ ਜੋ ਪਾਣੀ ਦੇ ਪੱਧਰ ਨੂੰ ਕਾਇਮ ਰੱਖਿਆ ਜਾ ਸਕੇ। ਇਸ ਲਈ ਮੈਂ ਸਾਲ 2019-20 ਦੌਰਾਨ ਰਾਸ਼ਟਰੀ ਬਾਗਬਾਨੀ ਮਿਸ਼ਨ ਤਹਿਤ 60.49 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ। ਖੇਤੀਬਾੜੀ ਮਾਹਿਰ ਕਹਿ ਰਹੇ ਹਨ ਕਿ ਘੱਟੋ ਘੱਟ 25 ਲੱਖ ਏਕੜ ਝੋਨੇ ਦੇ ਸਾਈਕਲ ਵਿਚੋਂ ਬਾਹਰ ਕੱਢਣਾ ਪੈਣਾ ਹੈ ਤਾਂ ਕਿ ਪੰਜਾਬ ਦੇ ਪਾਣੀ ਦੀ ਸਸਟੇਨੇਬਿਲਟੀ ਹੋ ਸਕੇ। ਇਸ ਦਾ ਮਤਲਬ ਹੈ ਕਿ ਪੰਜਾਬ ਦੇ ਖੇਤੀਬਾੜੀ ਅਧੀਨ ਰਕਬੇ ਦਾ 1/4 ਹਿੱਸਾ ਕਿਉਂਕਿ ਪੰਜਾਬ ਵਿਚ ਖੇਤੀ ਅਧੀਨ ਰਕਬਾ 1 ਕਰੋੜ ਏਕੜ ਹੈ। ਇਸ ਹਿੱਸੇ ਨੂੰ ਡਾਈਵਰਸੀਫਿਕੇਸ਼ਨ ਵਿਚ ਲੈ ਕੇ ਆਉਣਾ ਹੈ।

**ਬਾਗਬਾਨੀ ਮਿਲਖਾਂ**

33. ਇਸ ਤੋਂ ਇਲਾਵਾ ਪਹਿਲਾਂ ਹੀ ਸਿਰਜਤ ਬੁਨਿਆਦੀ ਢਾਂਚਾ ਅਤੇ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਦੇ ਮੰਤਵ ਨਾਲ ਸਰਕਾਰ 5 ਖੱਟਾ ਪ੍ਰਜਾਤੀ ਮਿਲਖਾਂ ਨੂੰ ਬਾਗ਼ਬਾਨੀ ਮਿਲਖਾਂ ਵਿਚ ਤਬਦੀਲ ਕਰਨ ਦੀ ਇੱਛਾ ਰੱਖਦੀ ਹੈ ਜੋ ਕਿ ਉਸ ਖੇਤਰ ਵਿਚ ਅਧਿਸੂਚਿਤ ਖੇਤਰਾਂ ਵਿਚ ਆਮ ਤੌਰ ਤੇ ਕਾਸ਼ਤ ਕੀਤੀਆਂ ਜਾਂਦੀਆਂ ਵਧੇਰੇ ਫਸਲਾਂ ਨੂੰ ਕਵਰ ਕਰਕੇ ਕੀਤਾ ਜਾਵੇਗਾ। ਬਾਗਬਾਨੀ ਮਿਲਖਾਂ ਦੀ ਸਥਾਪਤੀ ਲਈ ਵਧੀਕ ਮਸ਼ੀਨਰੀਆਂ ਅਤੇ ਸਹੂਲਤਾਂ ਮੁਹੱਈਆ ਕਰਨ ਲਈ ਸਾਲ 2019-20 ਵਿਚ 10 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਹੈ।

**ਆਲੂ ਬੀਜ ਪੇਂਡੂ ਸਕੀਮ**

34. ਪੰਜਾਬ ਦੀ ਦੇਸ਼ ਵਿਚ ਆਲੂ ਬੀਜ ਕੇਂਦਰ ਵਜੋਂ ਸਮਰੱਥਾ ਨੂੰ ਮਹਿਸੂਸ ਕਰਦਿਆਂ ਅਤੇ ਆਲੂ ਬੀਜ ਦੀ ਗੁਣਵੱਤਾ ਵਿਚ ਸੁਧਾਰ ਕਰਨ ਅਤੇ ਬੀਜ ਉਤਪਾਦਨ ਅਧੀਨ ਖੇਤਰ ਦਾ ਵਿਸਤਾਰ ਕਰਨ ਦੇ ਮੰਤਵ ਨਾਲ 2 ਕਰੋੜ ਰੁਪਏ ਦੇ ਮੁੱਢਲੇ ਰਾਖਵੇਂਕਰਨ ਨਾਲ ਇਸ ਸਾਲ 'ਆਲੂ ਬੀਜ ਪੇਂਡੂ ਸਕੀਮ' ਨਾਂ ਦੀ ਨਵੀਂ ਸਕੀਮ ਦੀ ਤਜਵੀਜ਼ ਕੀਤੀ ਗਈ ਹੈ। ਕਾਸ਼ਤਕਾਰਾਂ ਦੀ ਸਹਾਇਤਾ ਲਈ ਆਲੂ ਬੀਜ ਲੱਭਣਯੋਗਤਾ ਪ੍ਰਣਾਲੀ ਨੂੰ ਵਿਕਸਿਤ ਕਰਨ, ਸਾਂਭ-ਸੰਭਾਲ ਅਤੇ ਕਾਰਜਸ਼ੀਲ ਕਰਨ ਲਈ ਇਕ ਸਮਰਪਿਤ ਰਾਜ ਏਜੰਸੀ ਅਧਿਸੂਚਿਤ ਵੀ ਕੀਤੀ ਜਾਵੇਗੀ।

**ਫਲਾਂ ਅਤੇ ਸਬਜ਼ੀਆਂ ਲਈ ਸਮੂਹਿਕ ਸੁਵਿਧਾ**

35. ਫਲਾਂ ਅਤੇ ਸਬਜ਼ੀ ਕਾਸ਼ਤਕਾਰਾਂ ਦੇ ਲਾਭ ਲਈ ਫਲਾਂ ਅਤੇ ਸਬਜ਼ੀਆਂ

ਲਈ ਸਮੂਹਿਕ ਸੁਵਿਧਾ ਅਬੋਹਰ ਵਿਖੇ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ (PAGREXCO) ਵਲੋਂ ਸਥਾਪਤ ਕੀਤੀ ਜਾ ਰਹੀ ਹੈ। ਇਹ ਸਹੂਲਤ ਗਾਜਰ ਲਈ ਵਾਸ਼ਿੰਗ-ਗਰੇਡਿੰਗ ਪੈਕਿੰਗ ਲਾਈਨ, ਇਨਡਿਵਿਜ਼ੂਅਲ ਕਵਿਕ ਫ੍ਰੀਜਿੰਗ ਯੂਨਿਟ (ਆਈ.ਕਿਉ.ਐੱਫ.) ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਡੀਹਾਈਡ੍ਰੇਸ਼ਨ ਯੂਨਿਟ ਅਤੇ ਗਾਜਰ ਹਾਰਵੈਸਟਰ ਅਤੇ ਨਿਊਮੈਟਿਕ ਪਲਾਂਟਰ ਆਦਿ ਨੂੰ ਉਪਲਬਧ ਅਤੇ ਉਨ੍ਹਾਂ ਦੇ ਵਰਤੋਂਯੋਗ ਰਹਿਣ ਦੀ ਅਵਧੀ ਨੂੰ ਵਧਾਉਣ, ਖਰਾਬ ਹੋਣ ਯੋਗ ਵਸਤੂਆਂ ਦੀ ਗੁਣਵੱਤਾ ਦੀ ਸੰਭਾਲ, ਵਾਢੀ ਚੱਕਰ ਦਾ ਮਾਰਕੀਟਿੰਗ ਚੱਕਰ ਨਾਲ ਸੰਤੁਲਨ ਰੱਖਣ ਅਤੇ ਖੇਤੀਬਾੜੀ ਵੰਨ-ਸੁਵੰਨਤਾ ਨੂੰ ਸਮਰੱਥ ਬਣਾਵੇਗੀ। ਮੇਰੀ ਸਰਕਾਰ ਸਾਲ 2019-20 ਵਿਚ ਇਸ ਪ੍ਰਾਜੈਕਟ ਲਈ 19.67 ਕਰੋੜ ਰੁਪਏ ਦੇ ਰਾਖਵੇਂਕਰਨ ਨਾਲ ਸ਼ੁਰੂਆਤ ਕਰ ਰਹੀ ਹੈ।

## ਗੰਨਾ ਉਤਪਾਦਕ

36. ਅਸੀਂ ਆਪਣੇ ਗੰਨਾ ਉਤਪਾਦਕ ਕਿਸਾਨਾਂ ਦੀ ਸਹਾਇਤਾ ਸਬੰਧੀ ਜ਼ਰੂਰਤ ਲਈ ਚੇਤੰਨ ਹਾਂ। ਹਰ ਸਾਲ ਗੰਨਾ ਉਤਪਾਦਕਾਂ ਦਾ ਖਸਾਰਾ ਰਹਿ ਜਾਂਦਾ ਹੈ, ਇਕ ਕਿਸਮ ਦੀ ਸਪੋਰਟ ਪ੍ਰਾਈਸ ਸਮਝ ਲਵੋ। ਇਸ ਲਈ, ਮੈਂ ਸਾਲ 2019-20 ਦੌਰਾਨ ਰਾਜ ਵਿਚ ਗੰਨਾ ਉਤਪਾਦਕਾਂ ਨੂੰ ਸਹਾਇਤਾ ਮੁਹੱਈਆ ਕਰਵਾਉਣ ਲਈ 355 ਕਰੋੜ ਰੁਪਏ ਦੀ ਰਕਮ ਦੀ ਤਜਵੀਜ਼ ਕਰਦਾ ਹਾਂ।

## ਫ਼ਸਲੀ ਰਹਿੰਦ-ਖੂੰਹਦ ਪ੍ਰਬੰਧ

37. ਪੰਜਾਬ ਰਾਜ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਨਿਪਟਾਰੇ ਅਤੇ ਖਾਸ ਕਰਕੇ ਨਾੜ ਨੂੰ ਸਾੜਨ ਦੇ ਮਸਲੇ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ। ਸੂਬਾ ਸਰਕਾਰ ਨੇ ਇਕ ਵਿਸ਼ਾਲ ਝੋਨਾ ਪਰਾਲੀ ਪ੍ਰਬੰਧ ਮੁਹਿੰਮ ਆਰੰਭ ਕੀਤੀ ਹੈ ਜਿਸ ਅਧੀਨ ਪੰਜਾਬ ਵਿਚ ਖੇਤੀਬਾੜੀ ਮਸ਼ੀਨਰੀ ਦੀ ਸਬਸਿਡੀ ਲਈ 269 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ। ਫਸਲੀ ਰਹਿੰਦ-ਖੂੰਹਦ ਅਧੀਨ ਕਿਸਾਨਾਂ ਨੂੰ 50 ਫ਼ੀਸਦ ਦੀ ਸਬਸਿਡੀ ਅਤੇ ਕਸਟਮ ਹਾਇਰਿੰਗ ਕੇਂਦਰਾਂ ਨੂੰ 80 ਫ਼ੀਸਦ ਤੱਕ ਦੀ ਸਬਸਿਡੀ ਤੇ 28,500 ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ ਮੁਹੱਈਆ ਕੀਤੀਆਂ ਗਈਆਂ ਹਨ।

38. ਸਪੀਕਰ ਸਾਹਿਬ, ਇਸੇ ਤਰ੍ਹਾਂ ਪੰਜਾਬ ਵਿਚ ਜੋ ਝੋਨੇ ਦੀ ਪਰਾਲੀ ਨੂੰ ਸਾੜਦੇ ਹਨ, ਇਹ ਇਕ ਬੜਾ ਵੱਡਾ ਮਸਲਾ ਹੈ ਜੋ ਕਿ environmental catastrophe ਦਾ ਰੂਪ ਅਖਤਿਆਰ ਕਰ ਗਿਆ ਹੈ। ਪਰਾਲੀ ਸਾੜਨ ਦੇ ਵਿਰੁੱਧ ਇਕ ਵਿਸ਼ਾਲ ਜਾਗਰੂਕਤਾ ਮੁਹਿੰਮ ਚਲਾਈ ਗਈ ਸੀ ਤਾਂ ਜੋ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਘੱਟ ਕੀਤਾ ਜਾ ਸਕੇ। ਮੈਨੂੰ ਇਹ ਸਾਂਝਾ ਕਰਦਿਆਂ ਖੁਸ਼ੀ ਹੋ ਰਹੀ

[ਵਿੱਤ ਮੰਤਰੀ]

ਹੈ ਕਿ ਸੂਬੇ ਵਿਚ 1341 ਪਿੰਡਾਂ ਵਿਚ ਪਰਾਲੀ ਸਾੜਨ ਦੀਆਂ ਜ਼ੀਰੋ ਫ਼ੀਸਦ ਘਟਨਾਵਾਂ ਦੀ ਰਿਪੋਰਟ ਪ੍ਰਾਪਤ ਹੋਈ ਹੈ। ਫਸਲਾਂ ਦੇ ਸੜਨ ਸਬੰਧੀ ਘਟਨਾਵਾਂ ਵਿਚਲੀ ਗਿਣਤੀ ਵੀ 2017 ਦੇ ਮੁਕਾਬਲੇ 12.4 ਫ਼ੀਸਦ ਘਟ ਗਈ ਹੈ ਜੋ ਕਿ ਅਜਿਹੀਆਂ ਸਾੜਨ ਵਾਲੀਆਂ ਘਟਨਾਵਾਂ ਅਧੀਨ ਖੇਤਰਾਂ ਵਿਚ 10 ਫ਼ੀਸਦ ਦੀ ਸਮੁੱਚੀ ਕਮੀ ਹੈ।ਮੈਨੂੰ ਸਦਨ ਨੂੰ ਇਹ ਦੱਸਦਿਆਂ ਖੁਸ਼ੀ ਵੀ ਹੋ ਰਹੀ ਹੈ ਕਿ ਇਹ ਇਕੱਲਾ ਸਰਕਾਰ ਦੀਆਂ ਕੋਸ਼ਿਸ਼ਾਂ ਕਾਰਨ ਹੀ ਕੰਮ ਨਹੀਂ ਹੋਇਆ, ਜਿਹੜੇ ਇਨਡਵੀਜ਼ਿਊਅਲ ਕਿਸਾਨ ਹਨ, ਇਨ੍ਹਾਂ ਵਿਚ ਵੀ ਜਾਗਰੂਕਤਾ ਆਈ ਹੈ। ਕਿਉਂਕਿ ਜਿਹੜੇ ਖੇਤ ਵਿਚ ਅੱਗ ਲੱਗਦੀ ਹੈ। ਉਥੇ ਇਨਵਾਇਰਨਮੈਂਟ ਤਾਂ ਬਾਅਦ ਵਿਚ ਮੁਤਾਸਿਰ ਹੁੰਦਾ ਹੈ, ਪਹਿਲਾਂ ਤਾਂ ਕਿਸਾਨ, ਉਸ ਦੇ ਬੱਚੇ ਅਤੇ ਡੰਗਰ ਪ੍ਰਭਾਵਿਤ ਹੁੰਦੇ ਹਨ।

39. ਰਾਜ ਨੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਲਈ ਠੋਸ ਅਤੇ ਪ੍ਰਾਪਤੀਯੋਗ ਕਾਰਜ ਯੋਜਨਾ ਬਣਾਈ ਹੈ ਅਤੇ ਲੋੜੀਂਦੀ ਮਸ਼ੀਨਰੀ ਦੀ ਵੰਡ ਲਈ ਸਾਲ 2019-20 ਲਈ 375 ਕਰੋੜ ਰੁਪਏ ਦਾ ਰਾਖਵਾਂਕਰਨ ਦਾ ਭਰੋਸਾ ਦਿਵਾਇਆ ਗਿਆ ਹੈ।

40. ਝੋਨੇ ਦੀ ਪਰਾਲੀ ਨੂੰ ਸਾੜਨ ਦੀ ਸਮੱਸਿਆ ਨੂੰ ਰੋਕਣ ਲਈ ਅਸੀਂ ਪੰਜਾਬ ਵਿੱਚ ਕੋਲੇ ਦੇ ਚੂਰੇ ਦੀਆਂ ਟਿੱਕੀਆਂ ਦੇ ਉਤਪਾਦਨ ਲਈ ਝੋਨੇ ਦੀ ਪਰਾਲੀ ਦੀ ਵਰਤੋਂ ਰਾਹੀਂ ਨਵੀਆਂ ਪ੍ਰਦਰਸ਼ਨਕਾਰੀ ਇਕਾਈਆਂ ਸਥਾਪਤ ਕਰਨ ਲਈ ਯੋਜਨਾ ਬਣਾ ਰਹੇ ਹਾਂ।

## ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ

41. ਪਸ਼ੂ ਧਨ ਖੇਤਰ ਉਹ ਸ਼ੋਭਾ ਹੈ ਜੋ ਕਿ ਖੇਤੀ ਆਮਦਨਾਂ ਨੂੰ ਦੁੱਗਣਾ ਕਰਨ ਅਤੇ ਸਾਡੀ ਖੜੋਤ ਵਾਲੀ ਦਿਹਾਤੀ ਆਰਥਿਕਤਾ ਨੂੰ ਮੁੜ ਬਹਾਲ ਕਰਨ ਲਈ ਇਸਤੇਮਾਲ ਕਰਨ ਦੀ ਲੋੜ ਹੈ। ਇਸ ਲਈ ਸਰਕਾਰ ਇਸ ਸੈਕਟਰ ਨੂੰ ਮੁਨਾਸਿਬ ਮਦਦ ਮੁਹੱਈਆ ਕਰਵਾ ਰਹੀ ਹੈ ਜਿਸ ਦੀ ਕਿ ਇਹ ਹੱਕਦਾਰ ਹੈ।

## ਡੇਅਰੀ ਵਿਕਾਸ

42. ਸਾਲ 2019-20 ਦੌਰਾਨ ਦੁੱਧ ਉਤਪਾਦਨ ਵਿਚ 7 ਫ਼ੀਸਦ ਤੱਕ ਦਾ ਵਾਧਾ ਕੀਤਾ ਜਾਵੇਗਾ ਜਿਸ ਦਾ ਭਾਵ ਲਗਭਗ 220 ਲੱਖ ਲੀਟਰ ਮੰਡੀਕਰਨਯੋਗ ਵਾਫ਼ਰ ਦੁੱਧ ਸਮੇਤ ਰੋਜ਼ਾਨਾ 368 ਲੱਖ ਲੀਟਰ ਦੁੱਧ ਉਤਪਾਦਨ ਕਰਨਾ ਹੈ। ਸ਼੍ਰੀਮਾਨ ਸਪੀਕਰ ਸਾਹਿਬ, ਮੈਂ ਗ਼ਰੀਬੀ ਅਤੇ ਭੁੱਖਮਰੀ ਨੂੰ ਖ਼ਤਮ ਕਰਨ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਸੂਬੇ ਦੇ ਯਤਨਾਂ ਵਿਚ ਵਾਧੇ ਲਈ ਸਾਲ 2019-20 ਵਿੱਚ ਇੱਕ

ਨਵੀਂ ਸਕੀਮ ਸਥਿਰ ਪਸ਼ੂ ਪਾਲਣ ਅਤੇ ਰੁਜ਼ਗਾਰ ਸਿਰਜਣ ਲਈ ਸੂਬੇ ਵਿੱਚ ਨਵੇਂ ਡੇਅਰੀ ਯੂਨਿਟਾਂ ਦੀ ਸਥਾਪਤੀ ਦੀ ਤਜਵੀਜ਼ ਰੱਖਦਾ ਹਾਂ। ਮੈਂ ਇਸ ਮੰਤਵ ਲਈ ਇਸ ਸਾਲ 20 ਕਰੋੜ ਰੁਪਏ ਮਖਸੂਸ ਕਰਨ ਦੀ ਤਜਵੀਜ਼ ਰੱਖਦਾ ਹਾਂ।

## ਮੱਛੀ ਪਾਲਣ

43. ਸਾਲ 2019-20 ਦੌਰਾਨ ਰਾਜ ਸਰਕਾਰ ਝੀਂਗਾ ਅਤੇ ਮੱਛੀ ਪਾਲਣ ਤਹਿਤ ਕ੍ਰਮਵਾਰ 200 ਹੈਕਟੇਅਰ ਅਤੇ 1500 ਹੈਕਟੇਅਰ ਤੱਕ ਦਾ ਨਵਾਂ ਰਕਬਾ ਲਿਆਉਣ ਦੀ ਇੱਛਾ ਰੱਖਦੀ ਹੈ। ਮਾਨਸਾ ਜ਼ਿਲ੍ਹੇ ਵਿੱਚ ਇੱਕ ਮੱਛੀ ਪੂੰਗ ਫਾਰਮ ਸਥਾਪਿਤ ਕੀਤਾ ਜਾ ਰਿਹਾ ਹੈ ਅਤੇ ਵਧੇਰੇ ਮੱਛੀ ਉਤਪਾਦਨ ਲਈ ਸਾਲ 2019-20 ਦੌਰਾਨ ਛੇਰੀ-ਸਰਕੁਲੇਟਰੀ ਐਕੁਆਕਲਚਰ ਸਿਸਟਮ ਅਤੇ ਸਰਕਾਰੀ ਪੂੰਗ ਫਾਰਮਾਂ ਤੇ 15 ਸੋਲਰ ਪਾਵਰ ਸੂਰਜੀ ਊਰਜਾ ਸਹਾਇਕ ਪ੍ਰਣਾਲੀ ਸਥਾਪਤ ਕਰਨ ਦੀ ਤਜਵੀਜ਼ ਹੈ।

## ਲਿੰਗ ਵਰਗੀਕਰਨ ਵੀਰਜ ਤਕਨਾਲੋਜੀ ਪ੍ਰਾਜੈਕਟ

44. ਲਿੰਗ ਪਤਾ ਲਗਾਉਣ ਤਕਨਾਲੋਜੀ ਰਾਹੀਂ ਮਾਦਾ ਪਸ਼ੂ ਅਬਾਦੀ ਵਧਾਉਣ ਅਤੇ ਅਵਾਰਾ ਪਸ਼ੂਆਂ ਦੇ ਖਤਰੇ ਤੇ ਕਾਬੂ ਰੱਖਣ ਲਈ ਸਾਲ 2019-20 ਦੌਰਾਨ ਇਕ ਵਿਸ਼ੇਸ਼ ਪ੍ਰਾਜੈਕਟ ਚਾਲੂ ਕੀਤਾ ਜਾਵੇਗਾ। ਫਰੋਜ਼ਨ ਸੀਮਨ ਸਟੇਸ਼ਨ, ਨਾਭਾ ਨੂੰ ਇਸ ਪ੍ਰਾਜੈਕਟ ਅਧੀਨ 50 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਅੰਤਰਰਾਸ਼ਟਰੀ ਤਕਨਾਲੋਜੀ ਦੀਆਂ ਸੁਵਿਧਾਵਾਂ ਵਾਲਾ ਬਣਾਇਆ ਜਾਵੇਗਾ। ਸਪੀਕਰ ਸਾਹਿਬ, ਅਵਾਰਾ ਪਸ਼ੂਆਂ ਦੀ ਬੜੀ ਵੱਡੀ ਸਮੱਸਿਆ ਹੈ। ਇਹ ਵੀ ਚਾਹਿਆ ਜਾਂਦਾ ਹੈ ਕਿ ਹਰ ਪੈਦਾ ਹੋਣ ਵਾਲਾ ਪਸ਼ੂ ਮਾਦਾ ਜਾਤ ਦਾ ਹੋਵੇ, ਉਸ ਦੇ ਲਈ ਸਰਕਾਰ ਨਾਭਾ ਵਿਖੇ ਸੀਮਨ ਸੈਂਟਰ ਵਿਚ ਇਕ ਨਵਾਂ ਸੈਕਸ ਸੋਰਟਿੰਗ ਸੀਮਨ ਟੈਕਨਾਲੋਜੀ ਪ੍ਰਾਜੈਕਟ ਲੈ ਕੇ ਆ ਰਹੀ ਹੈ। ਇਸ ਵਾਸਤੇ 50 ਕਰੋੜ ਰੁਪਿਆ ਇਸ ਸਾਲ ਵਿਚ ਰੱਖਿਆ ਗਿਆ ਹੈ। (ਥੰਪਿੰਗ) ਮੈਂ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ, ਇਨ੍ਹਾਂ ਨੇ ਬੜੀ ਮਿਹਨਤ ਨਾਲ ਅਮਰੀਕਨ ਕੰਪਨੀ ਨਾਲ ਤਾਲਮੇਲ ਕਰਕੇ ਅਮਰੀਕਨ ਟੈਕਨਾਲੋਜੀ ਨਾਲ ਅਜਿਹਾ ਕੀਤਾ ਹੈ। ਇਸ ਦੇ ਨਾਲ ਹਰ ਗਾਂ ਜਾਂ ਮੱਝ ਦਾ ਬੱਚਾ ਮਾਦਾ ਜਾਤ ਦਾ ਹੀ ਪੈਦਾ ਹੋਵੇਗਾ।

## ਸਹਿਕਾਰਤਾ

45. ਖੁਦਮੁਖਤਿਆਰ ਅਤੇ ਲੋਕਤੰਤਰਿਕ ਢੰਗ ਨਾਲ ਪ੍ਰਬੰਧ ਕੀਤੀਆਂ ਜਾ ਰਹੀਆਂ ਸਹਿਕਾਰੀ ਸੁਸਾਇਟੀਆਂ ਦੀ ਤਰੱਕੀ ਦੁਆਰਾ ਸਮਾਜਿਕ ਅਤੇ

[ਵਿੱਤ ਮੰਤਰੀ]

ਆਰਥਿਕ ਪੱਖੋਂ ਸਥਿਰ ਸਹਿਕਾਰਤਾ ਪ੍ਰਣਾਲੀ ਨੂੰ ਸਿਰਜਤ ਕਰਨਾ ਸਰਕਾਰ ਦਾ ਇਕ ਸੰਜੀਦਾ ਯਤਨ ਹੈ। ਇਸ ਲਈ ਸਰਕਾਰ ਇਸ ਖੇਤਰ ਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣੀ ਜਾਰੀ ਰੱਖੇਗੀ।

**ਡੇਅਰੀ ਸਹਿਕਾਰਤਾ**

46. ਬੱਸੀ ਪਠਾਣਾ ਵਿਖੇ ਵੇਰਕਾ ਮੈਗਾ ਡੇਅਰੀ ਪ੍ਰਾਜੈਕਟ ਲਈ ਨੀਂਹ ਪੱਥਰ 17 ਨਵੰਬਰ, 2018 ਨੂੰ ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ ਰੱਖਿਆ ਗਿਆ ਜਿਸ ਨੂੰ ਤਿੰਨ ਪੜ੍ਹਾਵਾਂ ਵਿੱਚ ਮੁਕੰਮਲ ਕੀਤਾ ਜਾਵੇਗਾ। ਯੂ.ਐੱਚ.ਟੀ. ਦੁੱਧ ਦੀ ਪ੍ਰੋਸੈਸਿੰਗ ਅਤੇ ਪੈਕੇਜਿੰਗ ਦਾ ਕਾਰਜ ਆਰੰਭ ਕਰ ਦਿੱਤਾ ਗਿਆ ਹੈ ਅਤੇ ਇਸ ਸਾਲ ਇਸ ਪ੍ਰਾਜੈਕਟ ਲਈ 62.13 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਹੈ।

**ਨਸ਼ਿਆਂ ਤੋਂ ਮੁਕਤੀ**

ਜਨਾਬ ਸਪੀਕਰ ਸਾਹਿਬ,

47. ਬੀਤੇ ਸਮੇਂ ਦੌਰਾਨ ਨਸ਼ਿਆਂ ਦੀ ਦੁਰਵਰਤੋਂ ਦੀ ਸਮੱਸਿਆ ਸਾਡੇ ਰਾਜ ਵਿੱਚ ਬਹੁਤ ਖ਼ਤਰਨਾਕ ਪੱਧਰ ਤੱਕ ਵਧੀ ਹੋਈ ਸੀ। ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦੇ ਦ੍ਰਿੜ੍ਹ ਇਰਾਦੇ ਨੇ ਹਵਾਵਾਂ ਦਾ ਰੁੱਖ ਮੋੜਿਆ ਹੈ। ਨਸ਼ਾ ਵਪਾਰ ਵਿਚ ਸ਼ਾਮਲ ਸਮਾਜ ਵਿਰੋਧੀ ਅਨਸਰਾਂ ਦੇ ਖਾਤਮੇ ਦੀ ਨਿਰੰਤਰਤਾ ਵਿਚ ਸਾਡੀ ਸਰਕਾਰ ਨਸ਼ਾ ਮੁਕਤੀ, ਰੁਜ਼ਗਾਰ ਸਿਰਜਣ ਅਤੇ ਸੂਬੇ ਦੇ ਨੌਜਵਾਨਾਂ ਅਤੇ ਬੱਚਿਆਂ ਵਿਚਕਾਰ ਖੇਡਾਂ ਨੂੰ ਪ੍ਰਚਲਿਤ ਕਰਨ ਦੀ ਬਹੁਪੱਖੀ ਨੀਤੀ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ ਵਚਨਬੱਧ ਹੈ।

**ਨਸ਼ਾ ਮੁਕਤੀ ਕੇਂਦਰ**

48. ''ਆਊਟਪੇਸ਼ੰਟ ਓਪੀਆਈਡ ਅਸਿਸਟਿਡ ਟਰੀਟਮੈਂਟ'' (ਓ.ਓ.ਏ.ਟੀ) ਪ੍ਰਾਜੈਕਟ ਰਾਹੀਂ ਨਸ਼ਾ ਮੁਕਤੀ ਲਈ ਓਪੀਡੀ ਆਧਾਰਿਤ ਇਲਾਜ ਮੁਹੱਈਆ ਕਰਨ ਲਈ ਇੱਕ ਨਵੀਂ ਪਹੁੰਚ ਸਾਰੇ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਗਈ ਸੀ। ਮੌਜੂਦਾ, ਸਾਰੇ ਜ਼ਿਲ੍ਹਿਆਂ ਵਿੱਚ ਸੀ. ਐੱਚ. ਸੀ. ਪੱਧਰ ਤੱਕ 168 ਓ.ਓ.ਏ. ਟੀ. ਕਲੀਨਿਕ ਕਾਰਜਸ਼ੀਲ ਹਨ ਜਿੱਥੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਕਲੀਨਿਕਾਂ ਵਿੱਚ ਕੁੱਲ 62,943 ਮਰੀਜ਼ ਰਜਿਸਟਰ ਕੀਤੇ ਗਏ ਹਨ ਅਤੇ ਹੋਰ 65,000 ਮਰੀਜ਼ ਰਜਿਸਟਰਡ ਹੋਏ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਪ੍ਰਾਪਤ ਕਰ ਰਹੇ ਹਨ।

**ਬੱਡੀ'ਜ਼ ਪ੍ਰੋਗਰਾਮ**

49. ਨਸ਼ਿਆਂ ਦੇ ਖ਼ਤਰੇ ਨਾਲ ਜੂਝਣ ਲਈ ਅਸੀਂ ਸਾਰੇ ਸਕੂਲੀ ਅਤੇ ਕਾਲਜ

ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਦੁਸ਼-ਪ੍ਰਭਾਵਾਂ ਬਾਰੇ ਸਿੱਖਿਅਤ ਅਤੇ ਪ੍ਰੇਰਿਤ ਕਰਨ ਲਈ ਦੇਸ਼ ਦਾ ਸਭ ਤੋਂ ਵੱਡਾ ਨਸ਼ਾ ਰੋਕਥਾਮ ਪ੍ਰੋਗਰਾਮ ਅਰੰਭ ਕੀਤਾ ਹੈ ਇਹ ਰਾਜ ਵਿੱਚ 40 ਲੱਖ ਵਿਦਿਆਰਥੀ ਕਵਰ ਕਰਨ ਦਾ ਮੰਤਵ ਰੱਖਦਾ ਹੈ ਅਤੇ ਹੁਣ ਤੱਕ 5.5 ਲੱਖ ਬੱਡੀ ਗਰੁੱਪ ਬਣਾਏ ਜਾ ਚੁੱਕੇ ਹਨ ਜਿਨ੍ਹਾਂ ਨੂੰ ਨਿਰੰਤਰ ਸੀਨੀਅਰ ਬੱਡੀਜ਼ ਰਾਹੀਂ ਨਸ਼ਿਆਂ ਦੇ ਦੁਸ਼-ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

**ਨਸ਼ਾ ਵਰਤੋਂ ਰੋਕਥਾਮ ਅਫ਼ਸਰ (ਡੈਪੋ)**

50. ਸਾਡੀ ਸਰਕਾਰ ਨੇ ਇੱਕ ਸਮੂਹਿਕ ਨਸ਼ਾ ਵਿਰੋਧੀ ਲਹਿਰ ਨੂੰ ਸਿਰਜਣ ਲਈ ਪ੍ਰੋਗਰਾਮ ਆਰੰਭ ਕੀਤਾ ਹੈ ਅਤੇ ਮੈਨੂੰ ਇਹ ਸਾਂਝਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਇਸ ਮੰਤਵ ਲਈ ਪੰਜ ਲੱਖ ਤੋਂ ਵਧੇਰੇ ਡੈਪੋਜ਼ ਵਲੰਟੀਅਰਾਂ ਦਾ ਨਾਂ ਦਰਜ ਕੀਤਾ ਗਿਆ ਹੈ ਜੋ ਕਿ ਲੋੜਵੰਦਾਂ ਨੂੰ ਲਗਾਤਾਰ ਜਾਗਰੂਕਤਾ ਅਤੇ ਸਹਾਇਤਾ ਮੁਹੱਈਆ ਕਰਵਾ ਰਹੇ ਹਨ। ਸਪੀਕਰ ਸਾਹਿਬ, ਕਾਂਗਰਸ ਪਾਰਟੀ ਨੇ ਅੱਜ ਤੋਂ 20 ਸਾਲ ਪਹਿਲਾਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵੇਲੇ ਅਤਿਵਾਦ ਦਾ ਖਾਤਮਾ ਕੀਤਾ ਸੀ। ਮੈਂ ਜੋਤਸ਼ੀ ਤਾਂ ਨਹੀਂ ਹਾਂ ਪਰ ਕਾਂਗਰਸ ਪਾਰਟੀ 20 ਸਾਲ ਬਾਅਦ ਇਨ੍ਹਾਂ ਨਸ਼ਿਆਂ ਦਾ ਵੀ ਖਾਤਮਾ ਕਰੇਗੀ। ਇਸ ਦੇ ਲਈ ਜੋ ਰਕਮ ਹੈਲਥ ਮਨਿਸਟਰ ਸਾਹਿਬ ਮੰਗਣਗੇ, ਉਹ ਦੇ ਦਿੱਤੀ ਜਾਵੇਗੀ। ਹੋਰ ਸਾਰੀਆਂ ਗੱਲਾਂ ਰੁਕ ਸਕਦੀਆਂ ਹਨ।

**ਰੁਜ਼ਗਾਰ ਸਿਰਜਨਾ ਅਤੇ ਹੁਨਰ ਵਿਕਾਸ**

51. ਰੁਜ਼ਗਾਰ ਦੇ ਮੁਵਾਕੇ ਪੈਦਾ ਕਰਨਾ ਕਿਸੇ ਵੀ ਆਰਥਿਕ ਬਹਾਲੀ ਪ੍ਰੋਗਰਾਮ ਲਈ ਅਹਿਮ ਕਦਮ ਹੈ। ਇਸ ਲਈ ਬੇਰੁਜ਼ਗਾਰੀ ਦੀ ਸਮੱਸਿਆ ਦੇ ਨਿਪਟਾਰੇ ਲਈ ਅਸੀਂ ਕੁਸ਼ਲ ਸਿਖਲਾਈ, ਕੌਂਸਲਿੰਗ ਅਤੇ ਉਚਿਤ ਅਗਵਾਈ ਰਾਹੀਂ ਰੁਜ਼ਗਾਰ ਦੇ ਖੇਤਰ ਵਿੱਚ ਸੁਧਾਰ ਲਈ ਵਚਨਬੱਧ ਹਾਂ। ਅਸੀਂ ਉਚਿਤ ਨੀਤੀ ਸਾਲਸੀਆਂ ਰਾਹੀਂ ਸੂਬੇ ਵਿੱਚ ਰੁਜ਼ਗਾਰ ਅਵਸਰਾਂ ਨੂੰ ਬਿਹਤਰ ਕਰਨ ਲਈ ਵੀ ਵਚਨਬੱਧ ਹਾਂ। ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ ਉਹ ਪੰਜਾਬ ਘਰ ਘਰ ਰੁਜ਼ਗਾਰ ਅਤੇ ਕਾਰੋਬਾਰ ਮਿਸ਼ਨ (ਪੀ ਜੀ ਆਰ ਕੇ ਏ ਐੱਮ) ਅਧੀਨ ਗ਼ਰੀਬ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰੇਗੀ। ਘਰ-ਘਰ ਰੁਜ਼ਗਾਰ ਨਾਂ ਦਾ ਪੋਰਟਲ ਫਰਵਰੀ, 2018 ਨੂੰ ਪ੍ਰਸਾਰਿਤ ਕੀਤਾ ਗਿਆ ਅਤੇ ਹੁਣ ਤੱਕ 3 ਲੱਖ ਤੋਂ ਵੀ ਵੱਧ ਨੌਕਰੀ ਲੱਭਣ ਵਾਲਿਆਂ ਅਤੇ 9000 ਤੋਂ ਵਧੇਰੇ ਰੁਜ਼ਗਾਰ ਦਾਤਿਆਂ ਨੇ ਇਸ ਪੋਰਟਲ ਉੱਤੇ ਆਪਣਾ ਨਾਂ ਦਰਜ ਕੀਤਾ ਹੈ।

[ਵਿੱਤ ਮੰਤਰੀ]

52. ਸ਼੍ਰੀਮਾਨ ਸਪੀਕਰ ਸਾਹਿਬ ਜੀ, ਮੇਰੇ ਲਈ ਇਹ ਖੁਸ਼ੀ ਦਾ ਵਾਇਸ ਹੈ ਕਿ ਇਸ ਮਿਸ਼ਨ ਅਧੀਨ 1,13,000 ਤੋਂ ਵੀ ਵੱਧ ਨੌਜਵਾਨਾਂ ਨੂੰ ਪਹਿਲਾਂ ਹੀ ਰੁਜ਼ਗਾਰ ਦੀ ਪੇਸ਼ਕਸ਼ ਕੀਤੀ ਜਾ ਚੁੱਕੀ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਇਸ ਮਿਸ਼ਨ ਲਈ ਮੁਨਾਸਿਬ ਸਹਾਇਤਾ ਨਿਰੰਤਰ ਮੁਹੱਈਆ ਕਰਵਾਈ ਜਾਵੇਗੀ।

53. "ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਨ" ਸਕੀਮ ਤਹਿਤ ਸਕੀਮਾਂ ਜਿਵੇਂ ਆਪਣੀ ਗੱਡੀ ਆਪਣਾ ਰੁਜ਼ਗਾਰ ਸਕੀਮ ਅਧੀਨ 24,294 ਉਮੀਦਵਾਰਾਂ ਨੂੰ 31.01.2019 ਤੱਕ ਰੁਜ਼ਗਾਰ ਮੁਹੱਈਆ ਕੀਤਾ ਗਿਆ ਹੈ। ਸਾਡੀ ਸਰਕਾਰ ਨੇ 856 ਰੁਜ਼ਗਾਰ ਮੇਲਿਆਂ ਦਾ ਆਯੋਜਨ ਕੀਤਾ ਹੈ ਜਿਸ ਰਾਹੀਂ 31.01.2019 ਤੱਕ 46,659 ਵਸਨੀਕਾਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ।

54. ਮੈਨੂੰ ਤੁਹਾਡੇ ਨਾਲ ਇਹ ਸਾਂਝਾ ਕਰਦੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਸੰਸਥਾਵਾਂ ਤੋਂ 109 ਕੈਡਿਟਸ ਐੱਨ.ਡੀ.ਏ., ਓ.ਟੀ.ਏ., ਆਈ.ਐੱਮ.ਏ. ਆਦਿ ਰਾਹੀਂ ਸ਼ਸਤਰ ਸੈਨਾਵਾਂ ਵਿਚ ਸ਼ਾਮਿਲ ਹੋਏ ਹਨ।

**ਸ਼ਹਿਰੀ ਰੁਜ਼ਗਾਰ ਪ੍ਰੋਗਰਾਮ**

ਜਨਾਬ ਸਪੀਕਰ ਸਾਹਿਬ,

55. ਜਦੋਂ ਕਿ ਯੂ.ਪੀ.ਏ. ਸਰਕਾਰ ਨੇ ਪੇਂਡੂ ਖੇਤਰਾਂ ਵਿਚ 2005 ਵਿਚ ਐੱਮ.ਜੀ.ਐੱਨ.ਆਰ.ਈ.ਐੱਸ. ਸ਼ੁਰੂ ਕੀਤਾ, ਸਾਡੀ ਸਰਕਾਰ ਪੰਜਾਬ ਵਿਚ ਸ਼ਹਿਰੀ ਬੇਰੁਜ਼ਗਾਰੀ ਦੀ ਸਮੱਸਿਆ ਪ੍ਰਤੀ ਸੁਚੇਤ ਹੈ। ਇਸ ਨੂੰ ਖ਼ਤਮ ਕਰਨ ਦੇ ਯਤਨ ਵਜੋਂ ਅਸੀਂ "ਮੇਰਾ ਕੰਮ, ਮੇਰਾ ਮਾਣ" ਸਕੀਮ ਨੂੰ ਸ਼ੁਰੂ ਕਰਨ ਦੀ ਤਜਵੀਜ਼ ਰੱਖਦੇ ਹਾਂ, ਜਿਸ ਵਿਚ 18 ਤੋਂ 35 ਸਾਲ ਦੇ ਉਮਰ ਦੇ ਸ਼ਹਿਰੀ ਬੇਰੁਜ਼ਗਾਰ ਨੌਜਵਾਨਾਂ ਨੂੰ ਸਾਲ ਵਿਚ ਨਿਰਧਾਰਤ ਨਿਊਨਤਮ ਦਿਨਾਂ ਲਈ ਕੁਸ਼ਲਤਾ ਅਤੇ ਉਜਰਤ ਰੁਜ਼ਗਾਰ, ਲਈ ਰੁਜ਼ਗਾਰ ਅਤੇ ਉੱਦਮ ਜ਼ਿਲ੍ਹਾ ਬਿਊਰੋ ਵਲੋਂ ਸਹਾਇਤਾ ਦਿੱਤੀ ਜਾਵੇਗੀ। ਅਸੀਂ ਚਾਲੂ ਸਾਲ ਵਿਚ ਪਾਇਲਟ ਆਧਾਰ 'ਤੇ ਇਸ ਦੇ ਲਈ 90 ਕਰੋੜ ਰੁਪਏ ਰਾਖਵਾਂਕਰਨ ਦੀ ਤਜਵੀਜ਼ ਕਰਦੇ ਹਾਂ। ਅਰੰਭਿਕ ਪ੍ਰਾਜੈਕਟ ਦੀ ਸਥਿਰਤਾ ਉਪਰੰਤ ਬਾਅਦ ਵਿਚ ਇਸ ਸਕੀਮ ਅਧੀਨ ਵਾਧੂ ਫੰਡ ਦਿੱਤੇ ਜਾਣਗੇ।

**ਖੇਡਾਂ, ਨੌਜਵਾਨ ਰੋਜ਼ਗਾਰ ਅਤੇ ਉਦਯੋਗ**

**ਖੇਡਾਂ ਅਤੇ ਯੁਵਕ ਸੇਵਾਵਾਂ**

56. ਨੌਜਵਾਨ ਕਿਸੇ ਵੀ ਕੌਮ ਦੀ ਸ਼ਾਨ ਹੁੰਦੇ ਹਨ। ਲੰਬੀ ਦੇਰ ਤੱਕ ਪੰਜਾਬ ਖੇਡਾਂ ਦੇ ਖੇਤਰ ਵਿਚ ਹਿੰਦੁਸਤਾਨ ਦਾ ਵਕਾਰ ਰਿਹਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਅਸੀਂ

ਪਿਛੜਦੇ ਜਾ ਰਹੇ ਹਾਂ। ਪੰਜਾਬ ਨੂੰ ਖੇਡਾਂ ਵਿਚ ਫਿਰ ਹਿੰਦੁਸਤਾਨ ਦੇ ਮੱਥੇ ਦਾ ਚੰਦ ਬਣਾਉਣ ਲਈ ਸਾਡੀ ਸਰਕਾਰ ਸਕੂਲੀ ਪੱਧਰ ਤੋਂ ਖੇਡਾਂ ਦਾ ਬੁਨਿਆਦੀ ਢਾਂਚਾ ਕਾਇਮ ਕਰਨ ਅਤੇ ਖੇਡਾਂ ਦੇ ਰੁਝਾਨ ਨੂੰ ਫਿਰ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਹੈ। ਇਕ ਨਵੀਂ ਖੇਡ ਨੀਤੀ ਸੰਨ 2018 ਵਿਚ ਐਲਾਨ ਕੀਤੀ ਗਈ ਹੈ। ਏਸ਼ੀਅਨ ਖੇਡਾਂ, ਕਾਮਨਵੈਲਥ ਖੇਡਾਂ, ਰਾਸ਼ਟਰੀ ਖੇਡਾਂ ਅਤੇ ਰਾਜ ਪੱਧਰੀ ਖੇਡਾਂ ਵਿਚ ਮੈਡਲ ਜਿੱਤਣ ਵਾਲਿਆਂ ਨੂੰ 18.00 ਕਰੋੜ ਰੁਪਏ ਦੇ ਨਕਦ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ।

**ਬਲਾਕ ਪੱਧਰੀ ਸਟੇਡੀਅਮ**

57. ਰਾਜ ਦੇ ਹਰ ਹਿੱਸੇ ਵਿਚ ਖੇਡਾਂ ਨੂੰ ਹੱਲਾਸ਼ੇਰੀ ਦੇਣ ਦੇ ਮੰਤਵ ਨਾਲ ਅਤੇ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਰਕਾਰ ਲੁਧਿਆਣਾ, ਰਾਜਪੁਰਾ, ਅਮਰਗੜ੍ਹ, ਧੂਰੀ, ਨਵਾਂਸ਼ਹਿਰ, ਖਡੂਰ ਸਾਹਿਬ ਅਤੇ ਪਠਾਨਕੋਟ ਬਲਾਕਾਂ ਵਿਖੇ ਬਲਾਕ ਪੱਧਰੀ ਬਹੁਮੰਤਵੀ ਸਟੇਡੀਅਮ ਮੁਹੱਈਆ ਕਰਵਾਉਣਾ ਚਾਹੁੰਦੀ ਹੈ। ਮੈਂ, ਸਾਲ 2019-20 ਦੌਰਾਨ ਇਸ ਸਕੀਮ ਲਈ 43.00 ਕਰੋੜ ਰੁਪਏ ਦੇ ਮਖਸੂਸ ਰੱਖਣ ਦੀ ਤਜਵੀਜ਼ ਰੱਖਦਾ ਹਾਂ ਅਤੇ ਆਇੰਦੇ ਸਾਲਾਂ ਵਿਚ ਅਸੀਂ ਇਸ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਜਾਰੀ ਰੱਖਾਂਗੇ।

**ਜਲੰਧਰ ਵਿਖੇ ਉੱਚ ਪੱਧਰੀ ਖੇਡ ਸਟੇਡੀਅਮ**

ਜਨਾਬ ਸਪੀਕਰ ਸਾਹਿਬ,

58. ਜਿਵੇਂ ਕਿ ਇਸ ਸਦਨ ਦੇ ਸਨਮਾਨਯੋਗ ਮੈਂਬਰਾਂ ਨੂੰ ਪਤਾ ਹੈ ਕਿ ਜਲੰਧਰ ਨੂੰ ਨਾ ਕੇਵਲ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ, ਜੋ ਇਸ ਅਜ਼ੀਮ ਸਦਨ ਦੇ ਮੈਂਬਰ ਵੀ ਹਨ, ਜਿਹੇ ਮਹਾਨ ਖਿਡਾਰੀਆਂ ਦੀ ਨਰਸਰੀ ਹੋਣ ਦਾ ਮਾਣ ਹਾਸਲ ਹੈ, ਸਗੋਂ ਇਹ ਬੜੇ ਲੰਮੇ ਸਮੇਂ ਤੋਂ ਖੇਡਾਂ ਅਤੇ ਖੇਡ ਉਦਯੋਗ ਦਾ ਮਰਕਜ਼ ਬਣਿਆ ਰਿਹਾ ਹੈ। ਇਸ ਲਈ ਰਾਜ ਵਿਚ ਖੇਡ ਬੁਨਿਆਦੀ ਢਾਂਚੇ ਦੇ ਨਿਰਮਾਣ ਅਤੇ ਵਾਧੇ ਦੀ ਸਾਡੀ ਵਚਨਬੱਧਤਾ ਨੂੰ ਅੱਗੇ ਵਧਾਉਂਦਿਆਂ ਮੈਂ ਜਲੰਧਰ ਵਿਖੇ ਜਨਤਕ ਨਿੱਜੀ ਭਾਈਵਾਲੀ (ਪੀ.ਪੀ.ਪੀ.),ਵਿਧੀ ਰਾਹੀਂ ਇਕ ਉੱਚ ਪੱਧਰੀ ਖੇਡ ਸਟੇਡੀਅਮ ਦੀ ਸਥਾਪਨਾ ਦੀ ਤਜਵੀਜ਼ ਰੱਖਦਾ ਹਾਂ।

**ਉਦਯੋਗ ਅਤੇ ਵਣਜ**

**ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀ 2017**

59. ਸਾਡੀ ਸਰਕਾਰ ਨੇ ਸਾਲ 2017 ਵਿੱਚ ਕਾਰੋਬਾਰ ਵਿਚ ਸਰਮਾਇਆਕਾਰੀ ਲਿਆਉਣ ਲਈ ਇਕ ਨਵੀਂ ਨੀਤੀ ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀ

[ਵਿੱਤ ਮੰਤਰੀ]
ਦਾ ਐਲਾਨ ਕੀਤਾ ਜਿਸ ਦੀ ਵਜ੍ਹਾ ਨਾਲ ਕਾਰੋਬਾਰੀਆਂ ਵਿਚ ਕਾਫੀ ਦਿਲਚਸਪੀ ਵੇਖੀ ਜਾਂਦੀ ਹੈ। ਇਸ ਨੀਤੀ ਅਧੀਨ ਲੱਕੜ ਅਧਾਰਤ ਉਦਯੋਗ ਪਾਰਕਾਂ ਦੀ ਸਥਾਪਤੀ ਲਈ ਉਪਬੰਧ ਕੀਤਾ ਗਿਆ ਹੈ। ਸੂਬੇ ਵਿਚ ਲੱਕੜ ਆਧਾਰਿਤ ਉਦਯੋਗਾਂ ਦੀ ਤਰੱਕੀ ਲਈ ਲਾਇਸੰਸ ਪ੍ਰਕਿਰਿਆ ਵਿਚ ਸੋਧ/ਸਰਲੀਕਰਣ ਕੀਤਾ ਜਾ ਰਿਹਾ ਹੈ। ਕਿਸਾਨਾਂ ਅਤੇ ਉਦਯੋਗਾਂ ਦੇ ਲਾਭ ਲਈ ਸੂਬੇ ਵਿਚ ਲੱਕੜ ਦੀ ਢੋਆ-ਢੁਆਈ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਢੋਆ-ਢੁਆਈ ਨਿਯਮਾਂ ਵਿਚ ਸੋਧ ਕੀਤੀ ਜਾ ਰਹੀ ਹੈ।

## ਰਿਆਇਤੀ ਬਿਜਲੀ

60. ਭਾਰਤ ਸਰਕਾਰ ਦੀਆਂ ਇਕ ਪਾਸੜ ਨੀਤੀਆਂ ਕਾਰਨ ਪੰਜਾਬ ਤੋਂ ਉਦਯੋਗਾਂ ਦਾ ਪਲਾਇਨ ਗੁਆਂਢੀ ਪਹਾੜੀ ਰਾਜਾਂ ਵਿਚ ਹੋਣ ਦੀ ਸਮੱਸਿਆ ਦਾ ਸਾਹਮਣਾ ਕਰਨ ਲਈ ਰਾਜ ਸਰਕਾਰ ਉਦਯੋਗ ਨੂੰ ਰਿਆਇਤੀ ਬਿਜਲੀ ਦੇਣ ਪ੍ਰਤੀ ਵਚਨਬੱਧ ਹੈ। ਸਾਲ 2019-20 ਦੌਰਾਨ ਰਾਜ ਸਰਕਾਰ ਰਿਆਇਤੀ ਬਿਜਲੀ ਲਈ 1513 ਕਰੋੜ ਰੁਪਏ ਖ਼ਰਚ ਕਰੇਗੀ।

## ਮੰਡੀ ਗੋਬਿੰਦਗੜ੍ਹ ਦੀ ਮੁੜ ਸੁਰਜੀਤੀ

61. ਸਾਡੀ ਸਰਕਾਰ ਲਈ ਮੰਡੀ ਗੋਬਿੰਦਗੜ੍ਹ, ਜੋ ਕਿ ਸਾਡੇ ਅਹਿਮ ਉਦਯੋਗਿਕ ਸ਼ਹਿਰਾਂ ਵਿਚੋਂ ਇਕ ਹੈ, ਦੀ ਮੁੜ ਬਹਾਲੀ ਇਕ ਚੁਣੌਤੀ ਸੀ। ਪਿਛਲੇ ਦੋ ਸਾਲਾਂ ਦੀਆਂ ਸਾਡੀਆਂ ਨੀਤੀਆਂ ਨੂੰ ਫਲ ਪਿਆ ਹੈ ਅਤੇ 10 ਇਕਾਈਆਂ, ਜੋ ਕਿ ਲਗਭਗ ਪੰਜ ਸਾਲਾਂ ਤੋਂ ਬੰਦ ਸਨ, ਨੂੰ ਗੋਬਿੰਦਗੜ੍ਹ ਵਿਖੇ ਮੁੜ ਬਹਾਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤਕਰੀਬਨ 60 ਨਵੀਆਂ ਇਕਾਈਆਂ ਅਤੇ 38 ਵਿਸਤਾਰ ਇਕਾਈਆਂ ਨੂੰ ਐੱਨ.ਓ.ਸੀ. (N.O.C.) ਜਾਰੀ ਕੀਤੇ ਗਏ ਹਨ। ਲੱਗਭਗ 63 ਲੋੜ ਵਿਸਤਾਰ ਅਤੇ 71 ਨਵੇਂ ਬਿਜਲੀ ਕੁਨੈਕਸ਼ਨਾਂ ਸਬੰਧੀ ਪ੍ਰਤੀ-ਬੇਨਤੀਆਂ ਬਾਰੇ ਕਾਰਵਾਈ ਕੀਤੀ ਗਈ ਹੈ ਅਤੇ 887 ਕਰੋੜ ਰੁਪਏ ਦੀ ਨਿਵੇਸ਼ ਸਮਰੱਥਾ ਵਾਲੇ 52 ਇਕਰਾਰਨਾਮੇ ਦੇ ਦਸਤਖਤ ਕੀਤੇ ਗਏ ਹਨ। ਪੰਜਾਬ ਦੀ ਮੁੜ ਬਹਾਲੀ ਦਾ ਇਹ ਇਕ ਅਹਿਮ ਇਸ਼ਤਿਹਾਰ ਹੈ।

## ਮੇਕ ਇਨ ਪੰਜਾਬ

62. 'ਮੇਕ ਇਨ ਪੰਜਾਬ' ਨਾਮ ਦੀ ਇਕ ਨਵੀਂ ਪਾਲਿਸੀ ਤਿਆਰ ਕੀਤੀ ਜਾ ਰਹੀ ਹੈ। ਇਸ ਨੀਤੀ ਅਨੁਸਾਰ ਸਰਕਾਰੀ ਖ਼ਰੀਦ ਆਰਡਰ ਵਿੱਚ ਸਥਾਨਕ ਸਪਲਾਈ ਕਰਤਾਵਾਂ ਨੂੰ ਕੁੱਲ ਮਾਤਰਾ ਦੇ 50 ਫ਼ੀਸਦ ਤੱਕ ਖ਼ਰੀਦ ਵਿਚ ਤਰਜੀਹ ਦਿੱਤੀ ਜਾਵੇਗੀ ਬਸ਼ਰਤੇ ਕਿ ਉਨ੍ਹਾਂ ਦੀਆਂ ਵਸਤਾਂ ਵਿੱਚ ਸਥਾਨਕ ਮਾਲ ਦੀ

ਮਾਤਰਾ ਘੱਟੋ-ਘੱਟ 40 ਫ਼ੀਸਦ ਹੋਵੇ ਅਤੇ ਉਨ੍ਹਾਂ ਦੀ ਬੋਲੀ ਸਭ ਤੋਂ ਘੱਟ ਬੋਲੀ ਦੇ 15 ਫ਼ੀਸਦ ਖ਼ਰੀਦ ਤਰਜੀਹ ਦੇ ਮਾਰਜਨ ਦੇ ਅੰਦਰ ਹੋਵੇ। It comes in 15% then preference will be given to Punjabi industry.

**ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ**

63. ਰਾਜ ਸਰਕਾਰ ਦਾ ਨਜ਼ਰੀਆ ਪੰਜਾਬ ਨੂੰ ਇਕ ਆਲਮੀ ਪੱਧਰ ਦਾ ਸੈਰ-ਸਪਾਟਾ ਮੁਕਾਮ ਵਜੋਂ ਸਥਾਪਿਤ ਕਰਨਾ ਅਤੇ ਇਸ ਦੇ ਸੱਭਿਆਚਾਰ ਵਿਚ ਤਰੱਕੀ ਲਿਆ ਕੇ ਪੰਜਾਬੀਆਂ ਨੂੰ ਆਪਣੀ ਵਿਰਾਸਤ ਨਾਲ ਜੋੜਨਾ ਹੈ। Punjab Tourism Minister Mr. Sidhu has a persona and he is correct Ambassador of the face of Punjab Tourism.

**ਅੰਮ੍ਰਿਤਸਰ-ਇਕ ਇਤਿਹਾਸਕ ਨਗਰੀ**

64. ਅੰਮ੍ਰਿਤਸਰ ਸ਼ਹਿਰ ਦਾ ਵਿਸ਼ੇਸ਼ ਰੁਤਬਾ ਕੇਵਲ ਪੰਜਾਬ ਵਿਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿਚ ਹੈ। ਇਸ ਲਈ ਸਾਡੀ ਸਰਕਾਰ ਨੇ ਅੰਮ੍ਰਿਤਸਰ ਦੇ ਲਈ ਇਕ ਵਿਸਤ੍ਰਿਤ ਸ਼ਹਿਰੀ ਪੁਨਰ ਵਿਕਾਸ ਯੋਜਨਾ ਦੀ ਤਜਵੀਜ਼ ਰੱਖੀ ਹੈ। ਇਸ ਮੰਤਵ ਲਈ ਅਸੀਂ ਵਿਸ਼ਵੀ ਪੱਧਰ ਤੇ ਸਿਰਮੌਰ ਆਰਕੀਟੈਕਟਾਂ ਦੇ ਸੰਘ ਅਤੇ ਨਗਰ ਯੋਜਨਾਕਾਰਾਂ ਨੂੰ ਸੱਦਾ ਭੇਜਾਂਗੇ। ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਸੀਂ ਇਸ ਮੰਤਵ ਲਈ ਇਸ ਇਤਿਹਾਸਕ ਸ਼ਹਿਰ ਦੀ ਯੋਜਨਾਬੰਦੀ ਲਈ ਬਜਟ ਵਿਚ 10.00 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਕੀਤੇ ਜਾਣ ਦੀ ਤਜਵੀਜ਼ ਰੱਖਦੇ ਹਾਂ। (ਥੰਪਿੰਗ) Amristar is actually the focus area of this Budget.

**ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ**

65. ਪੰਜਾਬ ਸਰਕਾਰ ਨੇ ਇਕ ਸ਼ਰਧਾ ਪੂਰਵਕ ਸ਼ਰਧਾਂਜਲੀ ਵਜੋਂ ਸਿੱਖ ਧਰਮ ਦੇ ਸੰਸਥਾਪਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦਾ ਉਪਰਾਲਾ ਕੀਤਾ ਹੈ। ਮਹਾਨ ਗੁਰੂ ਵੱਲੋਂ ਦਿੱਤੇ ਗਏ ਵਰਦਾਨੀਅਤ ਭਾਈਚਾਰੇ ਦੇ ਸੰਦੇਸ਼ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰਨ ਅਤੇ ਇਸ ਨੂੰ ਮਨਾਉਣ ਦਾ ਇਕ ਵਡਭਾਗਾ ਮੌਕਾ ਹੈ।

66. ਸੂਬੇ ਵਿਚ ਚੱਲ ਰਹੇ ਪ੍ਰੋਗਰਾਮਾਂ ਦੇ ਹਿੱਸੇ ਵਜੋਂ ਰਾਜ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ ਅਤੇ ਬਟਾਲਾ ਦੇ ਇਤਿਹਾਸਕ ਨਗਰਾਂ ਵਿਚ ਪਹਿਲਾਂ ਹੀ ਬੁਨਿਆਦੀ ਢਾਂਚੇ ਦੇ ਵਿਕਾਸ ਪ੍ਰੋਗਰਾਮਾਂ ਦੀ ਇਕ ਲੜੀ ਸ਼ੁਰੂ ਕੀਤੀ ਹੋਈ ਹੈ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼ ਆਪਣੀਆਂ ਸੀਟਾਂ ਤੇ ਬੈਠੋ, ਆਪਣੀਆਂ ਸੀਟਾਂ ਤੇ ਬੈਠੋ। ਬਜਟ ਡਿਸਰਪਸ਼ਨ ਨਹੀਂ ਹੋਇਆ ਕਰਦੀ।

## ਪਿੰਡ ਬਾਬੇ ਨਾਨਕ ਦਾ ਵਿਰਾਸਤੀ ਅਜਾਇਬ ਘਰ

67. ਅਸੀਂ ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀਆਂ ਪਾਕ ਤੇ ਪਾਕੀਜ਼ਾ ਮੰਜ਼ਰਨਾਮਾ ਨੂੰ ਦਰਸਾਉਂਦਾ 'ਪਿੰਡ ਬਾਬੇ ਨਾਨਕ ਦਾ' ਨਾਮਕ ਵਿਰਾਸਤੀ ਅਜਾਇਬ ਘਰ ਸਥਾਪਿਤ ਕਰਾਂਗੇ। ਇਹ ਅਜਾਇਬ ਘਰ ਉਨ੍ਹਾਂ ਪੰਜਾਬੀਆਂ ਨੂੰ ਆਪਣੇ ਮੂਲ ਨਾਲ ਜੁੜਨ ਵਿਚ ਸਹਾਇਤਾ ਕਰੇਗਾ ਜਿਹੜੇ ਕਿ ਲੰਮੇ ਸਮੇਂ ਤੋਂ ਪੰਜਾਬ ਤੋਂ ਦੂਰ ਰਹੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਆ ਗਏ।)

## ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਕੌਮੀ ਇੰਸਟੀਚਿਊਟ ਆਫ ਅੰਤਰ-ਧਰਮ ਅਧਿਐਨ

68. ਇਨ੍ਹਾਂ ਸਮਾਗਮਾਂ ਦੇ ਹਿੱਸੇ ਵਜੋਂ ਸਾਡੀ ਸਰਕਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਕੌਮੀ ਇੰਸਟੀਚਿਊਟ ਆਫ ਅੰਤਰ-ਧਰਮ ਅਧਿਐਨ ਸਥਾਪਿਤ ਕਰੇਗੀ। ਇਹ ਇੰਸਟੀਚਿਊਟ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਤੁਲਨਾਤਮਕ ਧਰਮਾਂ ਸਬੰਧੀ ਖੋਜ ਅਤੇ ਅਧਿਐਨ ਸਬੰਧੀ ਮੰਚ ਮੁਹੱਈਆ ਕਰਵਾਏਗੀ। ਇਹ 21ਵੀਂ ਸਦੀ ਵਿਚ ਸਮਕਾਲੀਨਤਾ ਦੀ ਉੱਨਤ ਸਮਝ ਨੂੰ ਪ੍ਰੋਤਸਾਹਿਤ ਕਰਦਿਆਂ ਅੰਤਰ-ਧਰਮ ਅਧਿਐਨ ਅਤੇ ਵਿਚਾਰ ਵਟਾਂਦਰੇ ਸਬੰਧੀ ਮੰਚ ਵੀ ਮੁਹੱਈਆ ਕਰਵਾਏਗੀ।

## ਕਰਤਾਰਪੁਰ ਸਾਹਿਬ ਲਾਂਘਾ

69. ਸਾਡੇ ਸਾਰਿਆਂ ਲਈ ਇਹ ਬੜੇ ਫ਼ਖ਼ਰ ਅਤੇ ਤਸੱਲੀ ਵਾਲੀ ਗੱਲ ਹੈ ਕਿ ਅਸੀਂ 550ਵੇਂ ਪ੍ਰਕਾਸ਼ ਪੁਰਬ ਸਬੰਧੀ ਇਤਿਹਾਸਕ ਸਮਾਗਮਾਂ ਨੂੰ ਮਨਾਉਣ ਲਈ ਭਾਰਤ ਸਰਕਾਰ ਅਤੇ ਪਾਕਿਸਤਾਨ ਸਰਕਾਰ ਨੂੰ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਲਈ ਸਹਿਮਤ ਹੋਣ ਵਿਚ ਮਨਾਉਣ ਲਈ ਸਫ਼ਲ ਹੋਏ ਹਾਂ। ਆਉਣ ਵਾਲੇ ਸਮੇਂ ਵਿਚ ਇਹ ਲਾਂਘਾ ਦੋਹਾਂ ਮੁਲਕਾਂ ਦਰਮਿਆਨ ਭਾਈਚਾਰੇ ਅਤੇ ਖੈਰ ਸਿਗਾਲੀ ਦਾ ਜ਼ਜ਼ਬਾ ਪੈਦਾ ਕਰੇਗਾ। ਸਾਡੀ ਸਰਕਾਰ ਇਸ ਮੁਕੱਦਸ ਤੇ ਮੁਬਾਰਕ ਦਿਹਾੜੇ ਤੋਂ ਪਹਿਲਾਂ ਕਰਤਾਰਪੁਰ ਸਾਹਿਬ (ਪਾਕਿਸਤਾਨ ਵਿੱਚ) ਲਾਂਘੇ ਨੂੰ ਕਾਰਜਸ਼ੀਲ ਬਣਾਉਣ ਲਈ ਹਰ ਸੰਭਵ ਯਤਨ ਕਰੇਗੀ।

## ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ

70. ਰਾਜ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੀ ਸ਼ਰਧਾਂਜਲੀ ਵਜੋਂ ਡੇਰਾ ਬਾਬਾ ਨਾਨਕ ਦੇ ਯੋਜਨਾਬੱਧ ਅਤੇ ਸਮੱਗਰ ਵਿਕਾਸ ਲਈ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਹੈ। ਕਸਬੇ ਵਿਚ ਬੁਨਿਆਦੀ ਢਾਂਚਾ ਵਿਕਾਸ ਅਤੇ ਦੂਸਰੇ ਪ੍ਰਾਜੈਕਟਾਂ ਦੀ ਸ਼ੁਰੂਆਤ ਲਈ ਮੈਂ 25.00 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ।

71. ਮੈਂ ਸਾਲ 2019-20 ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ 300 ਕਰੋੜ ਰੁਪਏ ਦੇ ਨਿਮਾਣੇ ਜਿਹੇ ਰਾਖਵੇਂਕਰਨ ਦੀ ਵੀ ਤਜਵੀਜ਼ ਕਰਦਾ ਹਾਂ। ਮੈਂ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਾਲ ਦੌਰਾਨ ਇਨ੍ਹਾਂ ਸਮਾਗਮਾਂ ਸਬੰਧੀ ਜਦੋਂ ਵੀ ਕਿਸੇ ਉਚਿਤ ਵਧੀਕ ਸਹਾਇਤਾ ਦੀ ਜ਼ਰੂਰਤ ਹੋਵੇਗੀ, ਸਰਕਾਰ ਵੱਲੋਂ ਤੁਰੰਤ ਮੁਹੱਈਆ ਕਰਵਾਈ ਜਾਵੇਗੀ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਹੱਥਾਂ ਵਿੱਚ ਫੋਟੋਆਂ ਫੜ ਕੇ ਖੜ੍ਹੇ ਸਨ ਅਤੇ ਸਦਨ ਵਿੱਚ ਉੱਚੀ ਉੱਚੀ ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਬਾਦਲ ਸਾਹਿਬ, ਬਾਦਲ ਸਾਹਿਬ, ਇੱਕ ਮਿੰਟ। ਮੇਰੀ ਗੱਲ ਸੁਣੋ, ਇਸ ਤਰ੍ਹਾਂ ਨਾ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੀ ਬਹੁਤ ਸਾਰੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਅੱਗੇ ਖੜ੍ਹੇ ਹੋ ਕੇ ਬੋਲਣ ਲੱਗ ਗਏ।)

**ਮਾਨਯੋਗ ਸਪੀਕਰ :** ਤੁਸੀਂ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਤਾਂ ਚੁੱਪ ਕਰੋ। (ਵਿਘਨ..ਸ਼ੋਰ) You are not to dictate me. Rana Sahib addressing to (Rana Gurmeet Singh Sodhi) ਬੈਠੋ। You are not to dictate me, ਪਲੀਜ਼ ਬੈਠੋ। ਬੈਠੋ ਜੀ, ਬੈਠੋ। ਦੇਖੋ, ਮੈਂ ਅਫਸੋਸ ਨਾਲ ਕਹਿ ਰਿਹਾ ਹਾਂ (ਵਿਘਨ...ਸ਼ੋਰ) (ਸਰਦਾਰ ਬਲਬੀਰ ਸਿੰਘ ਸਿੱਧੂ ਨੂੰ ਸੰਬੋਧਨ ਕਰਦੇ ਹੋਏ) ਸਿੱਧੂ ਸਾਹਿਬ, ਮੈਂ ਅਫਸੋਸ ਨਾਲ ਕਹਿ ਰਿਹਾ ਹਾਂ ਕਿ ਪਲੀਜ਼ ਸਿੱਧੂ ਸਾਹਿਬ (ਸਰਦਾਰ ਬਲਬੀਰ ਸਿੰਘ ਸਿੱਧੂ ਨੂੰ) ਸਿੱਧੂ ਸਾਹਿਬ, ਸਿੱਧੂ ਸਾਹਿਬ ਪਲੀਜ਼, ਪਲੀਜ਼। ਮੈਂ ਤੁਹਾਨੂੰ (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵੈੱਲ ਵਿੱਚ ਖੜ੍ਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਪ੍ਰਾਰਥਨਾ

---

** Not recorded as ordered by the Chair.

[ਮਾਨਯੋਗ ਸਪੀਕਰ]
ਕਰਦਾ ਹਾਂ ਕਿ ਆਪਣੀਆਂ ਸੀਟਾਂ ਤੇ ਬੈਠ ਕੇ ਬਜਟ ਸਪੀਚ ਸੁਣੋ। ਜੇਕਰ ਨਹੀਂ ਸੁਣਨਾ ਤਾਂ ਮੈਂ ਮਜ਼ਬੂਰ ਹੋਵਾਂਗਾ ਤੁਹਾਨੂੰ ਬਾਹਰ ਭੇਜਣ ਲਈ। (ਵਿਘਨ..ਸ਼ੋਰ)

**ਸਥਾਨਕ ਸਰਕਾਰ ਮੰਤਰੀ :** ਇਸ ਦੀ ਕਿਹੜੀ ਬੇਨਤੀ ਸੁਣਨੀ ਹੈ ਜੀ (ਵਿਘਨ..ਸ਼ੋਰ) ਇਹ ** ਹੈ, ਇਹ ** ਸੁਣਾਏਗਾ।(ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਬੈਠੋ।

**ਸਥਾਨਕ ਸਰਕਾਰ ਮੰਤਰੀ :** ਕਿਸ ਤਰ੍ਹਾਂ ਬੈਠੀਏ, ਸਰ। ਤੁਸੀਂ ਮੈਨੂੰ ਦੱਸੋ ਕਿ ਕੀ ਬਜਟ ਵਾਲੇ ਦਿਨ ਜ਼ੀਰੋ ਆਵਰ ਹੁੰਦਾ ਹੈ ?

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਬੈਠੋ, ਬਜਟ ਵਾਲੇ ਦਿਨ ਜ਼ੀਰੋ ਆਵਰ ਨਹੀਂ ਹੁੰਦਾ ।

**ਸਥਾਨਕ ਸਰਕਾਰ ਮੰਤਰੀ :** ਕੀ ਇਹ (ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ) ਮੈਨੂੰ ਦੱਸੇਗਾ ਕਿ ਦੇਸ਼ ਭਗਤੀ ਕੀ ਹੁੰਦੀ ਹੈ?

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਆਪਸ ਵਿੱਚ ਉੱਚੀ-ਉੱਚੀ ਬਹਿਸ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜ਼ੀਰੋ ਆਵਰ ਨਹੀਂ ਹੁੰਦਾ (ਵਿਘਨ..ਸ਼ੋਰ) ਜ਼ੀਰੋ ਆਵਰ ਨਹੀਂ ਹੁੰਦਾ।(ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਪਲੀਜ਼ ਬੈਠੋ, ਪਲੀਜ਼ ਬੈਠੋ। ਜ਼ੀਰੋ ਆਵਰ ਨਹੀਂ ਹੁੰਦਾ। ਦੇਖੋ, ਮੈਂ ਤੁਹਾਨੂੰ ਪ੍ਰਾਰਥਨਾ ਕੀਤੀ ਹੈ (ਵਿਘਨ..ਸ਼ੋਰ) ਸਿੱਧੂ ਸਾਹਿਬ, ਬੈਠੋ, ਸਿੱਧੂ ਸਾਹਿਬ, ਬੈਠੋ। ਮੈਂ ਤੁਹਾਨੂੰ ਪ੍ਰਾਰਥਨਾ ਕਰਦਾ ਹਾਂ, ਮੈਂ ਤੁਹਾਨੂੰ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਬੈਠੋ, ਤੁਸੀਂ ਬੈਠੋ। (ਵਿਘਨ..ਸ਼ੋਰ) ਬੈਠ ਜਾਓ, ਸਿੱਧੂ ਸਾਹਿਬ, ਬੈਠੋ। ਵਡਾਲਾ ਸਾਹਿਬ, ਤੁਸੀਂ ਕੀ ਕਹਿਣਾ ਚਾਹੁੰਦੇ ਹੋ (ਵਿਘਨ..ਸ਼ੋਰ) ਬੈਠੋ, ਤੁਸੀਂ ਬਜਟ ਦੇ ਵਿੱਚ ਡਿਸਰਪਟ ਨਾ ਕਰੋ, ਬਜਟ ਦੇ ਵਿੱਚ ਡਿਸਰਪਟ ਨਾ ਕਰੋ (ਵਿਘਨ..ਸ਼ੋਰ) ਬਜਟ ਦੇ ਵਿੱਚ ਡਿਸਰਪਟ ਨਾ ਕਰੋ।

(ਇਸ ਸਮੇਂ ਵੀ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਸਥਾਨਕ ਸਰਕਾਰ

---

**Expunged /Not recorded as ordered by the Hon'ble Speaker /Chair.

ਮੰਤਰੀ ਸਰਦਾਰ ਨਵਜੋਤ ਸਿੰਘ ਸਿੱਧੂ ਆਪਸ ਵਿੱਚ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ, ਬੈਠੋ, ਵਡਾਲਾ ਜੀ, ਬੈਠੋ। ਤੁਸੀਂ ਜੋ ਕਹਿਣਾ ਹੈ, ਪਰਸੋਂ ਕਹਿ ਲੈਣਾ, ਪਰਸੋਂ ਕਹਿ ਲੈਣਾ, ਅੱਜ ਜ਼ੀਰੋ ਆਵਰ ਨਹੀਂ ਹੁੰਦਾ, ਜ਼ੀਰੋ ਆਵਰ ਨਹੀਂ ਹੁੰਦਾ। (ਵਿਘਨ..ਸ਼ੋਰ) ਸਿੱਧੂ ਸਾਹਿਬ, ਬੈਠੋ। ਪਲੀਜ਼ ਬੈਠੋ। ਬੈਠੋ, ਬੈਠੋ, ਵਡਾਲਾ ਜੀ, ਤੁਸੀਂ ਕੀ ਕਹਿਣਾ ਹੈ? (ਵਿਘਨ..ਸ਼ੋਰ) ਜ਼ੀਰੋ ਆਵਰ ਨਹੀਂ ਹੁੰਦਾ, ਵਡਾਲਾ ਜੀ। ਜ਼ੀਰੋ ਆਵਰ ਨਹੀਂ ਹੁੰਦਾ, ਜ਼ੀਰੋ ਆਵਰ ਨਹੀਂ ਹੁੰਦਾ। ਉਹ ਰੈਜ਼ੋਲਿਊਸ਼ਨ ਲਿਆਏ ਹਨ, ਉਹ ਰੈਜ਼ੋਲਿਊਸ਼ਨ ਲਿਆਏ ਹਨ, ਉਨ੍ਹਾਂ ਨੇ ਜ਼ੀਰੋ ਆਵਰ ਦੀ ਗੱਲ ਨਹੀਂ ਕੀਤੀ (ਵਿਘਨ..ਸ਼ੋਰ) ਮੈਨੂੰ ਅਫਸੋਸ ਹੈ, ਅਫਸੋਸ ਹੈ, ਅਫਸੋਸ ਹੈ। ਪਿੰਕੀ ਜੀ ਤਾਂ ਰੈਜ਼ੋਲਿਊਸ਼ਨ ਲਿਆਏ ਹਨ, ਤੁਸੀਂ ਰੈਜ਼ੋਲਿਊਸ਼ਨ ਨਹੀਂ ਲਿਆਏ (ਵਿਘਨ..ਸ਼ੋਰ)।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਬਿਕਰਮ ਸਿੰਘ ਮਜੀਠੀਆ, ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸ਼੍ਰੀ ਐਨ.ਕੇ. ਸ਼ਰਮਾ, ਸ਼੍ਰੀ ਬਲਦੇਵ ਸਿੰਘ ਖਹਿਰਾ, ਡਾਕਟਰ ਸੁਖਵਿੰਦਰ ਕੁਮਾਰ, ਸਰਦਾਰ ਦਿਲਰਾਜ ਸਿੰਘ ਭੂੰਦੜ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਅਤੇ ਸ਼੍ਰੀ ਅਰੁਣ ਨਾਰੰਗ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਨਾਲ ਤੇ ਕਈ ਹੋਰ ਮੰਤਰੀਆਂ/ਮੈਂਬਰਾਂ ਨਾਲ ਬਹਿਸ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ :** ਪਲੀਜ਼ ਸਾਰੇ ਬੈਠ ਜਾਉ। (ਵਿਘਨ...ਸ਼ੋਰ) ਤੁਸੀਂ ਪਲੀਜ਼ ਆਪਣੀਆਂ ਸੀਟਾਂ ਉਤੇ ਬੈਠੋ। ਪਲੀਜ਼ ਬੈਠੋ। ਪਲੀਜ਼, ਤੁਸੀਂ ਬੈਠੋ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਨਾਲ ਤੇ ਕਈ ਹੋਰ ਮੰਤਰੀਆਂ/ਮੈਂਬਰਾਂ ਨਾਲ

[ਮਾਨਯੋਗ ਸਪੀਕਰ]
ਉੱਚੀ-ਉੱਚੀ ਬੋਲ ਕੇ ਬਹੁਤ ਜ਼ਿਆਦਾ ਬਹਿਸ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ (ਆਪਣੀ ਸੀਟ ਤੋਂ ਖੜ੍ਹੇ ਹੋ ਕੇ ਸੰਬੋਧਨ ਕਰਦੇ ਹੋਏ):** ਬੈਠੋ, ਪਲੀਜ਼, ਤੁਸੀਂ ਆਪਣੀਆਂ ਸੀਟਾਂ ਉਤੇ ਬੈਠੋ। ਤੁਸੀਂ ਬੈਠੋ ਤਾਂ ਸਹੀ।

----

## NAMING OF THE MEMBERS

**ਮਾਨਯੋਗ ਸਪੀਕਰ :** ਮੈਂ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਜੋ ਅੱਜ ਸਦਨ ਵਿੱਚ ਹਾਜ਼ਰ ਹਨ, ਚੇਅਰ ਦੇ ਵਾਰ-ਵਾਰ ਅਪੀਲ ਕਰਨ ਦੇ ਬਾਵਜੂਦ ਲਗਾਤਾਰ ਸਦਨ ਦੀ ਕਾਰਵਾਈ ਵਿੱਚ ਵਿਘਨ ਪਾ ਰਹੇ ਹਨ, ਨੂੰ ਨੇਮ ਕਰਦਾ ਹਾਂ, ਨੂੰ ਨੇਮ ਕਰਦਾ ਹਾਂ। (ਵਿਘਨ...ਸ਼ੋਰ) ਮੈਂ ਬੇਨਤੀ ਕਰਦਾ ਹਾਂ ਕਿ ਇਹ ਮੈਂਬਰ ਸਦਨ ਤੋਂ ਬਾਹਰ ਜਾਣ, ਜਿਸ ਨਾਲ ਉਹ ਅੱਜ ਦੀ ਬੈਠਕ ਦੇ ਬਾਕੀ ਰਹਿੰਦੇ ਸਮੇਂ ਲਈ ਮੁਅੱਤਲ ਕੀਤੇ ਜਾਂਦੇ ਹਨ। ਮੈਂ ਮਾਰਸ਼ਲ ਨੂੰ ਹੁਕਮ ਦਿੰਦਾ ਹਾਂ ਕਿ ਉਹ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰਾਂ ਨੂੰ ਅੱਜ ਦੀ ਬੈਠਕ ਵਿਚੋਂ ਇਸ ਸਦਨ ਤੋਂ ਬਾਹਰ ਲੈ ਕੇ ਜਾਣ। (ਵਿਘਨ...ਸ਼ੋਰ)

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਨਾਲ ਤੇ ਕਈ ਹੋਰ ਮੰਤਰੀਆਂ/ਮੈਂਬਰਾਂ ਨਾਲ ਉੱਚੀ-ਉੱਚੀ ਬੋਲ ਕੇ ਝਗੜ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚੋਂ ** ਨਾਅਰੇ ਲਗਾਉਂਦੇ ਹੋਏ ਆਪਣੇ ਆਪ ਸਦਨ ਵਿਚੋਂ ਬਾਹਰ ਚਲੇ ਗਏ।)

----

## SHORT ADJOURNMENT OF THE HOUSE

**ਮਾਨਯੋਗ ਸਪੀਕਰ:** ਮੈਂ ਸਦਨ ਨੂੰ 1.00 ਵਜੇ ਬਾਅਦ ਦੁਪਹਿਰ ਤੱਕ ਐਡਜਰਨ ਕਰਦਾ ਹਾਂ।

*12.42 ਵਜੇ (ਇਸ *ਸਮੇਂ ਸਦਨ 1.00 ਵਜੇ ਬਾਅਦ

---

** Not recorded as ordered by the Chair.

ਬਾਅਦ ਦੁਪਹਿਰ ਦੁਪਹਿਰ ਤੱਕ ਐਡਜਰਨ ਹੋ ਗਿਆ।)

*1.00 ਵਜੇ ਬਾਅਦ ਦੁਪਹਿਰ (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

-----

## PRESENTATION OF THE BUDGET ESTIMATES FOR THE YEAR 2019-20 *(RESUMPTION)*

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸਪੀਕਰ ਸਾਹਿਬ, ਮੈਂ ਤੁਹਾਡਾ ਇਸ ਗੱਲ ਲਈ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਿਨਾਂ ਵਿਘਨ ਇਸ ਹਾਊਸ ਦੇ ਅੰਦਰ ਬੋਲਣ ਅਤੇ ਆਪਣੀ ਗੱਲ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਹਾਊਸ ਦੀ ਮਰਿਆਦਾ ਹੈ, ਪੰਜਾਬ ਦੇ ਲੋਕਾਂ ਦਾ ਖਜ਼ਾਨਾ ਸਾਡੇ ਕੋਲ ਅਮਾਨਤ ਦੇ ਤੌਰ ਤੇ ਹੈ ਅਤੇ ਜਿਹੜਾ ਉਸ ਦਾ ਹਰ ਸਾਲ ਦਾ ਲੇਖਾ-ਜੋਖਾ ਹੈ ਜੇਕਰ ਅਸੀਂ ਉਹ ਵੀ ਆਪਣੇ ਲੋਕਾਂ ਨੂੰ ਨਹੀਂ ਸੁਣਾ ਸਕਦੇ ਤਾਂ ਫੇਰ ਮੈਂ ਸਮਝਦਾ ਹਾਂ ਕਿ ਇਹ ਬੜੀ ਸ਼ਰਮਿੰਦਗੀ ਦੀ ਗੱਲ ਹੈ। ਸਪੀਕਰ ਸਾਹਿਬ, ਮੈਨੂੰ ਪ੍ਰਮਾਤਮਾ ਦੀ ਨੁਸਰਤ ਤੇ ਭਰੋਸਾ ਹੈ, ਮੈਂ ਪਰਮਾਤਮਾ ਤੋਂ ਇਸ ਗੱਲ ਦੀ ਮਦਦ ਮੰਗਦਾ ਹਾਂ ਕਿ ਰੱਬਾ! ਮੇਰੀ ਅਵਾਜ਼ ਵਿੱਚ ਉਹ ਅਸਰ ਪੈਦਾ ਕਰ, ਮੇਰੀ ਅਵਾਜ਼ ਵਿੱਚ ਉਹ ਤਾਕਤ ਪੈਦਾ ਕਰ, ਜੋ ਪਿਛਲੇ ਦੋ ਸਾਲ ਦੀਆਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀਆਂ ਕੋਸ਼ਿਸ਼ਾਂ ਸਨ, ਪੰਜਾਬ ਦੀ ਕੌਮ ਆਪਣੇ ਪੈਰਾਂ ਤੇ ਖੜ੍ਹੀ ਹੋ ਸਕੇ। ਸਪੀਕਰ ਸਾਹਿਬ, ਲੋਕ ਕਹਿੰਦੇ ਹਨ ਕਿ ਕਾਂਗਰਸ ਸਰਕਾਰ ਖਵਾਬ ਵੇਚਦੀ ਹੈ। ਸਪੀਕਰ ਸਾਹਿਬ, ਕਾਂਗਰਸ ਪਾਰਟੀ ਖਵਾਬਾਂ ਨੂੰ ਹਕੀਕਤ ਵਿੱਚ ਤਬਦੀਲ ਕਰਦੀ ਹੈ। ਤੁਸੀਂ ਇਸ ਵਿਧਾਨ ਸਭਾ ਦੀ ਕੋਈ ਇੱਟ ਪੁੱਟ ਲਓ, ਤੁਸੀਂ ਭਾਖੜਾ ਡੈਮ ਦੀ ਕੋਈ ਇੱਟ ਪੁੱਟ ਲਓ, ਤੁਸੀਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਕੋਈ ਇੱਟ ਪੁੱਟ ਲਓ, ਤੁਸੀਂ ਪੀ.ਜੀ.ਆਈ. ਦੀ ਇੱਟ ਪੁੱਟ ਲਓ, ਹਰ ਇੱਟ ਤੇ ਕਾਂਗਰਸ ਪਾਰਟੀ ਦਾ ਹਵਾਲਾ ਦਿੱਤਾ ਹੋਇਆ ਹੈ।(ਥੰਪਿੰਗ) ਸਪੀਕਰ ਸਾਹਿਬ, ਅੱਜ ਵੀ ਜੋ ਹਾਲਾਤ ਸਾਨੂੰ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੂੰ ਮਿਲੇ, ਅੱਜ ਅਸੀਂ ਪ੍ਰਮਾਤਮਾ ਕੋਲ ਇਹ ਅਰਦਾਸ ਕਰਦੇ ਹਾਂ ਕਿ ਰੱਬਾ! ਸਾਨੂੰ ਕੋਈ ਮੁਸ਼ਕਿਲ ਘੜੀ ਜਾਂ ਅਜ਼ਮਾਇਸ਼ ਦੀ ਘੜੀ ਨਾ ਆਵੇ। ਪ੍ਰਮਾਤਮਾ ਕੋਲ ਇਕੋ ਹੀ ਅਰਦਾਸ ਹੈ ਕਿ ਰੱਬਾ! ਜੋ ਵੀ ਮੁਸ਼ਕਿਲ ਘੜੀ ਪੰਜਾਬ ਅੱਗੇ ਆਵੇ, ਸਾਨੂੰ ਹਿੰਮਤ ਦੇਈਂ, ਅਸੀਂ ਉਸ ਮੁਸ਼ਕਿਲ ਘੜੀ ਦਾ ਮੁਕਾਬਲਾ ਕਰ ਸਕੀਏ।(ਥੰਪਿੰਗ) ਸਪੀਕਰ

[ਵਿੱਤ ਮੰਤਰੀ]

ਸਾਹਿਬ, ਮੇਰੀ ਸਪੀਚ ਅੱਧਾ ਘੰਟਾ ਨਿਕਲ ਚੁੱਕੀ ਹੈ, ਇਸ ਲਈ ਮੈਂ ਮੁਖ਼ਤਸਿਰ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਕਈ ਮੁੱਦਤਾਂ ਤੋਂ ਬਾਅਦ ਪੰਜਾਬ ਅਤੇ ਪੰਜਾਬ ਦੇ financial indicators, statistics ਦੱਸਦੇ ਹਨ ਕਿ ਅੱਜ ਫੇਰ ਪੰਜਾਬ ਆਪਣੇ ਪੈਰਾਂ ਤੇ ਖੜ੍ਹਾ ਹੋ ਗਿਆ ਹੈ। ਫਾਈਨਾਂਸ ਸੈਕਟਰੀ ਸਾਹਿਬ ਨੇ ਮੈਂਬਰਾਂ ਨੂੰ ਜੋ ਮੈਮੋਰੰਡਮ ਦਿੱਤਾ ਹੈ, ਉਸ ਵਿੱਚ ਤਮਾਮ ਤਫ਼ਸੀਲਾਤ ਮਿਲ ਜਾਵੇਗੀ।

## ਜਲ੍ਹਿਆਂ ਵਾਲਾ ਬਾਗ ਕਤਲ੍ਹੇਆਮ ਦੇ ਸ਼ਤਾਬਦੀ ਸਮਾਗਮ

72. ਅੰਮ੍ਰਿਤਸਰ ਸਾਡੇ ਮੁਲਕ ਦੇ ਸੁਤੰਤਰਤਾ ਸੰਗਰਾਮ ਦੀ ਗ਼ੈਰ-ਸਰਕਾਰੀ ਰਾਜਧਾਨੀ ਰਿਹਾ ਹੈ, ਜਿਸ ਨੂੰ ਸਾਡੇ ਬਹਾਦਰ ਸੈਨਿਕਾਂ ਦੀਆਂ ਮਹਾਨ ਕੁਰਬਾਨੀਆਂ ਨੇ ਹੋਰ ਵਧੇਰੇ ਚਮਕਾਇਆ ਹੈ। ਸਤਿਕਾਰ ਵਜੋਂ ਸਾਡੀ ਸਰਕਾਰ 13 ਅਪ੍ਰੈਲ, 2019 ਨੂੰ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦੀ ਸ਼ਤਾਬਦੀ ਮਨਾ ਰਹੀ ਹੈ। ਇਸ ਮਹੱਤਵਪੂਰਨ ਘਟਨਾ ਨੇ ਜਾਬਰ ਬਰਤਾਨਵੀ ਸਾਮਰਾਜ ਦੇ ਵਿਰੁੱਧ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਨੂੰ ਨਵਾਂ ਰੂਪ ਦਿੱਤਾ। ਇਸ ਮੌਕੇ ਨੂੰ ਯਾਦ ਕਰਨ ਲਈ ਰਾਜ ਸਰਕਾਰ ਨੇ ਬਹੁਤ ਸਾਰੀਆਂ ਸਾਹਿਤਕ ਅਤੇ ਸਭਿਆਚਾਰਕ ਗਤੀਵਿਧੀਆਂ ਅਤੇ ਜਨਤਕ ਸਮਾਗਮਾਂ ਦੇ ਨਾਲ-ਨਾਲ ਅੰਮ੍ਰਿਤਸਰ ਵਿਚ ਇਕ ਸ਼ਹੀਦ ਸਨਮਾਨ ਰੈਲੀ ਕੱਢਣ ਦਾ ਫ਼ੈਸਲਾ ਵੀ ਕੀਤਾ ਹੈ। ਸਾਲ 2019-20 ਦੌਰਾਨ ਇਸ ਉਦੇਸ਼ ਲਈ 5.00 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ ਅਤੇ ਆਉਂਦੇ ਸਾਲ ਦੌਰਾਨ ਲੋੜੀਂਦੀ ਵਧੀਕ ਸਹਾਇਤਾ ਵੀ ਮੁਹੱਈਆ ਕਰਵਾਈ ਜਾਵੇਗੀ।

## ਰਾਸ਼ਟਰ ਪਿਤਾ ਦੀ 150ਵੀਂ ਜਨਮ ਵਰ੍ਹੇਗੰਢ ਨੂੰ ਮਨਾਉਣਾ

73. ਰਾਜ ਸਰਕਾਰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ 150ਵੀਂ ਜ਼ੋਮ-ਏ-ਪੈਦਾਇਸ਼ ਵਰ੍ਹੇਗੰਢ ਵੀ ਮਨਾ ਰਹੀ ਹੈ ਅਤੇ ਪੰਜਾਬ ਦੀਆਂ ਸਮੂਹ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਵਿੱਚ "ਰਾਸ਼ਟਰ ਪਿਤਾ" ਦੇ ਸਨਮਾਨ ਵਿਚ ਸਾਹਿਤਿਕ ਅਤੇ ਸਭਿਆਚਾਰਕ ਸਮਾਗਮ ਆਯੋਜਿਤ ਕਰੇਗੀ।

## ਸ੍ਰੀ ਅਨੰਦਪੁਰ ਸਾਹਿਬ-ਨੈਨਾ ਦੇਵੀ ਰੋਪ ਵੇਅ

74. ਪੰਜਾਬ ਸਰਕਾਰ ਨੇ ਸ੍ਰੀ ਆਨੰਦਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਜੀ ਵਿਚਕਾਰ ਇਕ ਰੋਪ ਵੇਅ ਦੀ ਉਸਾਰੀ ਲਈ ਹਿਮਾਚਲ ਪ੍ਰਦੇਸ਼ ਸਰਕਾਰ ਨਾਲ ਇਕ ਇਤਿਹਾਸਕ ਇਕਰਾਰਨਾਮਾ ਕੀਤਾ ਹੈ। ਇਹ ਰੋਪ ਵੇਅ ਨਾ ਕੇਵਲ ਦੋ ਧਾਰਮਿਕ ਸਥਾਨਾਂ ਨੂੰ ਜੋੜੇਗਾ ਸਗੋਂ ਦੋ ਰਾਜਾਂ ਅਤੇ ਇਸ ਤੋਂ ਵੀ ਕਿਤੇ ਮਹੱਤਵਪੂਰਨ ਦੁਨੀਆਂ ਦੇ ਦੋ ਧਰਮਾਂ ਨੂੰ ਜੋੜੇਗਾ। ਇਸ ਪ੍ਰਾਜੈਕਟ ਦੀ ਵਿਉਂਤ ਦੋਵੇਂ ਸਰਕਾਰਾਂ

ਵੱਲੋਂ ਗਠਿਤ ਇਕ ਸਪੈਸ਼ਲ ਪਰਪਜ਼ ਵਹੀਕਲ (ਐੱਸ.ਪੀ.ਵੀ.) ਰਾਹੀਂ ਜਨਤਕ ਨਿੱਜੀ ਭਾਈਵਾਲੀ ਵਿਧੀ ਅਧੀਨ ਕੀਤੀ ਗਈ ਹੈ। ਪੰਜਾਬ ਸਰਕਾਰ ਐੱਸ.ਪੀ.ਵੀ. ਨੂੰ ਲੋੜੀਂਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

**ਪੰਜਾਬੀ ਖਾਣੇ ਦੀ ਹੌਸਲਾ ਅਫ਼ਜ਼ਾਈ – ਹੁਸ਼ਿਆਰਪੁਰ, ਪਟਿਆਲਾ ਅਤੇ ਬਠਿੰਡਾ ਵਿਖੇ ਫੂਡ ਸਟਰੀਟ**

ਜਨਾਬ ਸਪੀਕਰ ਸਾਹਿਬ,

75. ਪੰਜਾਬੀ ਖਾਣਾ, ਜੋ ਸਾਡੀ ਵਿਰਾਸਤ ਅਤੇ ਸਭਿਆਚਾਰ ਦਾ ਅਹਿਮ ਹਿੱਸਾ ਹੈ, ਜਿਸ ਨੂੰ ਦੁਨੀਆ ਭਰ ਵਿਚ ਮਕਬੂਲੀਅਤ ਹਾਸਲ ਹੈ ਇਸ ਸਰਮਾਏ ਨੂੰ ਬਰਕਰਾਰ ਰੱਖਣ ਅਤੇ ਇਥੇ ਆ ਰਹੇ ਮਹਿਮਾਨਾਂ ਦੇ ਨਾਲ ਪੰਜਾਬ ਵਾਸੀਆਂ ਦੀ ਇਸ ਕਲਾ ਦੇ ਅਨੁਭਵ ਵਿਚ ਵਾਧਾ ਕਰਨ ਦੇ ਮੰਤਵ ਨਾਲ ਇਸ ਨੂੰ ਸੂਬੇ ਦੇ ਹੋਰ ਸ਼ਹਿਰਾਂ ਵਿਚ ਵੀ ਲਾਗੂ ਕੀਤਾ ਜਾਵੇਗਾ।

**ਨਾਗਰਿਕ ਭਲਾਈ**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀ**

ਜਨਾਬ ਸਪੀਕਰ ਸਾਹਿਬ,

76. ਪੰਜਾਬ ਰਾਜ ਦੇਸ਼ ਵਿਚ ਅਨੁਸੂਚਿਤ ਜਾਤੀ ਦੀ ਸਭ ਤੋਂ ਵੱਧ ਆਬਾਦੀ ਵਾਲਾ ਸੂਬਾ ਹੈ ਅਤੇ ਇਸ ਲਈ ਰਾਜ ਸਰਕਾਰ ਸਮਾਜ ਦੇ ਇਨ੍ਹਾਂ ਸਭ ਤੋਂ ਵੱਧ ਸੰਵੇਦਨਸ਼ੀਲ ਵਰਗਾਂ ਦੇ ਹਿੱਤਾਂ ਦੀ ਰੱਖਿਆ ਨੂੰ ਪਰਮ ਅਗੇਤ ਦਿੰਦੀ ਹੈ।ਮੇਰੀ ਸਰਕਾਰ ਇਨ੍ਹਾਂ ਵਰਗਾਂ ਲਈ ਸਾਲ 2019-20 ਦੌਰਾਨ ਸਿੱਖਿਆ, ਸਮਾਜਿਕ, ਆਰਥਿਕ ਅਤੇ ਹੋਰ ਵਿਕਾਸ ਪ੍ਰੋਗਰਾਮਾਂ ਸਮੇਤ ਵੱਖ-ਵੱਖ ਭਲਾਈ ਸਕੀਮਾਂ ਹਿੱਤ 1228.00 ਕਰੋੜ ਰੁਪਏ ਦੀ ਰਕਮ ਦੀ ਤਜਵੀਜ਼ ਰੱਖਦੀ ਹੈ।

**ਵਜ਼ੀਫਾ ਸਕੀਮਾਂ**

77. ਪੋਸਟ ਮੈਟ੍ਰਿਕ ਅਤੇ ਪ੍ਰੀ-ਮੈਟ੍ਰਿਕ ਵਜ਼ੀਫੇ ਵਾਸਤੇ ਐੱਸ. ਸੀ. ਅਤੇ ਓ.ਬੀ.ਸੀ. ਵਿਦਿਆਰਥੀਆਂ ਦੀਆਂ ਆਨ-ਲਾਈਨ ਤਜਵੀਜ਼ਾਂ ਦੇ ਆਧਾਰ ਤੇ ਅਦਾਇਗੀਆਂ ਸਿੱਧੇ ਰੂਪ ਨਾਲ ਵਿਦਿਆਰਥੀਆਂ/ਸੰਸਥਾਵਾਂ ਦੇ ਖਾਤਿਆਂ ਵਿਚ ਕੀਤੀਆਂ ਜਾ ਰਹੀਆਂ ਹਨ। ਮੈਂ ਸਦਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਾਰੇ 2026 ਨਿੱਜੀ ਅਤੇ 2081 ਸਰਕਾਰੀ ਸਿੱਖਿਆ ਸੰਸਥਾਵਾਂ ਦਾ ਪੋਸਟ ਮੈਟ੍ਰਿਕ ਵਜ਼ੀਫਾ ਆਡਿਟ ਮੁਕੰਮਲ ਕਰ ਲਿਆ ਹੈ। ਆਪਣੀ ਵਚਨਬੱਧਤਾ ਦੇ

[ਵਿੱਤ ਮੰਤਰੀ]

ਅਨੁਸਾਰ ਕਿ ਇਸ ਕਾਰਨ ਕਿਸੇ ਬੇਕਸੂਰ ਵਿਦਿਆਰਥੀ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ, ਐੱਸ. ਸੀ./ਬੀ.ਸੀ. ਦੇ ਸਿੱਖਿਅਕ ਵਿਕਾਸ ਲਈ ਵਿਭਿੰਨ ਵਜ਼ੀਫਾ ਸਕੀਮਾਂ ਦੇ ਅੰਤਰਗਤ ਇਸ ਸਾਲ 938.71 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਕੀਤੀ ਜਾ ਰਹੀ ਹੈ।

**ਆਸ਼ੀਰਵਾਦ**

78. ਸਾਲ 2019-20 ਦੌਰਾਨ ਐੱਸ. ਸੀ./ਬੀ.ਸੀ/ ਈਸਾਈ/ ਵਿਧਵਾਵਾਂ/ ਤਲਾਕਸ਼ੁਦਾ ਅਤੇ ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਨੂੰ ਉਨ੍ਹਾਂ ਦੇ ਵਿਆਹ ਮੌਕੇ ਗ੍ਰਾਂਟਾਂ ਦੇਣ ਲਈ 100 ਕਰੋੜ ਰੁਪਏ ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ।

**ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ**

79. ਇਸ ਯੋਜਨਾ ਦੇ ਅੰਤਰਗਤ, ਸਿੱਖਿਆ, ਸਿਹਤ, ਜਲ ਸਪਲਾਈ ਅਤੇ ਸਵੱਛਤਾ ਵਰਗੀ ਬੁਨਿਆਦੀ ਸੇਵਾਵਾਂ ਮੁਹੱਈਆਂ ਕਰਵਾਉਣ ਅਤੇ ਅਨੁਸੂਚਿਤ ਜਾਤੀ ਦੀ ਸੰਘਣੀ ਆਬਾਦੀ ਵਾਲੇ ਪਿੰਡਾਂ ਵਿਖੇ ਬੁਨਿਆਦੀ ਢਾਂਚੇ ਦੀ ਅਪ-ਗਰੇਡੇਸ਼ਨ ਲਈ 30.00 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ।

**ਪੀ.ਐੱਸ.ਸੀ.ਐੱਫ.ਸੀ.ਅਤੇ ਬੈਕਫਿੰਕੋ**

80. ਪੰਜਾਬ ਅਨੁਸੂਚਿਤ ਜਾਤੀ ਭੂਮੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਪਛੜੀ ਸ਼੍ਰੇਣੀਆਂ ਭੂਮੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੇ ਪਿਛਲੇ ਸਾਲ 14260 ਐੱਸ.ਸੀ.ਅਤੇ 1630 ਬੀ.ਸੀ. ਜਾਤੀਆਂ ਨਾਲ ਸਬੰਧਿਤ ਲਾਭ ਪਾਤਰੀਆਂ ਦੇ ਕਰਜ਼ੇ ਮੁਆਫ਼ ਕੀਤੇ ਹਨ।

**ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬਾਲ ਵਿਕਾਸ**

ਜਨਾਬ ਸਪੀਕਰ ਸਾਹਿਬ,

81. ਅਸੀਂ ਸਾਲ 2019-20 ਦੌਰਾਨ ਸਮਾਜਿਕ ਸੁਰੱਖਿਆ ਪੈਨਸ਼ਨਾਂ ਦੀ ਨਿਯਮਿਤ ਅਦਾਇਗੀ ਨੂੰ ਲੱਗਭਗ 20 ਲੱਖ ਲਾਭ ਪਾਤਰੀਆਂ ਦੇ ਬੈਂਕਾਂ ਵਿਚ ਸਿੱਧੇ ਟਰਾਂਸਫਰ ਕੀਤੇ ਜਾਣ ਨੂੰ ਯਕੀਨੀ ਬਣਾਇਆ ਹੈ। ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਤੇ ਬਾਲ ਵਿਕਾਸ ਵਿਭਾਗ ਦੇ ਬਜਟ ਨੂੰ ਸਾਲ 2018-19 ਲਈ 2545.62 ਕਰੋੜ ਰੁਪਏ ਤੋਂ ਵਧਾ ਕੇ 2835.82 ਕਰੋੜ ਰੁਪਏ ਕਰ ਦਿੱਤਾ ਗਿਆ ਹੈ, ਜਿਸ ਵਿੱਚ ਰਾਜ ਸਰਕਾਰ ਵਲੋਂ ਬਿਰਧ ਵਿਅਕਤੀਆਂ, ਵਿਧਵਾਵਾਂ, ਆਸ਼ਰਿਤ ਬੱਚਿਆਂ ਅਤੇ

ਅਪੰਗਤਾ ਵਾਲੇ ਵਿਅਕਤੀਆਂ ਲਈ 750 ਰੁਪਏ ਪ੍ਰਤੀ ਲਾਭਪਾਤਰੀ ਦੀ ਦਰ ਨਾਲ ਮਹੀਨਾਵਾਰ ਪੈਨਸ਼ਨ ਵੀ ਸ਼ਾਮਿਲ ਹੈ।

**ਸਮੂਹਿਕ ਬਾਲ ਵਿਕਾਸ ਸਕੀਮ**

82. ਮੇਰੀ ਸਰਕਾਰ ਨੇ ਸਾਲ 2019-20 ਦੌਰਾਨ 12 ਲੱਖ ਬੱਚਿਆਂ ਅਤੇ ਗਰਭਵਤੀ ਇਸਤਰੀਆਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਤਾਵਾਂ ਨੂੰ ਅਨੁਪੂਰਕ ਪੋਸ਼ਣ ਦੇਣ ਲਈ "ਸਮੂਹਿਕ ਬਾਲ ਵਿਕਾਸ ਸਕੀਮ" ਦੇ ਅੰਤਰਗਤ 736.99 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ। ਇਸ ਤੋਂ ਇਲਾਵਾ ਪੋਸ਼ਣ ਅਭਿਆਨ ਦੇ ਅੰਤਰਗਤ ਨਵਜਾਤ ਬੱਚਿਆਂ, 0-6 ਸਾਲ ਤੱਕ ਦੇ ਬੱਚਿਆਂ, ਕਿਸ਼ੋਰ ਲੜਕੀਆਂ, ਗਰਭਵਤੀ ਇਸਤਰੀਆਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਤਾਵਾਂ ਅਤੇ ਕੁਪੋਸ਼ਣ ਨੂੰ ਇਕ ਸਮੇਂ ਬੱਧ ਢੰਗ ਨਾਲ ਘਟਾਉਣ ਲਈ 106.61 ਕਰੋੜ ਰੁਪਏ ਰਾਖਵੇਂ ਕੀਤੇ ਹਨ। ਅਰੰਭ ਵਿਚ ਸੱਤ ਜਿਲ੍ਹਿਆਂ ਵਿਚ ਲਾਗੂ ਕੀਤੀ ਗਈ ਇਸ ਸਕੀਮ ਨੂੰ ਹੁਣ ਰਾਜ ਦੇ ਸਮੂਹ ਜ਼ਿਲ੍ਹਿਆਂ ਵਿਚ ਲਾਗੂ ਕੀਤਾ ਜਾ ਰਿਹਾ ਹੈ। ਸੇਵਾ ਸਪੁਰਦਗੀ ਵਿਚ ਸੁਧਾਰ ਅਤੇ ਵਾਸਤਵਿਕ ਸਮਾਂ ਨਿਗਰਾਨੀ ਲਈ ਖੇਤਰ ਵਿਚ ਕੰਮ ਕਰਨ ਵਾਲਿਆਂ ਨੂੰ ਕਾਮਨ ਐਪਲੀਕੇਸ਼ਨ ਸਾਫਟਵੇਅਰ (ਸੀ.ਏ.ਐੱਸ) ਅਤੇ ਹੋਰ ਆਈ.ਟੀ. ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

**ਬਿਰਧ ਆਸ਼ਰਮਾਂ ਦੀ ਸਥਾਪਨਾ**

83. ਸਰਕਾਰ ਨੇ ਸੂਬੇ ਵਿਚ ਬਿਰਧ ਆਸ਼ਰਮਾਂ ਦੀ ਸਥਾਪਨਾ ਲਈ ਇਕ ਨਵੀਂ ਪਹਿਲਕਦਮੀ ਕੀਤੀ ਹੈ। ਸਾਲ 2019-20 ਵਿਚ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਬਰਨਾਲਾ ਅਤੇ ਮਾਨਸਾ ਵਿਖੇ ਬਿਰਧ ਆਸ਼ਰਮਾਂ ਦੀਆਂ ਇਮਾਰਤਾਂ ਦੀ ਉਸਾਰੀ ਲਈ 31.14 ਕਰੋੜ ਰੁਪਏ ਦੀ ਰਾਸ਼ੀ ਦੀ ਤਜਵੀਜ਼ ਕੀਤੀ ਗਈ ਹੈ।

**ਗੂੰਗੇ ਅਤੇ ਬੋਲੇ ਬੱਚਿਆਂ ਵਾਸਤੇ ਸਕੂਲ**

84. ਪੰਜਾਬ ਵਿਚ 6.54 ਲੱਖ ਅਪੰਗਤਾ ਵਾਲੇ ਵਿਅਕਤੀ ਹਨ ਜਿਨ੍ਹਾਂ ਵਿਚੋਂ 171245 ਅਜਿਹੇ ਹਨ, ਜਿਨ੍ਹਾਂ ਨੂੰ ਸੁਣਨ ਅਤੇ ਬੋਲਣ ਦੀਆਂ ਸਮੱਸਿਆਵਾਂ ਹਨ ਅਤੇ 66995 ਮਾਨਸਿਕ ਰੂਪ ਨਾਲ ਅਪੰਗ ਹਨ। ਪੰਜਾਬ ਸਰਕਾਰ ਅਪੰਗਤਾ ਵਾਲੇ ਬੱਚਿਆਂ ਵਾਸਤੇ ਲੁਧਿਆਣਾ ਵਿਖੇ ਇਕ ਬਾਰ੍ਹਵੀਂ ਜਮਾਤ ਤੱਕ ਦਾ ਰਿਹਾਇਸ਼ੀ ਸਕੂਲ ਸਥਾਪਿਤ ਕਰਨਾ ਚਾਹੁੰਦੀ ਹੈ। ਰਾਜ ਸਰਕਾਰ ਵਲੋਂ ਇਸ ਸਾਲ ਦੌਰਾਨ ਇਮਾਰਤ ਅਤੇ ਬੁਨਿਆਦੀ ਢਾਂਚੇ ਵਾਸਤੇ ਲੋੜ ਅਨੁਸਾਰ 15.00 ਕਰੋੜ ਰੁਪਏ ਦੇ ਫ਼ੰਡ ਮੁਹੱਈਆ ਕਰਵਾਏ ਜਾਣਗੇ।

**ਸਿਖਲਾਈ ਕਾਲਜਾਂ ਲਈ ਵਿਸ਼ੇਸ਼ ਲੋੜ ਅਧਿਆਪਕ**

85. ਅਸੀਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਅਧਿਆਪਨ ਲਈ ਅਧਿਆਪਕਾਂ ਨੂੰ ਟਰੇਂਡ ਕਰਨ ਹਿੱਤ ਇਕ ਸਿਖਲਾਈ ਕਾਲਜ ਸਥਾਪਿਤ ਕਰਨਾ ਚਾਹੁੰਦੇ ਹਾਂ। ਇਸ ਨਾਲ ਸਾਰੇ ਪੱਧਰਾਂ ਤੇ ਸਮੁੱਚੀ ਸਿੱਖਿਆ ਨੂੰ ਇਕ ਹੁਲਾਰਾ ਮਿਲੇਗਾ ਅਤੇ ਅਪੰਗਤਾ ਵਾਲੇ ਵਿਅਕਤੀਆਂ ਵਾਸਤੇ ਨੌਕਰੀ ਸਿਰਜਣ ਅਤੇ ਸਵੈ-ਰੁਜ਼ਗਾਰ ਦੇ ਅਵਸਰ ਪੈਦਾ ਹੋਣਗੇ। ਅਸੀਂ ਇਸ ਪ੍ਰਾਜੈਕਟ ਵਾਸਤੇ ਲੋੜ ਅਨੁਸਾਰ ਸਾਲ ਦੌਰਾਨ 15 ਕਰੋੜ ਰੁਪਏ ਮੁਹੱਈਆ ਕਰਵਾਂਵਾਗੇ।

**ਰੱਖਿਆ ਸੇਵਾਵਾਂ**

86. ਰਾਜ ਸਰਕਾਰ ਹਮੇਸ਼ਾ ਤੋਂ ਹੀ ਸਾਬਕਾ ਫੌਜੀਆਂ, ਜੰਗੀ ਵਿਧਵਾਵਾਂ, ਵਿਸ਼ਵ ਯੁੱਧ ਦੇ ਸਾਬਕਾ ਫੌਜੀਆਂ, ਅਪੰਗ ਸਿਪਾਹੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਨੂੰ ਪਰਮ ਅਗੇਤ ਦਿੰਦੀ ਆਈ ਹੈ। ਅਸੀਂ ਸਾਡੇ ਸਿਪਾਹੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਪੁਨਰਵਾਸ ਅਤੇ ਭਲਾਈ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹਾਂ। ਵੱਖ-ਵੱਖ ਭਲਾਈ ਸਕੀਮਾਂ ਅਤੇ ਹੋਰ ਨਾਗਰਿਕ ਕੇਂਦਰਿਤ ਸੇਵਾਵਾਂ ਦੀ ਪ੍ਰਭਾਵਸ਼ਾਲੀ ਕਾਰਜਸ਼ੀਲਤਾ ਨੂੰ ਯਕੀਨੀ ਬਣਾਉਣ ਲਈ ਇਸ ਸਾਲ 98.31 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

87. ਮੈਂ ਅੰਮ੍ਰਿਤਸਰ ਵਿਖੇ ਵਾਰ ਮੈਮੋਰੀਅਲ ਨੂੰ ਮੁਕੰਮਲ ਕਰਨ ਹਿੱਤ 8 ਕਰੋੜ ਰੁਪਏ ਅਤੇ ਸੈਨਿਕ ਸਕੂਲ ਕਪੂਰਥਲਾ ਲਈ 5 ਕਰੋੜ ਰੁਪਏ ਦੀ ਗ੍ਰਾਂਟ-ਇਨ-ਏਡ ਰਾਖਵੇਂ ਕੀਤੇ ਜਾਣ ਦੀ ਤਜਵੀਜ਼ ਰੱਖਦਾ ਹਾਂ। ਸੈਨਿਕ ਸਕੂਲ ਕਪੂਰਥਲਾ ਦੇ ਬੈਂਡ ਵਾਸਤੇ ਵਿਸ਼ੇਸ਼ ਤੌਰ ਤੇ 15.00 ਲੱਖ ਰੁਪਏ ਦਿੱਤੇ ਜਾਣ ਦੀ ਤਜਵੀਜ਼ ਹੈ।

**ਕੈਡਿਟਾਂ ਨੂੰ ਪ੍ਰੋਤਸਾਹਨ**

88. ਸੂਬੇ ਦੇ ਨੌਜਵਾਨਾਂ ਨੂੰ ਫੌਜੀ ਅਫਸਰ ਬਣਨ ਲਈ ਪ੍ਰੇਰਿਤ ਕਰਨ ਦੇ ਮੰਤਵ ਨਾਲ ਆਈ.ਐੱਮ.ਏ./ਐੱਨ.ਡੀ.ਏ. ਵਿਖੇ ਸਿਖਲਾਈ ਪ੍ਰਾਪਤ ਕਰ ਰਹੇ ਹਰੇਕ ਕੈਡੇਟ ਨੂੰ 1.00 ਲੱਖ ਰੁਪਏ ਦਾ ਵਿੱਤੀ ਪ੍ਰੋਤਸਾਹਨ ਦਿੱਤਾ ਜਾਂਦਾ ਹੈ। ਮੈਂ, ਸਾਲ 2019-20 ਦੌਰਾਨ ਆਈ.ਐੱਮ.ਏ/ ਐੱਨ.ਡੀ.ਏ. ਕੈਡੇਟਾਂ ਨੂੰ ਪ੍ਰੋਤਸਾਹਨ ਦੇਣ ਹਿੱਤ 4.30 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

**ਕਿਰਤ ਭਲਾਈ**

89. ਮੈਨੂੰ ਇਹ ਘੋਸ਼ਣਾ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਈ-ਲੇਬਰ ਪੰਜਾਬ ਪੋਰਟਲ ਨੂੰ ਨਵੀਂ ਈ-ਰਾਜ-ਪ੍ਰਬੰਧ ਪਹਿਲਕਦਮੀ ਵਜੋਂ ਮਾਨਤਾ ਪ੍ਰਾਪਤ

ਹੋਈ ਹੈ। ਇਹ ਪੋਰਟਲ ਜਿਹੜਾ ਸਰਕਾਰ ਅਤੇ ਉਦਯੋਗਾਂ ਅਤੇ ਨਾਗਰਿਕਾਂ ਵਿਚਕਾਰ ਆਨਲਾਈਨ ਕਾਗਜ਼ ਰਹਿਤ ਆਪਸੀ ਤਾਲਮੇਲ ਦੀ ਸੁਵਿਧਾ ਦਿੰਦਾ ਹੈ, ਨੂੰ ਇਸ ਦੀ ਭਰੋਸੇਯੋਗਤਾ ਕਾਰਨ ਸਮੁੱਚੇ ਦੇਸ਼ ਵਿਚ ਸਭ ਤੋਂ ਵਧੀਆ ਮੰਨਿਆ ਗਿਆ ਹੈ।

### ਐੱਨ.ਆਰ.ਆਈ. ਮਾਮਲੇ

90. ਪੰਜਾਬ ਮੂਲ ਦੇ ਵਧੇਰੇ ਗ਼ੈਰ-ਪ੍ਰਵਾਸੀ ਭਾਰਤੀਆਂ ਨੇ ਵਿਦੇਸ਼ਾਂ ਵਿਚ ਸਫ਼ਲਤਾਪੂਰਵਕ ਆਪਣਾ ਜੀਵਨ ਸਥਾਪਿਤ ਕੀਤਾ ਹੈ ਅਤੇ ਉਨ੍ਹਾਂ ਵੱਲੋਂ ਪ੍ਰਵਾਸ ਲਈ ਅਪਣਾਏ ਗਏ ਦੇਸ਼ਾਂ ਦੇ ਵਿਕਾਸ ਵਿਚ ਬਹੁਤ ਯੋਗਦਾਨ ਦਿੱਤਾ ਗਿਆ ਹੈ। ਉਨ੍ਹਾਂ ਵਿਚੋਂ ਬਹੁਤ ਸਾਰੇ ਪੰਜਾਬ ਵਿਚਲੀਆਂ ਆਪਣੀਆਂ ਜੜ੍ਹਾਂ ਨਾਲ ਜੁੜਨ ਦੀ ਇੱਛਾ ਰੱਖਦੇ ਹਨ। ਸਾਡੀ ਸਰਕਾਰ, ਗ਼ੈਰ-ਪ੍ਰਵਾਸੀ ਭਾਰਤੀਆਂ ਵੱਲੋਂ ਉਨ੍ਹਾਂ ਦੇ ਮੂਲ ਪਿੰਡਾਂ ਵਿਚ ਕੀਤੇ ਜਾਣ ਵਾਲੇ ਕਿਸੇ ਵੀ ਬੁਨਿਆਦੀ ਢਾਂਚਾ ਸਬੰਧਿਤ ਕਾਰਜਾਂ ਲਈ 50 ਫ਼ੀਸਦ ਦਾ ਯੋਗਦਾਨ ਦੇਣ ਲਈ ਵਚਨਬੱਧ ਹੈ।

### ਖੁਰਾਕ ਅਤੇ ਸਿਵਲ ਸਪਲਾਈ

91. ਸਰਕਾਰ ਨੇ ਆਰਥਿਕ ਪੱਖੋਂ ਕਮਜ਼ੋਰ ਤਬਕਿਆਂ ਨੂੰ ਉਚਿਤ ਪੋਸ਼ਣ ਦੇਣ ਨੂੰ ਯਕੀਨੀ ਬਣਾਉਣ ਲਈ 'ਸਮਾਰਟ ਰਾਸ਼ਨ ਕਾਰਡ ਸਕੀਮ' ਲਾਗੂ ਕੀਤੀ ਹੈ। ਹੁਣ ਤੱਕ ਸਕੀਮ ਤਹਿਤ 36,34,000 ਪਰਿਵਾਰਾਂ ਨੂੰ ਕਵਰ ਕੀਤਾ ਗਿਆ ਹੈ। ਪਾਰਦਰਸ਼ਤਾ ਵਧਾਉਣ ਲਈ ਅਸੀਂ ਸਾਲ 2019-20 ਦੌਰਾਨ ਆਧਾਰ ਕਾਰਡ ਨਾਲ ਈ-ਪੋਸ ਮਸ਼ੀਨਾਂ ਰਾਹੀਂ ਰਾਸ਼ਨ ਨੂੰ ਵੰਡਣ ਦੀ ਇੱਛਾ ਰੱਖਦੇ ਹਾਂ।

92. ਸਪਲਾਈ ਚੇਨ ਪ੍ਰਬੰਧਨ ਦੇ ਕੰਪਿਊਟਰੀਕਰਣ ਲਈ ਪਾਇਲਟ ਪ੍ਰਾਜੈਕਟ ਨੂੰ ਸਾਲ ਵਿਚ ਐੱਸ.ਏ. ਐੱਸ ਨਗਰ ਵਿਚ ਸਫਲਤਾਪੂਰਵਕ ਲਾਗੂ ਕੀਤਾ ਗਿਆ ਹੈ ਅਤੇ ਸਾਲ 2019-20 ਦੌਰਾਨ ਇਸ ਦਾ ਵਿਸਤਾਰ ਸਮੁੱਚੇ ਰਾਜ ਵਿਚ ਕਰ ਦਿੱਤਾ ਜਾਵੇਗਾ। ਇਸ ਮੰਤਵ ਲਈ ਇਸ ਸਾਲ 5.75 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

93. ਜਨਾਬ ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦੀ ਜ਼ੇਰੇ ਕਯਾਦਤ ਵਾਲੀ ਸਰਕਾਰ ਨੇ ਹਮੇਸ਼ਾ ਹੀ ਮੰਡੀ ਵਿਚ ਜਿਨਸ ਵੇਚਣ ਵੇਲੇ ਕਿਸਾਨਾਂ ਦੀ ਬਾਂਹ ਫੜੀ ਹੈ। ਇਸ ਸਰਕਾਰ ਨੇ ਸਾਡੇ ਕਿਸਾਨਾਂ ਵੱਲੋਂ ਹਾੜ੍ਹੀ ਅਤੇ ਸਾਉਣੀ ਸਾਲ 2018-19 ਦੌਰਾਨ ਉਤਪਾਦਤ ਕੀਤੇ ਅਨਾਜ ਦੀ ਰੁਕਾਵਟ-ਮੁਕਤ ਖਰੀਦ ਨੂੰ ਯਕੀਨੀ ਬਣਾਉਣਾ ਜਾਰੀ ਰੱਖਿਆ ਹੈ ਅਤੇ ਅਗਾਮੀ ਸਾਲ ਵਿਚ ਵੀ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਲ ਨਹੀਂ ਆਉਣ ਦੇਵਾਂਗੇ।

**ਪੇਂਡੂ ਵਿਕਾਸ ਅਤੇ ਪੰਚਾਇਤਾਂ**

94. ਰਾਜ ਸਰਕਾਰ ਪਿੰਡਾਂ ਦੇ ਵਿਕਾਸ, ਰੁਜ਼ਗਾਰ ਅਤੇ ਜੀਵਨ ਮਿਆਰ ਵਿਚ ਸੁਧਾਰ ਅਤੇ ਆਰਥਿਕ ਭਲਾਈ ਲਈ ਵਚਨਬੱਧ ਹੈ। ਇਸ ਲਈ ਸਾਲ 2019-20 ਵਿਚ ਪੇਂਡੂ ਵਿਕਾਸ ਅਤੇ ਪੰਚਾਇਤਾਂ ਲਈ 4109.17 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਜੋ ਪਿਛਲੇ ਸਾਲ ਤੋਂ 1089.54 ਕਰੋੜ ਰੁਪਏ (36.08 ਫ਼ੀਸਦ) ਵਧ ਹੈ।

**ਸਮਾਰਟ ਪਿੰਡ ਮੁਹਿੰਮ**

95. ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਲਈ ਬੁਨਿਆਦੀ ਢਾਂਚੇ ਦਾ ਪੱਧਰ ਸ਼ਹਿਰਾਂ ਵਿਚ ਰਹਿਣ ਵਾਲਿਆਂ ਨਾਲੋਂ ਪੱਛੜਿਆ ਹੈ ਅਤੇ ਹਰ ਵਧਦੇ ਵਰ੍ਹੇ ਨਾਲ ਇਹ ਦਿਹਾਤੀ-ਸ਼ਹਿਰੀ ਵਕਫ਼ਾ ਵਧਦਾ ਜਾ ਰਿਹਾ ਹੈ। ਅਸੀਂ ਪੇਂਡੂ ਖੇਤਰਾਂ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਕੇ ਅਤੇ ਬਿਹਤਰ ਸੁਵਿਧਾਵਾਂ ਮੁਹੱਈਆ ਕਰਕੇ ਇਸ ਵਕਫ਼ੇ ਨੂੰ ਘਟਾਉਣ ਦੀ ਇੱਛਾ ਰੱਖਦੇ ਹਾਂ। ਇਸ ਮੰਤਵ ਲਈ ਇਸ ਸਾਲ ਦੌਰਾਨ ਕਨਵਰਜੈਂਸ ਕਰਕੇ 2600 ਕਰੋੜ ਰੁਪਏ ਦੀ ਰਕਮ ਨਾਲ ਨਵੀਂ ਸਕੀਮ 'ਸਮਾਰਟ ਪਿੰਡ ਮੁਹਿੰਮ' (ਸਮਾਰਟ ਵਿਲੇਜ਼ ਕੈਂਪੇਨ) ਲਾਗੂ ਕੀਤੀ ਜਾਵੇਗੀ।

96. ਅਜਿਹੀਆਂ ਪੰਚਾਇਤਾਂ ਜਿਹੜੀਆਂ ਸਮਾਰਟ ਵਿਲੇਜ਼ ਕੈਂਪੇਨ ਵਿਚ ਅੱਛਾ ਕੰਮ ਕਰਨਗੀਆਂ ਉਨ੍ਹਾਂ ਨੂੰ ਪੁਰਸਕਾਰ ਵੀ ਦਿੱਤਾ ਜਾਵੇਗਾ। ਇਸ ਮੰਤਵ ਲਈ ਸਾਲ 2019-20 ਵਿਚ 5 ਕਰੋੜ ਰੁਪਏ ਦਾ ਰਾਖਵਾਂਕਰਨ ਕੀਤਾ ਗਿਆ ਹੈ।

**ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੁਜ਼ਗਾਰ ਗਰੰਟੀ ਸਕੀਮ (ਐੱਮ.ਜੀ.ਐੱਨ.ਆਰ.ਈ. ਜੀ.ਐੱਸ.)**

97. ਐੱਮ.ਜੀ.ਐੱਨ.ਆਰ.ਈ.ਜੀ. ਐੱਸ ਅਧੀਨ ਚਾਲੂ ਸਾਲ ਵਿਚ 5,70,779 ਪਰਿਵਾਰਾਂ ਨੂੰ ਰੁਜ਼ਗਾਰ ਮੁਹੱਈਆ ਕੀਤਾ ਗਿਆ ਹੈ। ਮੈਂ ਇਸ ਸਕੀਮ ਲਈ 500 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ ਜੋ ਕਿ ਪੂਰਬਲੇ ਸਾਲ ਦੇ 260.00 ਕਰੋੜ ਰੁਪਏ ਦੇ ਮੁਕਾਬਲੇ 92.31 ਫ਼ੀਸਦ ਵੱਧ ਹੈ।

98. ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਤਹਿਤ ਚਾਲੂ ਵਿੱਤੀ ਸਾਲ ਦੌਰਾਨ 14,000 ਘਰਾਂ ਦੇ ਟੀਚੇ ਦੇ ਮੁਕਾਬਲੇ 8000 ਘਰਾਂ ਦੀ ਉਸਾਰੀ ਕੀਤੀ ਗਈ ਹੈ ਅਤੇ ਬਾਕੀ ਮੁਕੰਮਲ ਹੋਣ ਦੇ ਨੇੜੇ ਹਨ।

**ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ (ਐੱਮ.ਜੀ.ਐੱਸ.ਵੀ.ਵਾਈ.)**

99. ਸਰਕਾਰ ਨੇ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ ਨੂੰ ਇਕ ਅੰਬ੍ਰੇਲਾ

ਸਕੀਮ ਦੇ ਤੌਰ 'ਤੇ ਆਰੰਭ ਕੀਤਾ ਹੈ, ਜਿਸ ਦਾ ਮੰਤਵ ਸਮਾਜ ਦੇ ਪਿੱਛੜੇ ਅਤੇ ਲਾਭ ਵਿਹੂਣੇ ਵਰਗਾਂ ਦੀ ਭਲਾਈ ਕਰਨਾ ਹੈ ਅਤੇ ਉਨ੍ਹਾਂ ਨੂੰ ਗ਼ਰੀਬੀ ਦੀ ਦਲਦਲ ਵਿਚੋਂ ਬਾਹਰ ਕੱਢਣਾ ਹੈ। ਇਸ ਯੋਜਨਾ ਦਾ ਟੀਚਾ ਸਮਾਜ ਦੇ ਲਾਭ-ਵਿਹੂਣੇ ਵਰਗਾਂ ਦੇ ਸਮਾਜਿਕ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਸਬੰਧਿਤ ਸਕੀਮਾਂ ਅਧੀਨ ਰਾਖਵੇਂਕਰਨ ਕਰਨ ਤੋਂ ਇਲਾਵਾ ਉਕਤ ਸਕੀਮ ਲਈ ਢੁਕਵਾਂ ਰਾਖਵਾਂਕਰਨ ਕੀਤਾ ਗਿਆ ਹੈ।

**ਕੂੜਾ ਪ੍ਰਬੰਧ (ਐੱਸ.ਡਬਲਿਊ.ਐੱਮ.)**

100. ਸਾਡੇ ਪਿੰਡਾਂ ਵਿਚ ਕੂੜੇ ਦਾ ਉਚਿਤ ਨਿਪਟਾਰਾ ਇਕ ਪ੍ਰਮੁੱਖ ਮੁੱਦਾ ਹੈ, ਜਿਸ ਸਬੰਧੀ ਸਰਕਾਰ ਵੱਲੋਂ ਧਿਆਨ ਦਿੱਤੇ ਜਾਣ ਦੀ ਲੋੜ ਹੈ। ਇਸ ਪ੍ਰਾਜੈਕਟ ਨੂੰ 'ਪਾਇਲਟ' ਆਧਾਰ 'ਤੇ ਉਨ੍ਹਾਂ ਪਿੰਡਾਂ ਵਿਚ ਲਾਗੂ ਕਰਨ ਦੀ ਤਜਵੀਜ਼ ਹੈ, ਜਿਥੇ ਮਾਲੀਏ ਦੇ ਆਪਣੇ ਸਰੋਤ (ਓ.ਐੱਸ.ਆਰ) ਦੇ ਰੂਪ ਵਿਚ ਫ਼ੰਡ ਉਪਲਬਧ ਹਨ। ਸਾਲ 2019-20 ਦੌਰਾਨ ਇਹ ਪ੍ਰਾਜੈਕਟ 3.00 ਕਰੋੜ ਰੁਪਏ ਦੇ ਆਰੰਭਿਕ ਖ਼ਰਚ ਨਾਲ ਸ਼ੁਰੂ ਕੀਤਾ ਜਾਵੇਗਾ।

**ਤਰਲ ਕੂੜਾ ਪ੍ਰਬੰਧ**

101. ਜ਼ਿਲ੍ਹਾ ਸੰਗਰੂਰ ਦੇ ਭਵਾਨੀਗੜ੍ਹ ਬਲਾਕ ਦੇ 79 ਪੇਂਡੂ ਛੱਪੜਾਂ ਨੂੰ ਕਵਰ ਕਰਦੇ ਹੋਏ ਇਕ ਪਾਇਲਟ ਪ੍ਰਾਜੈਕਟ ਸਫਲਤਾਪੂਰਵਕ ਸ਼ੁਰੂ ਕੀਤਾ ਗਿਆ ਸੀ। ਛੱਪੜ ਦੇ ਪਾਣੀ ਭਰਨ ਵਾਲੇ ਹਿੱਸੇ 'ਤੇ ਸੀਚੇਵਾਲ ਮਾਡਲ 'ਤੇ ਆਧਾਰਿਤ ਇਕ ਮੁੱਢਲਾ ਸ਼ੁੱਧੀਕਰਨ ਯੂਨਿਟ ਮੁਹੱਈਆ ਕਰਾਇਆ ਜਾ ਰਿਹਾ ਹੈ ਜੋ ਕਿ ਮਹੱਤਵਪੂਰਣ ਪੱਧਰ ਤੱਕ ਬੀ.ਓ.ਡੀ. ਨੂੰ ਘੱਟ ਕਰਨ ਵਿਚ ਸਹਾਇਤਾ ਕਰੇਗਾ। ਇਸ ਤੋਂ ਇਲਾਵਾ ਛੱਪੜਾਂ ਨੂੰ 2-3 ਭਾਗਾਂ ਵਿੱਚ ਵੰਡਿਆ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਨੂੰ ਸਿੰਜਾਈ ਲਈ ਯੋਗ ਬਣਾਇਆ ਜਾ ਸਕੇ। ਇਸੇ ਤਰ੍ਹਾਂ ਅਸੀਂ ਪਿੰਡਾਂ ਵਿਚ ਸਥਿਤ ਛੱਪੜਾਂ ਵਿਚਲੇ ਗੰਧਲੇ ਪਾਣੀ ਦੇ ਸ਼ੁੱਧੀਕਰਨ ਲਈ ਇਕ ਤਜਵੀਜ਼ ਰੱਖੀ ਹੈ। ਇਸ ਪ੍ਰਾਜੈਕਟ ਨੂੰ ਉਨ੍ਹਾਂ ਪਿੰਡਾਂ ਵਿਚ ਅਰੰਭ ਕੀਤਾ ਜਾਵੇਗਾ, ਜਿਥੇ ਮਾਲੀਏ ਦੇ ਆਪਣੇ ਸਰੋਤਾਂ ਦੇ ਰੂਪ ਵਿਚ ਫ਼ੰਡ ਉਪਲਬਧ ਹਨ। ਸਾਲ 2019-20 ਦੌਰਾਨ ਇਸ ਪ੍ਰਾਜੈਕਟ ਤੇ 50 ਕਰੋੜ ਰੁਪਏ ਦੇ ਖ਼ਰਚ ਕਰਨ ਦੀ ਤਜਵੀਜ਼ ਰੱਖੀ ਹੈ।

**ਪੰਜਾਬ ਪੇਂਡੂ ਅਵਾਸ ਯੋਜਨਾ (ਪੀ.ਪੀ.ਏ. ਵਾਈ.)**

102. ਆਸਰਾ ਮਨੁੱਖ ਦੀ ਬੁਨਿਆਦੀ ਜ਼ਰੂਰਤ ਹੈ। ਬਦਕਿਸਮਤੀ ਨਾਲ ਸਾਡੀ ਆਜ਼ਾਦੀ ਦੇ 70 ਸਾਲ ਬਾਅਦ ਵੀ ਸਾਡੇ ਕਈ ਭਰਾ ਇਸ ਬੁਨਿਆਦੀ ਜ਼ਰੂਰਤ ਤੋਂ ਵੰਚਿਤ ਹਨ। ਅਸੀਂ ਫੈਸਲਾ ਕੀਤਾ ਹੈ ਕਿ ਇਕ ਨਵੀਂ ਸਕੀਮ ਪੰਜਾਬ ਪੇਂਡੂ

[ਵਿੱਤ ਮੰਤਰੀ]
ਅਵਾਸ ਯੋਜਨਾ (ਪੀ.ਪੀ.ਏ.ਵਾਈ) ਤਹਿਤ ਪਹਿਲੇ ਪੜਾਅ ਵਿਚ ਪੇਂਡੂ ਖੇਤਰਾਂ ਵਿਚ ਰਹਿੰਦੇ ਸਾਰੇ ਗਰੀਬਾਂ ਅਤੇ ਬੇਘਰੇ ਪਰਿਵਾਰਾਂ ਜਿਨ੍ਹਾਂ ਦੀ ਸਾਲਾਨਾ ਆਮਦਨ 3 ਲੱਖ ਰੁਪਏ ਤੋਂ ਘੱਟ ਹੈ ਅਤੇ ਬੇਘਰੇ ਆਜ਼ਾਦੀ ਘੁਲਾਟੀਆਂ ਨੂੰ ਮਕਾਨ ਮੁਹੱਈਆ ਕਰਵਾਇਆ ਜਾਵੇਗਾ। ਮੈਂ ਇਸ ਸਕੀਮ ਲਈ ਇਸ ਸਾਲ 20 ਕਰੋੜ ਰੁਪਏ ਦੇ ਮੁਢਲੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ ਅਤੇ ਭਰੋਸਾ ਦਿਵਾਉਂਦਾ ਹਾਂ ਕਿ ਜਿਵੇਂ ਜਿਵੇਂ ਸਕੀਮ ਪ੍ਰਗਤੀ ਕਰੇਗੀ, ਢੁਕਵੀਂ ਮਦਦ ਕੀਤੀ ਜਾਵੇਗੀ।

**ਸਮਾਜਿਕ ਸੇਵਾਵਾਂ**

**ਸਕੂਲੀ ਸਿੱਖਿਆ**

103. ਸਮਾਜ ਦਾ ਵਾਸਤਵਿਕ ਵਿਕਾਸ ਇਸ ਦੇ ਵਸਨੀਕਾਂ ਦੀ ਅੰਦਰੂਨੀ ਸਮਰੱਥਾ ਨੂੰ ਸਮਝਣ ਵਿਚ ਹੈ ਅਤੇ ਇਸ ਨੂੰ ਕੇਵਲ ਸਿੱਖਿਆ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਸਾਡੀ ਸਰਕਾਰ ਵਿਦਿਆਰਥੀਆਂ ਦੇ ਵਧੀਆ ਅਤੇ ਸਫਲ ਭਵਿੱਖ ਲਈ ਚੰਗਾ ਸਿੱਖਿਅਕ ਵਾਤਾਵਰਨ ਅਤੇ ਬਿਹਤਰ ਅਧਿਆਪਨ ਤਕਨੀਕਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਰਕਾਰੀ ਖੇਤਰ ਵਿਚ ਇਸ ਵੇਲੇ 12,921 ਪ੍ਰਾਇਮਰੀ ਸਕੂਲ, 2672 ਮਿਡਲ ਸਕੂਲ, 1744 ਹਾਈ ਸਕੂਲ ਅਤੇ 189 ਸੀਨੀਅਰ ਸੈਕੰਡਰੀ ਸਕੂਲ ਹਨ ਅਤੇ 2387 ਅੰਗਰੇਜ਼ੀ ਮਾਧਿਆਮ ਸਕੂਲ ਹਨ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਸਾਡੇ ਨੌਜਵਾਨਾਂ ਨੂੰ ਨੌਕਰੀਆਂ ਲਈ ਤਿਆਰ ਕਰਨ ਲਈ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਉਨ੍ਹਾਂ ਦੀ ਭਾਸ਼ਾ ਕੁਸ਼ਲਤਾ ਕਾਰਨ ਇਸ ਵਿਚ ਕੋਈ ਰੁਕਾਵਟ ਨਾ ਆਵੇ। ਅਸੀਂ, ਇਸ ਲਈ, ਸੂਬੇ ਵਿਚ ਆਗਾਮੀ ਸੈਸ਼ਨ ਵਿਚ 2010 ਹੋਰ ਅੰਗਰੇਜ਼ੀ ਮਾਧਿਅਮ ਸਕੂਲ ਵਧਾਉਣ ਦੀ ਤਜਵੀਜ਼ ਰੱਖਦੇ ਹਾਂ।

**ਸਕੂਲਾਂ ਵਿਚ ਲੜਕੀਆਂ ਲਈ ਸੁਰੱਖਿਆ ਅਤੇ ਸਵੱਛਤਾ**

104. ਲੜਕੀਆਂ ਨੂੰ ਸਵੈ ਸੁਰੱਖਿਆ ਸਿਖਲਾਈ ਦਿੱਤੀ ਜਾ ਰਹੀ ਹੈ ਅਤੇ ਰਿਹਾਇਸ਼ੀ ਵਰਕਸ਼ਾਪਾਂ ਵਿਚ 1155 ਸਰੀਰਕ ਸਿੱਖਿਆ ਅਧਿਆਪਕਾਂ ਨੂੰ ਪਹਿਲਾਂ ਹੀ ਸਿਖਲਾਈ ਦਿੱਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਸਰਕਾਰ ਦੁਆਰਾ ਸਕੂਲਾਂ ਦੀਆਂ ਸਾਰੀਆਂ ਲੜਕੀਆਂ ਨੂੰ ਸੈਨੀਟਰੀ ਨੈਪਕਿਨ ਮੁਹੱਈਆ ਕਰਵਾਏ ਜਾ ਰਹੇ ਹਨ।

**ਸਿਖਲਾਈ ਵਾਧਾ ਪ੍ਰੋਗਰਾਮ**

105. ‘ਪੜ੍ਹੋ ਪੰਜਾਬ ਪੜ੍ਹਾਓ ਪੰਜਾਬ’ ਪ੍ਰੋਗਰਾਮ ਪੰਜਾਬ ਦੇ ਸਾਰੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿਚ ਲਾਗੂ ਕੀਤਾ ਜਾ ਰਿਹਾ ਹੈ। ਅਧਿਆਪਕਾਂ ਨੂੰ

ਗਤੀਵਿਧੀ-ਆਧਾਰਿਤ ਅਧਿਆਪਨ ਸਿਖਲਾਈ ਤਕਨੀਕਾਂ ਦੀ ਵਰਤੋਂ ਕਰਨ ਲਈ ਸਿਖਲਾਈ ਦਿੱਤੀ ਗਈ ਹੈ। ਆਰੰਭਿਕ ਨਤੀਜਿਆਂ ਵਿਚ ਟੀਚਾ ਅਧੀਨ ਵਿਦਿਆਰਥੀਆਂ ਦੇ ਸਿਖਲਾਈ ਪੱਧਰਾਂ ਵਿਚ ਚੋਖੇ ਸੁਧਾਰ ਨੇ ਇਸ ਪ੍ਰੋਗਰਾਮ ਦੇ ਖੇਤਰ ਦਾ ਵਿਸਤਾਰ ਸੀਨੀਅਰ ਸੈਕੰਡਰੀ ਕਲਾਸਾਂ ਵਿਚ ਵੀ ਕਰਨ ਲਈ ਪ੍ਰੋਤਸਾਹਤ ਕੀਤਾ ਹੈ। ਪ੍ਰੋਗਰਾਮ ਵਿਚ ਕੀਤੇ ਜਾਂਦੇ ਕਾਰਜਾਂ ਵਿਚ ਸਹਾਇਤਾ ਕਰਨ ਲਈ ਸਾਲ 2019-20 ਦੌਰਾਨ ਉਚਿਤ ਉਪਬੰਧ ਕੀਤਾ ਗਿਆ ਹੈ।

**ਸਮਾਰਟ ਸਕੂਲ ਅਤੇ ਡਿਜ਼ੀਟਲ ਸਿੱਖਿਆ**

106. ਆਧੁਨਿਕ ਅਧਿਆਪਨ ਸਹਾਇਤਾ ਮੁਹੱਈਆ ਕਰਕੇ ਪੇਂਡੂ ਖੇਤਰਾਂ ਉੱਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰਦੇ ਹੋਏ ਸੂਬੇ ਵਿਚ 261 ਸਮਾਰਟ ਸਕੂਲ ਸਥਾਪਤ ਕੀਤੇ ਗਏ ਹਨ। ਹੋਰ ਸਮਾਰਟ ਸਕੂਲਾਂ ਨੂੰ ਸਥਾਪਿਤ ਕਰਨ ਲਈ ਬਜਟ 2019-20 ਵਿਚ 25.00 ਕਰੋੜ ਰੁਪਏ ਦੀ ਰਕਮ ਦੀ ਤਜਵੀਜ਼ ਰੱਖੀ ਜਾਂਦੀ ਹੈ।

107. ਸੂਬੇ ਦੇ ਵੱਖ-ਵੱਖ ਸਕੂਲਾਂ ਵਿਚ 21000 ਸਮਾਰਟ ਕਲਾਸ ਰੂਮ ਸਥਾਪਿਤ ਕੀਤੇ ਜਾ ਰਹੇ ਹਨ ਜਿਥੇ ਆਧੁਨਿਕ ਆਈ.ਸੀ. ਟੀ. ਉਪਕਰਣਾਂ ਜਿਵੇਂ ਕਿ ਪ੍ਰਾਜੈਕਟਰਾਂ ਆਦਿ ਦੀ ਸਹਾਇਤਾ ਨਾਲ ਸਿੱਖਿਆ ਮੁਹੱਈਆ ਕੀਤੀ ਜਾਵੇਗੀ। ਪਹਿਲੀ ਤੋਂ ਦਸਵੀਂ ਸ਼੍ਰੇਣੀ ਦੇ ਸਾਰੇ ਵਿਸ਼ਿਆਂ ਲਈ ਈ-ਕਨਟੈਂਟ ਤਿਆਰ ਕਰ ਲਿਆ ਗਿਆ ਹੈ ਅਤੇ ਪ੍ਰਾਇਮਰੀ ਕਲਾਸਾਂ ਲਈ ਈ-ਕਨਟੈਂਟ ਦੀ ਤਿਆਰੀ ਪ੍ਰਗਤੀ ਅਧੀਨ ਹੈ।

108. ਵਿਦਿਆਰਥੀਆਂ ਵਿਚਕਾਰ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਅੱਠਵੀਂ ਜਮਾਤ ਲਈ ਸਿਹਤ ਅਤੇ ਸਰੀਰਕ ਸਿੱਖਿਆ ਅਤੇ ਦਸਵੀਂ ਜਮਾਤ ਲਈ ਵਾਤਾਵਰਨ ਸਿੱਖਿਆ ਦੀਆਂ ਪਾਠ-ਪੁਸਤਕਾਂ ਵਿਚ ਸਬੰਧਿਤ ਵਿਸ਼ਾ ਸਮੱਗਰੀ ਵੀ ਸ਼ਾਮਿਲ ਕੀਤੀ ਗਈ ਹੈ।

**ਸਮੱਗਰ ਸ਼ਿਕਸ਼ਾ ਅਭਿਆਨ**

109. ਅਸੀਂ ਸਾਲ 2019-20 ਵਿਚ, ਕ੍ਰਮਵਾਰ 750 ਕਰੋੜ ਰੁਪਏ ਅਤੇ 323 ਕਰੋੜ ਰੁਪਏ ਦੀ ਲਾਗਤ ਵਾਲੀਆਂ ਦੋ ਨਵੀਆਂ ਸਕੀਮਾਂ ਅਰਥਾਤ ਸਮੱਗਰ ਸ਼ਿਕਸ਼ਾ ਅਭਿਆਨ (ਐਲੀਮੈਂਟਰੀ) ਅਤੇ ਸਮੱਗਰ ਸ਼ਿਕਸ਼ਾ ਅਭਿਆਨ (ਸੈਕੰਡਰੀ) ਦੀ ਤਜਵੀਜ਼ ਰੱਖਦੇ ਹਾਂ। ਇਹ ਸਕੀਮਾਂ ਹੋਰ ਸਕੀਮਾਂ ਅਰਥਾਤ ਸਰਵ ਸ਼ਿਕਸ਼ਾ ਅਭਿਆਨ, ਰਾਸ਼ਟਰੀ ਮਾਧਿਅਮਿਕ ਸ਼ਿਕਸ਼ਾ ਅਭਿਆਨ, ਕਿੱਤਾ ਮੁਖੀ ਸਿੱਖਿਆ, ਅਪਾਹਜਾਂ ਲਈ ਸਮੁੱਚੀ ਸਿੱਖਿਆ ਅਤੇ

[ਵਿੱਤ ਮੰਤਰੀ]
ਡੀ.ਆਈ.ਈ.ਟੀਜ਼ ਨਾਲ ਸਬੰਧਿਤ ਸਕੀਮਾਂ ਨੂੰ ਸੰਮਿਲਤ ਕਰ ਲੈਣਗੀਆਂ।

110. ਇਸ ਸਾਲ ਦੌਰਾਨ 5.00 ਕਰੋੜ ਰੁਪਏ ਨਾਲ ਮਲੇਰਕੋਟਲਾ ਵਿਖੇ ਲੜਕੀਆਂ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਨਵੀਂ ਇਮਾਰਤ ਦੀ ਉਸਾਰੀ ਵੀ ਕੀਤੀ ਜਾਵੇਗੀ।

**ਉਚੇਰੀ ਸਿੱਖਿਆ**

111. ਪੰਜਾਬ ਸਰਕਾਰ ਉਚੇਰੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ। ਮੈਨੂੰ ਇਸ ਗੱਲ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਾਡੀ ਸਰਕਾਰ ਦੇ ਯਤਨਾਂ ਦੇ ਨਤੀਜੇ ਵਜੋਂ ਕੁੱਲ ਦਾਖਲਾ ਅਨੁਪਾਤ ਸਾਲ 2016-17 ਵਿਚ 28.6 ਤੋਂ ਬਿਹਤਰ ਹੋ ਕੇ ਸਾਲ 2017-18 ਵਿਚ 30.3 ਹੋ ਗਿਆ ਜਦੋਂ ਕਿ ਰਾਸ਼ਟਰੀ ਔਸਤ 25.8 ਹੈ। ਸਾਡਾ ਧਿਆਨ ਟੀਚਾ ਸਾਲ 2022 ਤੋਂ ਬਹੁਤ ਪਹਿਲਾਂ ਹੀ 32 ਦੇ ਕੁੱਲ ਦਾਖਲਾ ਅਨੁਪਾਤ ਨੂੰ ਪ੍ਰਾਪਤ ਕਰਨ ਪ੍ਰਤੀ ਕੇਂਦਰਿਤ ਹੈ।

**ਰਾਸ਼ਟਰੀ ਉੱਚਤਰ ਸ਼ਿਕਸ਼ਾ ਅਭਿਆਨ**

112. ਰਾਸ਼ਟਰੀ ਉੱਚਤਰ ਸ਼ਿਕਸ਼ਾ ਅਭਿਆਨ ਅਧੀਨ ਮੋਗਾ ਜ਼ਿਲ੍ਹੇ ਵਿਖੇ ਨਵਾਂ ਮਾਡਲ ਡਿਗਰੀ ਕਾਲਜ ਖੋਲ੍ਹਿਆ ਜਾ ਰਿਹਾ ਹੈ। ਮੇਰੀ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦੌਰਾਨ ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਗਰਲਜ਼ ਕਾਲਜ ਨੂੰ 10.00 ਕਰੋੜ ਰੁਪਏ ਮੁਹੱਈਆ ਕਰਨ ਦਾ ਫੈਸਲਾ ਕੀਤਾ ਹੈ।

113. ਸੂਬੇ ਦੇ ਸਿੱਖਿਆ ਪੱਖੋਂ ਪੱਛੜੇ ਬਲਾਕਾਂ ਵਿਚ ਉਚੇਰੀ ਸਿੱਖਿਆ ਵਿਚ ਸੁਧਾਰ ਕਰਨ ਦੇ ਮੰਤਵ ਨਾਲ ਭੁੱਚੋ, ਬੱਲੂਆਣਾ, ਧਰਮਕੋਟ, ਚੱਬੇਵਾਲ, ਦਸੂਹਾ, ਸਮਰਾਲਾ, ਨਾਭਾ, ਐੱਸ.ਏ.ਐੱਸ ਨਗਰ, ਮਲੋਟ, ਅਤੇ ਖੇਮਕਰਨ ਵਿਖੇ ਨਵੇਂ ਕਾਲਜਾਂ ਦੇ ਨਿਰਮਾਣ ਲਈ ਕੰਮ ਸ਼ੁਰੂ ਕਰਨ ਲਈ ਇਸ ਸਾਲ 50 ਕਰੋੜ ਰੁਪਏ ਦਿੱਤੇ ਜਾਣ ਦੀ ਤਜਵੀਜ਼ ਹੈ।

114. ਰਾਸ਼ਟਰੀ ਉਚਤਰ ਸ਼ਿਕਸ਼ਾ ਅਭਿਆਨ ਦੇ ਤਹਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਚਲਾਏ ਜਾਣ ਵਾਲੇ ਫੈਕਲਟੀ ਸੁਧਾਰ ਪ੍ਰੋਗਰਾਮਾਂ ਲਈ 7.00 ਕਰੋੜ ਰੁਪਏ ਵੀ ਮਨਜ਼ੂਰ ਕੀਤੇ ਗਏ ਹਨ।

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਡਾ. ਬੀ.ਆਰ. ਅੰਬੇਦਕਰ ਚੇਅਰ, ਸਤਿਗੁਰ ਰਾਮ ਸਿੰਘ ਚੇਅਰ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਚੇਅਰ**

115. ਇਸ ਸਾਲ ਅਸੀਂ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ, ਡਾ. ਬੀ.ਆਰ. ਅੰਬੇਦਕਰ ਚੇਅਰ, ਸਤਿਗੁਰ ਗੁਰੂ ਰਾਮ ਸਿੰਘ ਚੇਅਰ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਚੇਅਰ ਦੀ ਸਥਾਪਨਾ ਦੀ ਤਜਵੀਜ਼ ਰੱਖਦੇ ਹਾਂ। ਇਨ੍ਹਾਂ ਚੇਅਰਾਂ ਦੀ ਪ੍ਰਭਾਵਕਾਰੀ ਸਥਾਪਤੀ ਲਈ ਸਾਲ ਦੌਰਾਨ ਯੋਗ ਫ਼ੰਡ ਮੁਹੱਈਆ ਕਰਵਾਏ ਜਾਣਗੇ।

## ਪਟਿਆਲਾ ਵਿਖੇ ਓਪਨ ਯੂਨੀਵਰਸਿਟੀ ਦੀ ਸਥਾਪਨਾ

116. ਜਨਾਬ ਸਪੀਕਰ ਸਾਹਿਬ, ਮੇਰੀ ਸਰਕਾਰ ਕਾਮਾ ਸ਼੍ਰੇਣੀ, ਦੂਰ-ਦੁਰਾਡੇ ਰਹਿ ਰਹੇ ਲੋਕਾਂ ਅਤੇ ਵਸਨੀਕਾਂ, ਜਿਨ੍ਹਾਂ ਨੂੰ ਉਮਰ ਦੀ ਸੀਮਾ ਕਾਰਨ ਉਚੇਰੀ ਸਿੱਖਿਆ ਪ੍ਰਾਪਤ ਕਰਨ ਵਿਚ ਦਿੱਕਤ ਆਉਂਦੀ ਹੈ, ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰਨ ਦੇ ਟੀਚੇ ਨੂੰ ਅਮਲੀ ਰੂਪ ਦੇਣ ਲਈ ਮੈਂ ਪਟਿਆਲਾ ਵਿਖੇ ਓਪਨ ਯੂਨੀਵਰਸਿਟੀ ਸਥਾਪਿਤ ਕਰਨ ਲਈ 5.00 ਕਰੋੜ ਰੁਪਏ ਮਖਸੂਸ ਕਰਨ ਦੀ ਤਜਵੀਜ਼ ਰੱਖਦਾ ਹਾਂ।

## ਯੂਨੀਵਰਸਿਟੀਆਂ ਨੂੰ ਗ੍ਰਾਂਟਾਂ

117. ਪਿਛਲੇ ਬਜਟ ਵਿਚ, ਮੈਂ ਰਾਜ ਵਿਚਲੀਆਂ ਯੂਨੀਵਰਸਿਟੀਆਂ ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗਡਵਾਸੂ, ਗੁਰੂ ਰਵਿਦਾਸ ਆਯੂਰਵੇਦ ਯੂਨੀਵਰਸਿਟੀ ਅਤੇ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਦੇ ਨਾਲ-ਨਾਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਦਿੱਤੀ ਜਾਣ ਵਾਲੀ ਗ੍ਰਾਂਟ-ਇਨ-ਏਡ ਵਿਚ 6 ਫ਼ੀਸਦ ਦੇ ਵਾਧੇ ਦਾ ਵਾਅਦਾ ਕੀਤਾ ਸੀ।ਆਪਣੇ ਉਸ ਵਾਅਦੇ ਨੂੰ ਨਿਭਾਉਂਦਿਆਂ ਮੈਂ ਇਨ੍ਹਾਂ ਯੂਨੀਵਰਸਿਟੀਆਂ ਦੇ ਸਾਲਾਨਾ ਰਾਖਵੇਂਕਰਨ ਵਿਚ 6 ਫ਼ੀਸਦ ਦਾ ਵਾਧਾ ਕੀਤਾ ਹੈ।

118. ਇਸ ਸਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਖੋਜ ਹਿੱਤ 50 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦਾ ਉਪਬੰਧ ਕੀਤਾ ਗਿਆ ਹੈ।ਯੂਨੀਵਰਸਿਟੀ ਵਲੋਂ ਫਾਈਟੋ ਫਾਰਮਾਸੂਟੀਕਲ, ਫੰਕਸ਼ਨਲ ਹੜ੍ਹਾਂ, ਨੈਨੋ ਟੈਕਨਾਲੋਜੀ, ਜੈਵਿਕ ਸਰੋਤ ਵਰਤੋਂ, ਐਗਰੋ ਕੂੜਾ ਪ੍ਰਬੰਧਨ, ਨਵੇਂ ਡਰੱਗ ਦਾ ਵਿਕਾਸ ਅਤੇ ਟੌਕਸੀਸਿਟੀ ਪਰੀਖਣ ਦੇ ਖੇਤਰਾਂ ਵਿਚ ਖੋਜ ਕਾਰਜ ਕੀਤੇ ਜਾਣਗੇ।

## ਤਕਨੀਕੀ ਸਿੱਖਿਆ

119. ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਨੌਕਰੀ ਦੇ ਸਮਰੱਥ ਬਣਾਉਣ ਅਤੇ

[ਵਿੱਤ ਮੰਤਰੀ]

ਉਨ੍ਹਾਂ ਦੇ ਸੰਚਾਰ ਹੁਨਰਾਂ ਨੂੰ ਬਿਹਤਰ ਬਣਾਉਣ ਲਈ ਮੇਰੀ ਸਰਕਾਰ ਨੇ ਬ੍ਰਿਟਿਸ਼ ਕੌਂਸਲ ਦੀ ਤਕਨੀਕੀ ਸਹਾਇਤਾ ਨਾਲ ਪਟਿਆਲਾ, ਲੁਧਿਆਣਾ, ਬਠਿੰਡਾ ਅਤੇ ਜਲੰਧਰ ਵਿਖੇ ਚਾਰ ਲੈਬਾਰਟਰੀਆਂ ਸਥਾਪਿਤ ਕਰਨ ਦੀ ਤਜਵੀਜ਼ ਰੱਖੀ ਹੈ ਜਿਸ ਵਿਚ ਹਰੇਕ ਲੈਬ ਦੀ ਸਾਲਾਨਾ ਸਮਰੱਥਾ 100 ਉਮੀਦਵਾਰਾਂ ਦੀ ਹੋਵੇਗੀ।

120. ਮੈਨੂੰ ਇਸ ਅਜ਼ੀਮ ਸਦਨ ਨਾਲ ਇਹ ਗੱਲ ਸਾਂਝੀ ਕਰਨ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ "ਮੁੱਖ ਮੰਤਰੀ ਵਜ਼ੀਫਾ ਸਕੀਮ" ਨੂੰ ਸਰਕਾਰੀ ਪਾਲੀਟੈਕਨਿਕ ਕਾਲਜਾਂ ਵਿਚ ਸਫ਼ਲਤਾਪੂਰਵਕ ਲਾਗੂ ਕੀਤਾ ਜਾ ਰਿਹਾ ਹੈ ਜਿੱਥੇ ਹੋਣਹਾਰ ਵਿਦਿਆਰਥੀਆਂ ਦੇ ਨਤੀਜਿਆਂ ਦੇ ਆਧਾਰ ਤੇ ਟਿਊਸ਼ਨ ਫੀਸ ਵਿਚ 70 ਫ਼ੀਸਦ ਤੋਂ 100 ਫ਼ੀਸਦ ਤੱਕ ਦੀ ਛੋਟ ਦਿੱਤੀ ਜਾਂਦੀ ਹੈ। ਇਸ ਸਕੀਮ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ ਹੈ ਅਤੇ ਸਾਡੇ ਪਾਲੀਟੈਕਨਿਕ ਕਾਲਜਾਂ ਵਿਚ ਦਾਖ਼ਲਿਆਂ ਦੀ ਗਿਣਤੀ 3002 ਤੋਂ ਵਧ ਕੇ 4173 ਹੋ ਗਈ ਹੈ ਜੋ ਕਿ 39 ਫ਼ੀਸਦ ਦਾ ਵਾਧਾ ਹੈ।

121. ਸਿਖਲਾਈ ਕਰਤਾਵਾਂ ਦੀ ਸਿਖਲਾਈ ਲਈ ਰਾਜ ਵਿਚ ਇਕ ਆਹਲਾ ਦਰਜੇ ਦਾ ਕੇਂਦਰ ਸਥਾਪਿਤ ਕੀਤਾ ਜਾਵੇਗਾ ਜਿਸ ਵਿਚ "ਸਕਿੱਲਜ਼ ਐਕੁਵੀਜੇਸ਼ਨ ਐਂਡ ਨਾਲਿਜ ਅਵੇਅਰਨੈੱਸ ਫਾਰ ਲਾਈਵਲੀਹੁੱਡ ਪ੍ਰਮੋਸ਼ਨ" (ਸੰਕਲਪ) ਯੋਜਨਾ ਦੇ ਅੰਤਰਗਤ ਅਨੁਸੂਚਿਤ ਜਾਤਾਂ/ ਇਸਤਰੀਆਂ ਅਤੇ ਅਪੰਗਤਾ ਵਾਲੇ ਵਿਅਕਤੀਆਂ ਨੂੰ ਸਿਖਲਾਈ ਦੇਣ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।ਮੈਂ ਇਸ ਸਕੀਮ ਲਈ 11.87 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

122. ਮੈਂ ਇਹ ਐਲਾਨ ਕਰਨਾ ਚਾਹਾਂਗਾ ਕਿ ਸਰਕਾਰ ਵਲੋਂ ਰਾਜ ਵਿਚ 15 ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਸਥਾਪਤ ਕੀਤੀਆਂ ਜਾਣਗੀਆਂ ਜਿਨ੍ਹਾਂ ਵਿਚ ਰਾਮਪੁਰਾ ਫੂਲ, ਰਾਏਕੋਟ, ਫਤਹਿਗੜ੍ਹ ਸਾਹਿਬ, ਬਸੀ ਪਠਾਣਾ, ਫਾਜ਼ਿਲਕਾ, ਫਿਰੋਜ਼ਪੁਰ, ਸ਼ੁਤਰਾਣਾ, ਅਮਰਗੜ੍ਹ, ਤਰਨਤਾਰਨ ਸ਼ਾਮਲ ਹੋਣਗੇ। ਇਸ ਸਾਲ ਇਸ ਮਕਸਦ ਨੂੰ ਸ਼ੁਰੂ ਕਰਨ ਲਈ 15 ਕਰੋੜ ਰੁਪਏ ਦਿੱਤੇ ਜਾਣਗੇ। ਅਸੀਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਰੂਪਨਗਰ ਨੂੰ ਮਾਡਲ ਆਈ.ਟੀ.ਆਈ. ਵਜੋਂ ਅੱਪਗ੍ਰੇਡ ਵੀ ਕਰਾਂਗੇ ਅਤੇ ਸਰਕਾਰੀ ਪਾਲੀਟੈਕਨਿਕ ਕਾਲਜਾਂ ਨੂੰ ਉੱਤਮ ਦਰਜੇ ਦੇ ਬਣਾਵਾਂਗੇ।ਇਸ ਤੋਂ ਇਲਾਵਾ ਮੇਰੀ ਸਰਕਾਰ ਉਨ੍ਹਾਂ ਜ਼ਿਲ੍ਹਿਆਂ ਵਿਚ ਨਵੇਂ ਪਾਲੀਟੈਕਨਿਕ ਸਥਾਪਤ ਕਰੇਗੀ ਜਿੱਥੇ ਕੋਈ ਸਰਕਾਰੀ ਪਾਲੀਟੈਕਨਿਕ ਨਹੀਂ ਹੈ। ਇਸ ਮੰਤਵ ਲਈ ਸਾਲ 2019-20 ਦੌਰਾਨ ਸ਼ੁਰੂਆਤ ਕਰਨ ਲਈ 7.00 ਕਰੋੜ ਰੁਪਏ ਰੱਖੇ ਗਏ ਹਨ।

## ਸਿਹਤ ਅਤੇ ਪਰਿਵਾਰ ਭਲਾਈ

123. ਸਾਡੀ ਸਰਕਾਰ ਆਪਣੀ ਸਮੁੱਚੀ ਆਬਾਦੀ, ਵਿਸ਼ੇਸ਼ ਤੌਰ ਤੇ ਸਮਾਜ ਦੇ ਗਰੀਬ ਵਰਗਾਂ ਨੂੰ ਬਿਹਤਰੀਨ ਅਤੇ ਕਿਫ਼ਾਇਤੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਪ੍ਰਤੀ ਵਚਨਬੱਧ ਹੈ। ਸਾਲ 2019-20 ਦੇ ਬਜਟ ਵਿਚ ਪ੍ਰਾਇਮਰੀ ਅਤੇ ਸੈਕੰਡਰੀ ਸਿਹਤ ਸੰਭਾਲ ਸੇਵਾਵਾਂ ਲਈ 3465.06 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਜੋ ਕਿ ਸਾਲ 2018-19 ਦੇ ਮੁਕਾਬਲੇ 10.87 ਫ਼ੀਸਦ ਵੱਧ ਹੈ।

## ਨੈਸ਼ਨਲ ਹੈਲਥ ਮਿਸ਼ਨ (ਐੱਨ.ਐੱਚ.ਐੱਮ.)

124. ਰਾਸ਼ਟਰੀ ਸਿਹਤ ਮਿਸ਼ਨ ਦਾ ਟੀਚਾ ਸੰਸਥਾਗਤ ਡਿਲੀਵਰੀਆਂ, ਨਵਜਾਤ ਬੱਚਿਆਂ ਦੇ ਮੁਫ਼ਤ ਇਲਾਜ ਅਤੇ ਸਮੂਹ ਬੱਚਿਆਂ ਦਾ ਮੁਫ਼ਤ ਟੀਕਾਕਰਨ ਕਰਨ ਦਾ ਹੈ। ਇਹ ਮਿਸ਼ਨ ਸਮੂਹ ਰੋਗੀਆਂ ਨੂੰ ਦਵਾਈਆਂ, ਹੈਪੇਟਾਈਟਸ-ਸੀ ਦਾ ਇਲਾਜ, ਡਾਇਲਿਸਿਸ ਪ੍ਰੋਗਰਾਮ ਵਰਗੀਆਂ ਸੇਵਾਵਾਂ ਮੁਫ਼ਤ ਮੁਹੱਈਆ ਕਰਵਾਉਂਦਾ ਹੈ।ਮੈਂ, ਸਾਲ 2019-20 ਦੌਰਾਨ ਐੱਨ.ਐੱਚ.ਐੱਮ ਵਾਸਤੇ 978.12 ਕਰੋੜ ਰੁਪਏ ਦੀ ਤਜਵੀਜ਼ ਪੇਸ਼ ਕਰਦਾ ਹਾਂ।

## ਸਰਬੱਤ ਸਿਹਤ ਬੀਮਾ ਯੋਜਨਾ

125. "ਸਰਬੱਤ ਸਿਹਤ ਬੀਮਾ ਯੋਜਨਾ" ਰਾਜ ਸਿਹਤ ਬੀਮਾ ਪ੍ਰੋਗਰਾਮ ਦੀ ਇਕ ਮੋਢੀ ਸਕੀਮ ਹੈ ਜੋ ਪੰਜਾਬ ਦੀ 70 ਫ਼ੀਸਦ ਆਬਾਦੀ ਭਾਵ 42 ਲੱਖ ਪਰਿਵਾਰਾਂ ਨੂੰ 5 ਲੱਖ ਰੁਪਏ ਪ੍ਰਤੀ ਪਰਿਵਾਰ ਦੀ ਦਰ ਨਾਲ ਸਾਲਾਨਾ ਸਿਹਤ ਕਵਰ ਪ੍ਰਦਾਨ ਕਰੇਗੀ ਜੋ ਕਿ ਭਾਰਤ ਸਰਕਾਰ ਦੀ ਸਕੀਮ ਆਯੂਸ਼ਮਾਨ ਭਾਰਤ ਤਹਿਤ 14.96 ਲੱਖ ਪਰਿਵਾਰਾਂ ਤੋਂ ਲਗਭਗ ਤਿੰਨ ਗੁਣਾ ਜ਼ਿਆਦਾ ਹੈ।

126. ਇਸ ਤੋਂ ਇਲਾਵਾ ਸਰਬੱਤ ਸਿਹਤ ਬੀਮਾ ਯੋਜਨਾ ਸਾਰੇ ਹੀ ਇਲਾਜ ਮੁਹੱਈਆ ਕਰਵਾਉਂਦੀ ਹੈ ਜੋ ਇਸ ਦੀ ਪੂਰਵ ਵਰਤੀ ਸਕੀਮ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਵਿਚ ਨਹੀਂ ਸੀ ਜੋ 50000/-ਰੁਪਏ ਪ੍ਰਤੀ ਪਰਿਵਾਰ ਦੇ ਸਾਲਾਨਾ ਸਿਹਤ ਕਵਰ ਨਾਲ ਕੇਵਲ ਕੁਝ ਇਲਾਜ ਹੀ ਮੁਹੱਈਆ ਕਰਵਾਉਂਦੀ ਸੀ।ਮੈਂ, ਸਾਲ 2019-20 ਦੌਰਾਨ ਸਰੱਬਤ ਸਿਹਤ ਬੀਮਾ ਯੋਜਨਾ ਲਈ 250.00 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਰੱਖਦਾ ਹਾਂ।

## ਮਿਸ਼ਨ ਤੰਦਰੁਸਤ ਪੰਜਾਬ

127. ਪੰਜਾਬੀਆਂ ਨੂੰ ਹਮੇਸ਼ਾ ਹੀ ਉਨ੍ਹਾਂ ਦੇ ਸਰੀਰਕ ਬਲ ਅਤੇ ਖੁਸ਼ ਤਬੀਅਤੀ

ਲਈ ਜਾਣਿਆ ਜਾਂਦਾ ਹੈ। ਮੇਰੀ ਸਰਕਾਰ ਪੰਜਾਬ ਦੀ ਕੇਵਲ ਵਿੱਤੀ ਤੰਦਰੁਸਤੀ ਹੀ ਨਹੀਂ ਚਾਹੁੰਦੀ ਸਗੋਂ ਪੰਜਾਬੀਆਂ ਦੀ ਸਰੀਰਕ ਤੰਦਰੁਸਤੀ ਵੀ ਚਾਹੁੰਦੀ ਹੈ। ਇਸ ਉਦੇਸ਼ ਨਾਲ ਅਸੀਂ ਮਿਸ਼ਨ ਤੰਦਰੁਸਤ ਪੰਜਾਬ ਦਾ ਅਰੰਭ ਕੀਤਾ ਹੈ ਜੋ ਰਾਜ ਵਿਚ ਹਵਾ, ਪਾਣੀ, ਮਿੱਟੀ, ਭੋਜਨ ਅਤੇ ਸਮੁੱਚੀ ਜੀਵਨ ਸ਼ੈਲੀ ਦੇ ਪੁਨਰ-ਸੁਧਾਰ ਲਈ ਵੱਖ-ਵੱਖ ਵਿਭਾਗਾਂ ਵਲੋਂ ਕੀਤੇ ਜਾ ਰਹੇ ਯਤਨਾਂ ਨੂੰ ਸੰਗਠਿਤ ਕਰਦਾ ਹੈ।

**ਸਿਹਤ ਅਤੇ ਤੰਦਰੁਸਤੀ ਕੇਂਦਰ**

128. ਇਹ ਬੜੀ ਹੀ ਸੰਤੁਸ਼ਟੀ ਵਾਲੀ ਗੱਲ ਹੈ ਕਿ ਸਾਡੀ ਸਰਕਾਰ 239 ਮੁਢਲੇ ਸਿਹਤ ਕੇਂਦਰਾਂ ਅਤੇ 190 ਸਬਸੀਡੀਅਰੀ ਸਿਹਤ ਕੇਂਦਰਾਂ ਨੂੰ ਸਿਹਤ ਅਤੇ ਤੰਦਰੁਸਤੀ ਕੇਂਦਰਾਂ (ਹੈਲਥ ਐਂਡ ਵੈੱਲਨੈੱਸ ਸੈਂਟਰ) ਦੇ ਰੂਪ ਵਿਚ ਅਪਗ੍ਰੇਡ ਕਰਕੇ ਜਨਤਾ ਨੂੰ ਵਿਸਤ੍ਰਿਤ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਇਸ ਤੋਂ ਇਲਾਵਾ 258 ਹੋਰ ਕੇਂਦਰ ਸਥਾਪਿਤ ਕੀਤੇ ਜਾਣਗੇ ਅਤੇ 800 ਸਿਹਤ ਅਤੇ ਤੰਦਰੁਸਤੀ ਕੇਂਦਰਾਂ ਦਾ ਮਜ਼ਬੂਤੀਕਰਨ ਕਰਕੇ 2019-20 ਵਿਚ ਉਨ੍ਹਾਂ ਨੂੰ ਕਾਰਜਸ਼ੀਲ ਕਰ ਦਿੱਤਾ ਜਾਵੇਗਾ। ਮੈਂ ਇਸ ਸਾਲ ਦੌਰਾਨ ਇਸ ਮੰਤਵ ਲਈ 22.50 ਕਰੋੜ ਰੁਪਏ ਦਿੱਤੇ ਜਾਣ ਦੀ ਤਜਵੀਜ਼ ਰੱਖਦਾ ਹਾਂ।

**ਕੈਂਸਰ ਇੰਸਟੀਚਿਊਟ**

129. ਤਕਲੀਫਾਂ ਦਾ ਸਾਹਮਣਾ ਕਰ ਰਹੀ ਸਾਡੀ ਆਬਾਦੀ ਨੂੰ ਮਜ਼ਬੂਤ ਬਣਾਉਣ ਅਤੇ ਕੈਂਸਰ ਦਾ ਇਲਾਜ ਮੁਹੱਈਆ ਕਰਵਾਉਣ ਦੇ ਟੀਚੇ ਨਾਲ ਮੈਂ ਇਸ ਸਾਲ ਹੁਸ਼ਿਆਰਪੁਰ, ਫਾਜ਼ਿਲਕਾ ਅਤੇ ਅੰਮ੍ਰਿਤਸਰ ਵਿਖੇ ਕੈਂਸਰ ਕੇਂਦਰਾਂ ਦੇ ਕਾਰਜਾਂ ਲਈ 60.00 ਕਰੋੜ ਰੁਪਏ ਦੇਣ ਦੀ ਤਜਵੀਜ਼ ਰੱਖਦਾ ਹਾਂ।

**ਆਯੂਸ਼**

130. ਮੈਂ, ਆਯੂਰਵੈਦਿਕ ਅਤੇ ਹੋਮਿਓਪੈਥਿਕ ਡਿਸਪੈਂਸਰੀਆਂ ਦੇ ਮਜ਼ਬੂਤੀਕਰਨ ਲਈ ਰਾਸ਼ਟਰੀ ਆਯੂਸ਼ ਮਿਸ਼ਨ ਦੇ ਅੰਤਰਗਤ 14.00 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ। ਅਸੀਂ ਐੱਸ.ਏ.ਐੱਸ ਨਗਰ ਅਤੇ ਮੋਗਾ ਵਿਖੇ ਵੀ ਦੋ ਸਮੂਹਿਕ ਆਯੂਸ਼ ਹਸਪਤਾਲ ਸਥਾਪਿਤ ਕਰ ਰਹੇ ਹਾਂ।

**ਡਾਕਟਰੀ ਸਿਹਤ ਅਤੇ ਸਿੱਖਿਆ**

**ਨਵੇਂ ਮੈਡੀਕਲ ਕਾਲਜ**

131. ਪਿਛਲੇ ਬਜਟ ਵਿਚ ਕੀਤੇ ਵਾਅਦੇ ਅਨੁਸਾਰ ਇਕ ਨਵਾਂ ਸਰਕਾਰੀ ਮੈਡੀਕਲ ਕਾਲਜ ਐੱਸ.ਏ.ਐੱਸ ਨਗਰ, ਮੋਹਾਲੀ ਵਿਖੇ ਸਥਾਪਿਤ ਕੀਤਾ ਜਾ

ਰਿਹਾ ਹੈ। ਰਾਜ ਸਰਕਾਰ ਦੁਆਰਾ ਆਰੰਭਿਕ ਕਾਰਜਾਂ ਹਿੱਤ 50 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਮੈਂ ਸਾਲ 2019-20 ਦੌਰਾਨ ਇਸ ਮੈਡੀਕਲ ਕਾਲਜ ਦੇ ਹੋਰ ਕੰਮਾਂ ਵਾਸਤੇ 60 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ। ਇਸੇ ਤਰ੍ਹਾਂ ਪੀ.ਪੀ.ਪੀ. ਵਿਧੀ ਦੇ ਅੰਤਰਗਤ ਗੁਰਦਾਸਪੁਰ, ਪਠਾਨਕੋਟ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਨਵੇਂ ਮੈਡੀਕਲ ਕਾਲਜ ਸਥਾਪਿਤ ਕੀਤੇ ਜਾਣਗੇ।

132. ਮੈਂ ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਸਥਿਤ ਸਰਕਾਰੀ ਮੈਡੀਕਲ ਕਾਲਜਾਂ ਦੀ ਅਪਗ੍ਰੇਡੇਸ਼ਨ ਵਾਸਤੇ 189.15 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਵੀ ਤਜਵੀਜ਼ ਰੱਖਦਾ ਹਾਂ।

**ਬੁਨਿਆਦੀ ਢਾਂਚਾ**

**ਸਥਾਨਕ ਸਰਕਾਰ**

**ਸਵੱਛ ਭਾਰਤ ਮਿਸ਼ਨ**

133. ਮੈਂ ਇਸ ਅਜ਼ੀਮ ਸਦਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਫਲੈਗਸ਼ਿਪ ਸਵੱਛਤਾ ਪ੍ਰੋਗਰਾਮ, ਸਵੱਛ ਭਾਰਤ ਮਿਸ਼ਨ ਤਹਿਤ ਸਮੂਹ 167 ਮਿਊਂਸਿਪਲ ਕਸਬਿਆਂ/ਇਲਾਕਿਆਂ ਨੂੰ 2 ਅਕਤੂਬਰ, 2018 ਨੂੰ ਖੁਲ੍ਹੇ ਵਿਚ ਸ਼ੌਚ ਤੋਂ ਮੁਕਤ ਘੋਸ਼ਿਤ ਕੀਤਾ ਗਿਆ ਹੈ। ਇਹ ਪੰਜਾਬ ਲਈ ਇਕ ਫ਼ਖ਼ਰ ਵਾਲੀ ਗੱਲ ਹੈ ਕਿ ਇਸ ਨੂੰ ਸਵੱਛ ਸਰਵੇਖਣ 2017-18 ਵਿਚ ਉੱਤਰੀ ਜ਼ੋਨ ਵਿਚ ਪਹਿਲਾ ਸਥਾਨ ਪ੍ਰਾਪਤ ਹੋਇਆ ਹੈ ਅਤੇ ਸਵੱਛ ਸਰਵੇਖਣ 2018 ਦੇ ਉੱਤਰੀ ਜ਼ੋਨ ਵਰਗ ਵਿਚ ਸਿਖਰਲੇ 100 ਸ਼ਹਿਰਾਂ ਵਿਚੋਂ 42 ਸ਼ਹਿਰ ਪੰਜਾਬ ਦੇ ਹਨ। ਸਾਡੇ ਸਮੂਹ ਸ਼ਹਿਰ ਹੁਣ ਓ.ਡੀ.ਐਫ਼+ ਅਤੇ ਓ.ਡੀ.ਐੱਫ਼++ ਦਾ ਰੁਤਬਾ ਪ੍ਰਾਪਤ ਕਰਨ ਵੱਲ ਕੇਂਦਰਿਤ ਹਨ। ਮੈਂ ਸਾਲ 2019-20 ਵਿਚ ਸਵੱਛ ਭਾਰਤ ਮਿਸ਼ਨ ਲਈ 86.33 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ।

**ਅਮਰੁਤ**

134. ਅਟਲ ਮਿਸ਼ਨ (ਅਮਰੁਤ) ਤਹਿਤ ਪੰਜਾਬ ਦੇ ਇਕ ਲੱਖ ਤੋਂ ਵੱਧ ਦੀ ਆਬਾਦੀ ਵਾਲੇ 16 ਸ਼ਹਿਰਾਂ ਵਿਚ ਜਲ ਸਪਲਾਈ, ਸੀਵਰੇਜ, ਸੈਪਟੇਜ, ਸ਼ਹਿਰੀ ਟਰਾਂਸਪੋਰਟ ਅਤੇ ਗਰੀਨ ਪਾਰਕਾਂ ਵਰਗੇ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਅਪਗਰੇਡ ਕਰਨ ਦਾ ਟੀਚਾ ਹੈ ਜਿਸ ਵਾਸਤੇ ਸਾਲ 2019-20 ਦੌਰਾਨ 700 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

**ਸਤਹੀ ਜਲ ਸਪਲਾਈ ਸਕੀਮ**

135. ਮੈਂ, ਸਾਲ 2019-20 ਦੌਰਾਨ, ਵਿਸ਼ਵ ਬੈਂਕ ਅਤੇ ਏ.ਡੀ.ਬੀ. ਦੀ

ਸਹਾਇਤਾ ਨਾਲ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਪਟਿਆਲਾ ਵਿਖੇ ਨਹਿਰ ਅਧਾਰਤ ਜਲ ਸਪਲਾਈ ਸਕੀਮਾਂ ਦੀ ਤਜਵੀਜ਼ ਰੱਖਦਾ ਹਾਂ। ਇਸ ਕੰਮ ਦੀ ਕੁੱਲ ਲਾਗਤ 4800 ਕਰੋੜ ਰੁਪਏ ਹੈ। ਇਸ ਸਾਲ ਇਸ ਦੀ ਅਰਭਿਕ ਸ਼ੁਰੂਆਤ ਲਈ ਮੈਂ 200 ਕਰੋੜ ਰੁਪਏ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

**ਸਮਾਰਟ ਸ਼ਹਿਰ**

136. ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਅਤੇ ਨਾਗਰਿਕਾਂ ਨੂੰ ਇਕ ਸਾਫ ਸੁਥਰਾ ਅਤੇ ਸੁਖਾਵਾਂ ਮਾਹੌਲ ਉਪਲਬਧ ਕਰਵਾ ਕੇ ਉਨ੍ਹਾਂ ਦੇ ਜੀਵਨ ਗੁਣਵੱਤਾ ਵਿਚ ਸੁਧਾਰ ਲਿਆਉਣ ਵਾਲੇ ਸ਼ਹਿਰਾਂ ਨੂੰ ਪ੍ਰੋਤਸਾਹਿਤ ਅਤੇ 'ਸਮਾਰਟ' ਸੋਲੂਸ਼ਨਜ਼ ਲਾਗੂ ਕਰਨ ਦੇ ਮੰਤਵ ਨਾਲ ਭਾਰਤ ਸਰਕਾਰ ਵਲੋਂ ਸਮਾਰਟ ਸਿਟੀਜ਼ ਮਿਸ਼ਨ (ਐੱਸ.ਸੀ.ਐੱਮ) ਦੀ ਘੋਸ਼ਣਾ ਕੀਤੀ ਗਈ ਹੈ ਜਿਸ ਦੇ ਅਧੀਨ 100 ਸ਼ਹਿਰਾਂ ਨੂੰ ਕਵਰ ਕੀਤਾ ਗਿਆ ਹੈ।

137. ਮੈਂ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਨੂੰ ਸਮਾਰਟ ਸਿਟੀਜ਼ ਦੇ ਰੂਪ ਵਿਚ ਵਿਕਸਿਤ ਕਰਨ ਲਈ ਸਾਲ 2019-20 ਵਿਚ 296 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਰੱਖਦਾ ਹਾਂ।

**ਪੰਜਾਬ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ (ਯੂ ਈ ਆਈ ਪੀ)**

138. ਇਸ ਪ੍ਰੋਗਰਾਮ ਅਧੀਨ ਸੂਬੇ ਦੇ 167 ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਵਾਤਾਵਰਣ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਸੜਕਾਂ, ਗਲੀਆਂ ਅਤੇ ਨਾਲੀਆਂ, ਸਟਰੀਟ ਲਾਈਟਾਂ ਅਤੇ ਕੂੜਾ ਨਿਪਟਾਰੇ ਅਤੇ ਪਾਰਕਾਂ ਦੇ ਨਿਰਮਾਣ ਅਤੇ ਸਾਂਭ-ਸੰਭਾਲ ਸਬੰਧੀ ਕਾਰਜਾਂ ਲਈ 300 ਕਰੋੜ ਰੁਪਏ ਦੇ ਫ਼ੰਡ ਦਿੱਤੇ ਜਾਣਗੇ।

**ਸਥਿਰ ਗਤੀਸ਼ੀਲਤਾ ਸਬੰਧੀ ਪ੍ਰਾਜੈਕਟ-ਅੰਮ੍ਰਿਤਸਰ**

139. ਸੀ.ਆਈ.ਟੀ.ਆਈ.ਆਈ.ਐੱਸ ਚੁਣੌਤੀਆਂ ਅਧੀਨ ਅੰਮ੍ਰਿਤਸਰ ਸਮਾਰਟ ਸਿਟੀ ਲਿਮਟਿਡ ਦੇ 168.87 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ''ਡਿਵੈਲਪਮੈਂਟ ਆਫ ਸਸਟੇਨੇਬਲ ਐਂਡ ਗਰੀਨ ਪਬਲਿਕ ਟਰਾਂਸਪੋਰਟੇਸ਼ਨ'' ਨੂੰ ਚੁਣਿਆ ਗਿਆ ਹੈ। ਇਸ ਪ੍ਰਾਜੈਕਟ ਅਧੀਨ ਈ-ਮਿੰਨੀ ਬੱਸਾਂ ਅਤੇ ਈ-ਥ੍ਰੀ ਵਹੀਲਰਜ਼ ਅਤੇ ਈ-ਰਿਕਸ਼ਾਜ਼ ਰਾਹੀਂ ਸਥਿਰ ਅਤੇ ਗਰੀਨ ਜਨਤਕ ਢੋਆ-ਢੁਆਈ ਮੁਹੱਈਆ ਕਰਵਾਈ ਜਾਵੇਗੀ। ਈ-ਵਹੀਕਲਜ਼ ਲਈ ਉਚਿਤ ਬੁਨਿਆਦੀ ਢਾਂਚਾ ਵੀ ਸਿਰਜਿਆ ਜਾਵੇਗਾ। ਸਾਲ 2019-20 ਦੌਰਾਨ ਇਸ ਪ੍ਰਾਜੈਕਟ ਨੂੰ ਅਮਲ ਵਿਚ ਲਿਆਉਣ ਲਈ ਰਾਜ ਸਰਕਾਰ ਦੇ ਆਪਣੇ ਹਿੱਸੇ ਵਜੋਂ 40 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

## ਮਿਊਂਸਿਪਲ ਵਿਕਾਸ ਫ਼ੰਡ (ਐੱਮ.ਡੀ.ਐੱਫ.)

140. ਰਾਜ ਸਰਕਾਰ ਸ਼ਹਿਰਾਂ ਵਿਚ ਬੁਨਿਆਦੀ ਢਾਂਚਾ ਜਿਵੇਂ ਕਿ ਸੜਕਾਂ, ਗਲੀਆਂ ਅਤੇ ਨਾਲੀਆਂ ਆਦਿ ਦੇ ਨਿਰਮਾਣ ਲਈ ਮਿਊਂਸਿਪਲ ਵਿਕਾਸ ਫ਼ੰਡ ਰਾਹੀਂ ਸਹਾਇਤਾ ਮੁਹੱਈਆ ਕਰਵਾ ਰਹੀ ਹੈ। ਸਾਲ 2019-20 ਦੌਰਾਨ ਇਸ ਉਦੇਸ਼ ਲਈ 12.07 ਕਰੋੜ ਰੁਪਏ ਰਾਖਵੇਂਕਰਨ ਦੀ ਤਜਵੀਜ਼ ਹੈ।

## ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ)

141. ਬਸਤੀਆਂ ਵਿਚ ਰਹਿਣ ਵਾਲਿਆਂ, ਲੋੜਵੰਦ ਅਤੇ ਬੇ-ਘਰਿਆਂ ਸਮੇਤ ਸ਼ਹਿਰੀ ਗਰੀਬਾਂ ਦੀ ਮਕਾਨ ਉਸਾਰੀ ਸਬੰਧੀ ਜ਼ਰੂਰਤਾਂ ਦੇ ਨਿਪਟਾਰੇ ਹਿੱਤ ਪੰਜਾਬ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਆਵਾਸ ਯੋਜਨਾ-ਹਾਊਸਿੰਗ ਫਾਰ ਆਲ (ਸ਼ਹਿਰੀ) ਅਧੀਨ ਇਕ ਲੱਖ ਮਕਾਨਾਂ ਦੀ ਸੁਵਿਧਾ ਮੁਹੱਈਆ ਕਰਵਾਉਣ ਦਾ ਫ਼ੈਸਲਾ ਕੀਤਾ ਹੈ।ਸਾਲ 2019-20 ਦੌਰਾਨ ਇਸ ਪ੍ਰੋਗਰਾਮ ਲਈ ਮੈਂ 234 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਕਰਦਾ ਹਾਂ।

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ

## ਅਫੋਰਡੇਬਲ ਹਾਊਸਿੰਗ

142. ਭਾਰਤ ਸਰਕਾਰ ਦੁਆਰਾ ਪੀ.ਐੱਮ.ਏ.ਵਾਈ ਦੇ ਅਫੋਰਡੇਬਲ ਹਾਊਸਿੰਗ ਕੰਪੋਨੈਂਟ ਤਹਿਤ ਪੀ.ਪੀ.ਪੀ. ਪ੍ਰਣਾਲੀ ਅਧੀਨ ਦੋ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਪਟਿਆਲਾ ਵਿਕਾਸ ਅਥਾਰਿਟੀ ਦੁਆਰਾ 9.26 ਕਰੋੜ ਰੁਪਏ ਦੀ ਲਾਗਤ ਨਾਲ ਜ਼ਿਲ੍ਹਾ ਪਟਿਆਲਾ ਵਿਖੇ 176 ਈ.ਡਬਲਿਊ.ਐੱਸ. ਰਿਹਾਇਸ਼ੀ ਯੂਨਿਟ ਬਣਾਏ ਜਾਣਗੇ। ਲੁਧਿਆਣਾ ਵਿਖੇ 26.67 ਕਰੋੜ ਰੁਪਏ ਦੀ ਲਾਗਤ ਨਾਲ 394 ਈ.ਡਬਲਿਊ.ਐੱਸ. ਰਿਹਾਇਸ਼ੀ ਯੂਨਿਟਾਂ ਦੇ ਨਿਰਮਾਣ ਦਾ ਕਾਰਜ ਸ਼ੁਰੂ ਕੀਤਾ ਜਾ ਰਿਹਾ ਹੈ।

## ਪ੍ਰਮੁੱਖ ਯੋਜਨਾਵਾਂ ਦੀ ਡਿਜੀਟਾਈਜ਼ੇਸ਼ਨ

143. ਪੰਜਾਬ, ਮਾਲੀਆ ਆਧਾਰਿਤ ਯੋਜਨਾਵਾਂ ਦੇ ਡਿਜੀਟਾਈਜ਼ੇਸ਼ਨ ਵਿੱਚ ਮੋਢੀ ਸੂਬਾ ਹੈ। ਸੂਬੇ ਦੇ ਵੱਖ-ਵੱਖ ਸ਼ਹਿਰਾਂ/ਕਸਬਿਆਂ ਦੀਆਂ ਪ੍ਰਮੁੱਖ ਯੋਜਨਾਵਾਂ ਦੇ ਜ਼ੋਨਿੰਗ ਰੈਗੂਲੇਸ਼ਨਜ਼ ਅਤੇ ਵਿਕਾਸ ਨਿਯੰਤਰਣਾਂ ਵਿੱਚ ਇਕਸਾਰਤਾ ਲਿਆਉਣ ਲਈ ਏਕੀਕ੍ਰਿਤ ਜ਼ੋਨਿੰਗ ਰੈਗੂਲੇਸ਼ਨਜ਼ ਅਤੇ ਵਿਕਾਸ ਨਿਯੰਤਰਣਾਂ ਨੂੰ ਅਧਿਸੂਚਿਤ ਕੀਤਾ ਗਿਆ ਹੈ।

**ਬਿਜਲੀ**

144. ਬਿਜਲੀ ਸੂਬੇ ਦੇ ਵਾਧੇ ਅਤੇ ਵਿਕਾਸ ਲਈ ਮੁੱਢਲੀ ਜ਼ਰੂਰਤ ਹੈ ਅਤੇ ਮੇਰੀ ਸਰਕਾਰ ਰਾਜ ਦੇ ਸਾਰੇ ਵਰਗਾਂ ਦੇ ਖ਼ਪਤਕਾਰਾਂ ਨੂੰ 24 ਘੰਟੇ ਗੁਣਵੱਤਾਯੁਕਤ ਬਿਜਲੀ ਪ੍ਰਦਾਨ ਕਰਨ ਲਈ ਵਚਨਬੱਧ ਹੈ। ਰਾਜ ਸਰਕਾਰ ਆਧੁਨਿਕ ਬਿਜਲੀ ਬੁਨਿਆਦੀ ਢਾਂਚੇ ਦੀ ਉਸਾਰੀ ਲਈ, ਬਿਜਲੀ ਦੀ ਚੋਰੀ ਅਤੇ ਟਰਾਂਸਮਿਸ਼ਨ ਦੌਰਾਨ ਹੁੰਦੇ ਲੋਸਿਸ ਨੂੰ ਘਟਾਉਣ ਲਈ ਅਤੇ ਆਧੁਨਿਕ ਤਕਨਾਲੋਜੀ ਅਪਣਾ ਕੇ ਬਿਲਿੰਗ ਪ੍ਰਕਿਰਿਆ ਵਿਚ ਪਾਰਦਰਸ਼ਤਾ ਲਿਆਉਣ ਪ੍ਰਤੀ ਸੁਚੇਤ ਹੈ।

**ਘਰੇਲੂ ਖ਼ਪਤਕਾਰਾਂ ਲਈ ਮੁਫ਼ਤ ਬਿਜਲੀ**

145. ਸਾਡੀ ਸਰਕਾਰ ਰਾਜ ਵਿਚ ਸਾਰੇ ਖੇਤੀਬਾੜੀ ਖ਼ਪਤਕਾਰਾਂ ਨੂੰ ਮੁਫ਼ਤ ਬਿਜਲੀ ਪ੍ਰਦਾਨ ਕਰ ਰਹੀ ਹੈ। ਅਸੀਂ ਪ੍ਰਤੀ ਮਹੀਨਾ 200 ਯੂਨਿਟਾਂ ਦੀ ਮੁਫ਼ਤ ਪਾਵਰ ਸਹੂਲਤ ਲੈਣ ਲਈ 3000 ਯੂਨਿਟਾਂ ਦੀ ਉੱਪਰਲੀ ਸਾਲਾਨਾ ਸ਼ਰਤ ਨੂੰ ਹਟਾ ਦਿੱਤਾ ਹੈ, ਜੋ ਪਹਿਲਾਂ ਐੱਸ.ਸੀ., ਬੀ.ਸੀ., ਗ਼ੈਰ ਐੱਸ.ਸੀ. ਬੀਪੀਐੱਲ ਅਤੇ ਘਰੇਲੂ ਵਰਗ ਦੇ ਖ਼ਪਤਕਾਰਾਂ ਉਤੇ ਲਾਗੂ ਹੁੰਦੀ ਸੀ। ਆਜ਼ਾਦੀ ਘੁਲਾਟੀਆਂ ਅਤੇ 1 ਕਿਲੋਵਾਟ ਤੱਕ ਦਾ ਮਨਜ਼ੂਰ ਲੋਡ ਵਾਲੇ ਘਰੇਲੂ ਉਪਭੋਗਤਾਵਾਂ ਨੂੰ ਵੀ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਹੈ। ਘਰੇਲੂ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਲਈ ਸਾਲ 2019-20 ਦੌਰਾਨ 1916 ਕਰੋੜ ਰੁਪਏ ਦੇ ਕੁੱਲ ਰਾਖਵੇਂਕਰਨ ਦੀ ਤਜਵੀਜ਼ ਕੀਤੀ ਜਾ ਰਹੀ ਹੈ।

**ਬਿਜਲੀ ਵੰਡ**

146. ਰਾਜ ਸਰਕਾਰ ਨੇ ਨਵੇਂ ਗਰਿੱਡ ਸਬ-ਸਟੇਸ਼ਨ ਸਥਾਪਤ ਕਰਕੇ ਅਤੇ ਲਾਈਨਾਂ ਨੂੰ ਵਧਾ ਕੇ ਬਿਜਲੀ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਚੋਖਾ ਨਿਵੇਸ਼ ਕੀਤਾ ਹੈ। ਪੀ.ਐੱਸ.ਪੀ.ਸੀ.ਐੱਲ. ਨੇ ਮਹੱਤਵਪੂਰਣ ਸੁਧਾਰਾਂ ਅਤੇ ਸਖ਼ਤ ਚੌਕਸੀ ਸਦਕਾ ਟਰਾਂਸਮਿਸ਼ਨ ਅਤੇ ਡਿਸਟਰੀਬਿਊਸ਼ਨ (ਟੀ.ਐਂਡ ਡੀ) ਦੇ ਘਾਟੇ ਨੂੰ 13.68 ਫ਼ੀਸਦ ਤੱਕ ਘਟਾਉਣ ਵਿਚ ਸਫਲਤਾ ਹਾਸਲ ਕੀਤੀ ਹੈ। ਪੇਂਡੂ ਖੇਤਰਾਂ/ ਸ਼ਹਿਰੀ ਖੇਤਰਾਂ ਵਿਚ ਡੀ.ਡੀ.ਯੂ.ਜੀ.ਜੇ.ਵਾਈ. ਅਧੀਨ 252.06 ਕਰੋੜ ਰੁਪਏ ਅਤੇ ਆਈ.ਪੀ.ਡੀ.ਐੱਸ. ਅਧੀਨ 330 ਕਰੋੜ ਰੁਪਏ ਦੇ ਖ਼ਰਚੇ ਨਾਲ 5000 ਤੋਂ ਵੱਧ ਆਬਾਦੀ ਵਾਲੇ 102 ਸ਼ਹਿਰਾਂ ਦੀ ਵੰਡ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

147. ਮੇਰੀ ਸਰਕਾਰ ਨੇ ਖ਼ਪਤਕਾਰਾਂ ਦੀ ਸਹੂਲਤ ਲਈ ਪੇ.ਟੀ.ਐੱਮ,

ਬੀ.ਬੀ.ਪੀ.ਐੱਸ, ਭੀਮ ਐਪ, ਆਰ.ਟੀ.ਜੀ.ਐੱਸ, ਐੱਨ.ਈ.ਐੱਫ.ਟੀ. ਆਦਿ ਦੁਆਰਾ ਡਿਜ਼ੀਟਲ ਅਦਾਇਗੀ ਸ਼ੁਰੂ ਕਰਨ ਲਈ ਪਹਿਲਕਦਮੀਆਂ ਕੀਤੀਆਂ ਹਨ। ਪੀ.ਐੱਸ. ਪੀ.ਸੀ.ਐੱਲ ਦੁਆਰਾ ਮਿਤੀ 31.1.19 ਤੱਕ 10300 ਕਰੋੜ ਦੀਆਂ 75 ਲੱਖ ਤੱਕ ਦੇ ਡਿਜ਼ੀਟਲ ਲੈਣ-ਦੇਣ ਕੀਤੇ ਗਏ ਹਨ ਜੋ ਕਿ ਮੁਕੰਮਲ ਬਿਲ ਪ੍ਰਾਪਤੀਆਂ ਦਾ 50 ਫ਼ੀਸਦ ਹੈ।

**ਸ਼ਹਿਰੀ ਹਵਾਬਾਜ਼ੀ**

148. ਮੋਹਾਲੀ ਹਵਾਈ ਅੱਡੇ ਦੇ ਰਨਵੇ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਵੱਡੇ ਜਹਾਜ਼ਾਂ ਦੀ ਆਵਾਜਾਈ ਸੁਨਿਸ਼ਚਿਤ ਕਰਨ ਲਈ ਇਸਦੀ ਲੰਬਾਈ 10,500 ਫੁੱਟ ਤੱਕ ਵਧਾਈ ਜਾ ਰਹੀ ਹੈ। ਘੱਟ ਦ੍ਰਿਸ਼ਟੀ ਹਾਲਤਾਂ ਵਿਚ ਜਹਾਜ਼ਾਂ ਨੂੰ ਹੈਂਡਲ ਕਰਨ ਲਈ ਕੈਟ-III ਬੀ.ਆਈ.ਐੱਲ.ਐੱਸ. ਸਿਸਟਮ ਨੂੰ ਸਥਾਪਤ ਕੀਤਾ ਜਾ ਰਿਹਾ ਹੈ, ਜਿਸ ਤੋਂ ਬਾਅਦ ਲੰਬੀ ਦੂਰੀ ਦੀਆਂ ਕੌਮਾਂਤਰੀ ਉਡਾਣਾਂ ਦੀਆਂ ਕਾਰਵਾਈਆਂ ਸ਼ੁਰੂ ਹੋ ਸਕਦੀਆਂ ਹਨ। ਸਾਨੂੰ ਉਮੀਦ ਹੈ ਕਿ ਮੋਹਾਲੀ ਹਵਾਈ ਅੱਡਾ 1 ਅਪ੍ਰੈਲ, 2019 ਤੋਂ 24 ਘੰਟੇ (24×7) ਕਾਰਜਸ਼ੀਲ ਹੋ ਜਾਵੇਗਾ।

**ਕੌਮਾਂਤਰੀ ਏਅਰ ਅਤੇ ਕਾਰਗੋ ਟਰਮੀਨਲ, ਹਲਵਾਰਾ**

149. ਜਨਾਬ ਸਪੀਕਰ ਸਾਹਿਬ, ਮੈਨੂੰ ਇਹ ਦੱਸਦੇ ਹੋਏ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਸ਼ਹਿਰੀ ਹਵਾਬਾਜ਼ੀ ਮੰਤਰਾਲਾ, ਭਾਰਤ ਸਰਕਾਰ ਅਤੇ ਭਾਰਤੀ ਹਵਾਈ ਫੌਜ ਨੇ ਭਾਰਤੀ ਹਵਾਈ ਸੈਨਾ ਸਟੇਸ਼ਨ, ਹਲਵਾਰਾ ਵਿਖੇ ਕੌਮਾਂਤਰੀ ਸਿਵਲ ਅਤੇ ਕਾਰਗੋ ਟਰਮੀਨਲ ਦੇ ਨਿਰਮਾਣ ਲਈ ਸਿਧਾਂਤਕ ਤੌਰ ਤੇ ਪ੍ਰਵਾਨਗੀ ਦੇ ਦਿੱਤੀ ਹੈ। ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ ਅਤੇ ਭਾਰਤੀ ਏਅਰਪੋਰਟ ਅਥਾਰਟੀ ਦੁਆਰਾ ਜਾਇੰਟ ਵੇਂਚਰ ਸਥਾਪਿਤ ਕਰਨ ਲਈ ਇਕਰਾਰਨਾਮੇ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ। ਮੈਨੂੰ ਉਮੀਦ ਹੈ ਕਿ ਟਰਮੀਨਲ ਤੇ ਕੰਮ ਛੇਤੀ ਸ਼ੁਰੂ ਹੋ ਜਾਵੇਗਾ।

**ਖੇਤਰੀ ਕੁਨੈਕਟੀਵਿਟੀ ਸਕੀਮ - ਉਡਾਣ**

150. ਅਸੀਂ ਉਡਾਣ ਯੋਜਨਾ ਦੇ ਸਬੰਧ ਵਿਚ, ਸ਼ਹਿਰੀ ਹਵਾਬਾਜ਼ੀ ਮੰਤਰਾਲੇ, ਭਾਰਤ ਸਰਕਾਰ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਨਾਲ ਇਕ ਸਮਝੌਤਾ ਕੀਤਾ ਹੈ, ਜਿਸ ਦੇ ਤਹਿਤ ਅਸੀਂ 20:80 ਦੇ ਅਨੁਪਾਤ ਵਿਚ ਵਾਇਆਬਿਲਟੀ ਗੈਪ ਨੂੰ ਭਰਨ ਲਈ ਸਹਿਮਤੀ ਦਿੱਤੀ ਹੈ। ਮੈਨੂੰ ਇਹ ਐਲਾਨ ਕਰਨ ਵਿੱਚ ਖ਼ੁਸ਼ੀ

[ਵਿੱਤ ਮੰਤਰੀ]
ਮਹਿਸੂਸ ਹੋ ਰਹੀ ਹੈ ਕਿ ਲੁਧਿਆਣਾ, ਜਲੰਧਰ ਅਤੇ ਪਠਾਨਕੋਟ ਹਵਾਈ ਅੱਡਿਆਂ ਤੋਂ ਵੀ ਉਡਾਣਾਂ ਸ਼ੁਰੂ ਹੋ ਚੁੱਕੀਆਂ ਹਨ। ਵਾਇਆਬਿਲਟੀ ਗੈਪ ਨੂੰ ਭਰਨ ਲਈ ਬਜਟ ਵਿਚ ਢੁਕਵਾਂ ਪ੍ਰਬੰਧ ਕੀਤਾ ਗਿਆ ਹੈ।

## ਸੜਕਾਂ ਅਤੇ ਪੁਲ

151. ਸਾਡੀ ਸਰਕਾਰ ਪੰਜਾਬ ਦੇ ਵਸਨੀਕਾਂ ਨੂੰ ਵਿਸ਼ਵ ਪੱਧਰ ਦਾ ਭੌਤਿਕ ਬੁਨਿਆਦੀ ਢਾਂਚਾ ਭਾਵ ਸੜਕਾਂ ਅਤੇ ਪੁਲ ਮੁਹੱਈਆ ਕਰਵਾਉਣ ਅਤੇ ਮੌਜੂਦਾ ਬੁਨਿਆਦੀ ਢਾਂਚੇ ਦੀ ਸਾਂਭ ਸੰਭਾਲ ਲਈ ਵਚਨਬੱਧ ਹੈ। ਇਸ ਸਾਲ ਨਵੀਆਂ ਸੜਕਾਂ ਅਤੇ ਪੁਲਾਂ ਦੀ ਉਸਾਰੀ ਲਈ ਉਪਬੰਧ 1095.69 ਕਰੋੜ (2018-19) ਤੋਂ ਵਧਾ ਕੇ 1312.32 ਕਰੋੜ ਕਰ ਦਿੱਤਾ ਹੈ। ਇਸ ਸਾਲ ਮੋਰਿੰਡਾ ਸ਼ਹਿਰ, ਤਰਨਤਾਰਨ, ਸਰਹਿੰਦ ਅਤੇ ਮੰਡੀ ਗੋਬਿੰਦਗੜ੍ਹ ਵਿਖੇ ਵੀ ਰੇਲ ਅੰਡਰ ਬ੍ਰਿਜ; ਦੀਨਾਨਗਰ ਨੇੜੇ ਗੱਦੀ ਨਾਲਾ, ਪਠਾਨਕੋਟ ਵਿਖੇ ਨਲਵਾ ਨਾਲਾ ਉਪਰ ਉੱਚ ਪੱਧਰੀ ਪੁਲਾਂ, ਐੱਸ.ਏ.ਐੱਸ. ਨਗਰ ਦੇ ਪਿੰਡ ਲੇਹਲੀ, ਰਤਨਗੜ੍ਹ ਅਤੇ ਜਲੰਧਰ- ਹੁਸ਼ਿਆਰਪੁਰ ਲਾਈਨ ਉੱਤੇ ਰੋਡ ਓਵਰ ਬ੍ਰਿਜ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮੌਜੂਦਾ ਸੜਕਾਂ ਅਤੇ ਪੁਲਾਂ ਦੀ ਮੁਰੰਮਤ ਲਈ 198 ਕਰੋੜ ਰੁਪਏ ਮੁਹੱਈਆ ਕਰਵਾਏ ਜਾ ਰਹੇ ਹਨ।

152. ਨਬਾਰਡ ਦੀ ਸਹਾਇਤਾ ਨਾਲ ਪੇਂਡੂ ਸੜਕਾਂ ਦੇ ਅਪਗਰੇਡੇਸ਼ਨ ਲਈ 48.00 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ। ਰਾਸ਼ਟਰੀ ਰਾਜ ਮਾਰਗ ਵਜੋਂ ਘੋਸ਼ਿਤ 5 ਰਾਜ ਸੜਕਾਂ ਦੇ ਸੁਧਾਰ ਦਾ ਕੰਮ ਵੀ ਸਾਲ ਦੌਰਾਨ ਸ਼ੁਰੂ ਕੀਤਾ ਜਾਵੇਗਾ।

## ਲਿੰਕ ਸੜਕਾਂ ਅਤੇ ਪੁਲੀਆਂ

153. ਪੇਂਡੂ ਲਿੰਕ ਸੜਕਾਂ ਖੁਸ਼ਹਾਲ ਪੰਜਾਬ ਦਾ ਮੁੱਖ ਆਧਾਰ ਹੈ। ਮੇਰੀ ਸਰਕਾਰ ਦੁਆਰਾ ਪੇਂਡੂ ਸੜਕਾਂ ਦੀ ਮੁੜ ਸਥਾਪਨਾ, ਸਾਂਭ-ਸੰਭਾਲ ਅਤੇ ਅਪਗ੍ਰੇਡੇਸ਼ਨ ਲਈ ਅਤੇ ਇਨ੍ਹਾਂ ਦੀਆਂ ਪੁਲੀਆਂ ਦੀ ਮੁਰੰਮਤ ਅਤੇ ਚੌੜੇ ਕਰਨ ਲਈ ਇਕ ਵਿਆਪਕ ਯੋਜਨਾ ਸ਼ੁਰੂ ਕੀਤੀ ਗਈ ਹੈ। ਪਿਛਲੀ ਸਰਕਾਰ ਨੇ ਆਪਣੇ ਦਸ ਸਾਲਾਂ ਦੌਰਾਨ 42,000 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਜਦੋਂਕਿ ਸਾਡੀ ਸਰਕਾਰ ਨੇ ਪਹਿਲੇ ਦੋ ਸਾਲਾਂ ਵਿਚ 62000 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਕਰੀਬ 31,000 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਚਾਲੂ ਸਾਲ ਦੌਰਾਨ ਕੀਤੀ ਜਾ ਚੁੱਕੀ ਹੈ ਅਤੇ ਬਾਕੀ 50 ਫ਼ੀਸਦ ਦੀ ਮੁਰੰਮਤ 2019-20 ਵਿੱਚ ਕੀਤੀ ਜਾਵੇਗੀ। ਇਨ੍ਹਾਂ

ਲਿੰਕ ਸੜਕਾਂ ਦੀ ਵਿਆਪਕ ਮੁਰੰਮਤ ਲਈ ਲਗਭਗ 2000 ਕਰੋੜ ਰੁਪਏ ਦੀ ਢੁੱਕਵੀਂ ਰਕਮ ਰਾਖਵੀਂ ਰੱਖੀ ਗਈ ਹੈ।

**ਬੁਨਿਆਦੀ ਢਾਂਚੇ ਦੀ ਸਾਂਭ-ਸੰਭਾਲ**

154. ਭਾਵੇਂ ਰਾਜ ਸਰਕਾਰ ਨਵੇਂ ਬੁਨਿਆਦੀ ਢਾਂਚੇ ਦੇ ਨਿਰਮਾਣ ਉੱਤੇ ਧਿਆਨ ਕੇਂਦਰਿਤ ਕਰ ਰਹੀ ਹੈ ਪ੍ਰੰਤੂ ਪਿਛਲੇ ਕੁਝ ਸਾਲਾਂ ਦੌਰਾਨ ਮੌਜੂਦਾ ਬੁਨਿਆਦੀ ਢਾਂਚੇ ਦੀ ਸਾਂਭ-ਸੰਭਾਲ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਹੈ ਜਿਸ ਉੱਪਰ ਤੁਰੰਤ ਧਿਆਨ ਦੇਣ ਦੀ ਲੋੜ ਹੈ। ਅਸੀਂ ਮੌਜੂਦਾ ਬੁਨਿਆਦੀ ਢਾਂਚੇ ਨੂੰ ਤਰੋ-ਤਾਜ਼ਾ ਕਰਨ ਲਈ ਸਮਰਪਿਤ ਸਰੋਤ ਮੁਹੱਈਆ ਕਰਨ ਦਾ ਫ਼ੈਸਲਾ ਕੀਤਾ ਹੈ।

155. ਮੈਂ ਮੌਜੂਦਾ ਸਕੂਲੀ ਬੁਨਿਆਦੀ ਢਾਂਚੇ ਨੂੰ ਪੁਨਰ ਸੁਰਜੀਤ ਕਰਨ ਲਈ 2019-20 ਦੌਰਾਨ 75 ਕਰੋੜ ਰੁਪਏ ਦਾ ਰਾਖਵਾਂਕਰਨ ਕੀਤਾ ਹੈ। ਸੂਬੇ ਦੇ ਹਰੇਕ ਮੌਜੂਦਾ ਪ੍ਰਾਇਮਰੀ, ਮਿਡਲ, ਉੱਚ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਇਮਾਰਤਾਂ ਦੀ ਸਾਂਭ-ਸੰਭਾਲ ਲਈ ਫ਼ੰਡ ਪ੍ਰਦਾਨ ਕੀਤੇ ਜਾਣਗੇ।

156. ਮੈਂ ਸਮੂਹ ਪੁਲਿਸ ਸਟੇਸ਼ਨਾਂ, ਚੌਂਕੀਆਂ, ਪੋਸਟਾਂ ਦੇ ਰੱਖ-ਰਖਾਅ ਲਈ 4.00 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

157. ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਰਿਹਾਇਸ਼ਾਂ ਦੀ ਮੁਰੰਮਤ ਅਤੇ ਸਾਂਭ-ਸੰਭਾਲ ਲਈ 44.00 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਹੈ। ਇਸ ਵਿਚ ਗਰੁੱਪ ਸੀ ਅਤੇ ਡੀ ਦੇ ਮੁਲਾਜ਼ਮਾਂ ਦੇ ਘਰਾਂ ਦੀ ਮੁਰੰਮਤ ਅਤੇ ਸਾਂਭ-ਸੰਭਾਲ ਦੇ ਲਈ ਵਿਸ਼ੇਸ਼ ਉਪਬੰਧ ਸ਼ਾਮਲ ਹੈ।

158. ਨਿਆਂਇਕ ਅਦਾਲਤੀ ਕੰਪਲੈਕਸਾਂ ਦੀ ਉਸਾਰੀ ਅਤੇ ਅਪਗ੍ਰੇਡੇਸ਼ਨ ਲਈ 58.00 ਕਰੋੜ ਰੁਪਏ ਦਾ ਰਾਖਵਾਂਕਰਨ ਕੀਤਾ ਗਿਆ ਹੈ।

**ਟਰਾਂਸਪੋਰਟ**

159. ਪੰਜਾਬ ਦੇ ਵਸਨੀਕਾਂ ਨੂੰ ਜਨਤਕ ਆਵਾਜਾਈ ਦੀ ਬਿਹਤਰ ਸੁਵਿਧਾ ਉਪਲਬਧ ਕਰਵਾਉਣ ਲਈ ਸਾਲ 2019-20 ਦੌਰਾਨ 100 ਨਵੀਆਂ ਸਧਾਰਨ ਬੱਸਾਂ ਚਲਾਈਆਂ ਜਾਣਗੀਆਂ। ਵਸਨੀਕਾਂ ਦੀ ਸਹੂਲਤ ਲਈ ਸੇਵਾ ਕੇਂਦਰਾਂ ਰਾਹੀਂ ਟਰਾਂਸਪੋਰਟ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

160. ਸਰਹੰਦ ਵਿਖੇ ਨਵਾਂ ਬੱਸ ਸਟੈਂਡ ਉਸਾਰੀ ਅਧੀਨ ਹੈ ਅਤੇ ਸਾਲ 2019-20 ਦੌਰਾਨ ਪਟਿਆਲਾ ਅਤੇ ਬਠਿੰਡਾ ਵਿਖੇ ਨਵੇਂ ਬੱਸ ਸਟੈਂਡ ਉਸਾਰਨ

ਦੀ ਤਜਵੀਜ਼ ਹੈ। ਪੀ.ਆਈ.ਡੀ.ਬੀ. ਪੀ.ਪੀ.ਪੀ. ਪ੍ਰਣਾਲੀ ਅਧੀਨ 13 ਨਵੇਂ ਬੱਸ ਸਟੈਂਡ ਉਸਾਰ ਰਹੀ ਹੈ।

**ਸਰਹੱਦੀ ਅਤੇ ਕੰਢੀ ਖੇਤਰ ਵਿਕਾਸ ਬੋਰਡ**

161. ਪੰਜਾਬ ਦੀ ਭੂਗੋਲਿਕ ਸਥਿਤੀ ਬਹੁਤ ਹੀ ਵਿਲੱਖਣ ਹੈ। ਸਾਡੇ ਪੱਛਮ ਵੱਲ ਗ਼ੈਰ ਅਭਾਸੀ ਅੰਤਰਰਾਸ਼ਟਰੀ ਸਰਹੱਦ ਲਗਦੀ ਹੈ ਅਤੇ ਉੱਤਰ-ਪੂਰਬੀ ਪਾਸੇ ਪਹਾੜੀ ਰਾਜ ਹਨ। ਸਾਡੇ ਛੇ ਸਰਹੱਦੀ ਜ਼ਿਲ੍ਹਿਆਂ ਵਿਚ 2107 ਪਿੰਡ ਪੈਂਦੇ ਹਨ ਭਾਵ ਰਾਜ ਦੀ 16.75 ਫ਼ੀਸਦ ਆਬਾਦੀ ਅੰਤਰਰਾਸ਼ਟਰੀ ਹੱਦ ਦੇ ਨਾਲ ਵਸਦੀ ਹੈ। ਪੰਜ ਜ਼ਿਲ੍ਹਿਆਂ ਦੇ 1414 ਪਿੰਡ ਰਾਜ ਦੇ ਕੰਢੀ ਖੇਤਰ ਵਿਚ ਪੈਂਦੇ ਹਨ। ਭਾਵੇਂ ਦੋਵੇਂ ਹੀ ਇਲਾਕਿਆਂ ਦੇ ਆਪੋ ਆਪਣੇ ਮਸਲੇ ਹਨ ਪਰ ਇਨ੍ਹਾਂ ਵਿਚ ਸਮਾਨਤਾ ਹੈ- ਉਹ ਹੈ ਪੱਛੜਾਪਣ। ਸਰਹੱਦੀ ਅਤੇ ਕੰਢੀ ਖੇਤਰਾਂ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਅਤੇ ਯਤਨਾਂ ਦੀ ਲੋੜ ਹੈ ਤਾਂ ਜੋ ਇਨ੍ਹਾਂ ਨੂੰ ਵਿਕਾਸ ਪੱਖੋਂ ਬਾਕੀ ਦੇ ਸੂਬੇ ਦੇ ਬਰਾਬਰ ਲਿਆਂਦਾ ਜਾ ਸਕੇ।ਇਸ ਲਈ, ਮੈਂ, ਸਰਹੱਦ ਅਤੇ ਕੰਢੀ ਖੇਤਰ ਦੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਇਕ ਵੱਖਰਾ ਸਰਹੱਦੀ ਅਤੇ ਕੰਢੀ ਵਿਕਾਸ ਬੋਰਡ ਸਥਾਪਤ ਕੀਤੇ ਜਾਣ ਦੀ ਘੋਸ਼ਣਾ ਕਰਦਾ ਹਾਂ। ਇਹ ਬੋਰਡ ਮਕੌੜਾ ਪੱਤਣ, ਦੀਨਾਨਗਰ ਵਿਖੇ ਇਕ ਸਥਾਈ ਪੁਲ ਦੀ ਅਤੇ ਟਿਊਬਵੈਲਾਂ ਰਾਹੀਂ ਪੀਣ ਵਾਲਾ ਪਾਣੀ ਮੁਹੱਈਆ ਕਰਵਾ ਕੇ ਇਨ੍ਹਾਂ ਇਲਾਕਿਆਂ ਦੀਆਂ ਖਾਸ ਸਮੱਸਿਆਵਾਂ ਦਾ ਸਮਾਧਾਨ ਵੀ ਕਰੇਗਾ। ਇਸ ਬੋਰਡ ਲਈ 100 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਜਨਾਬ ਸਪੀਕਰ ਸਾਹਿਬ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਇਨ੍ਹਾਂ ਖੇਤਰਾਂ ਦੇ ਵਿਕਾਸ ਦੇ ਮਾਰਗ ਵਿਚ ਫ਼ੰਡਾਂ ਕਾਰਨ ਕਦੇ ਵੀ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ।

**ਜਲ ਸਪਲਾਈ ਅਤੇ ਸਵੱਛਤਾ**

**ਹਰ ਘਰ ਸਫਾਈ, ਹਰ ਘਰ ਪਾਣੀ**

162. ਜਨਾਬ ਸਪੀਕਰ ਸਾਹਿਬ, ਇਹ ਸਾਡੇ ਸਾਰਿਆਂ ਲਈ ਖੁਸ਼ੀ ਦੀ ਗੱਲ ਹੈ ਕਿ ਪੇਂਡੂ ਖੇਤਰਾਂ ਵਿਚ 100 ਫ਼ੀਸਦ ਪਰਿਵਾਰਾਂ ਨੂੰ ਆਈ.ਐੱਚ.ਐੱਚ.ਐੱਲ ਮੁਹੱਈਆ ਕਰਵਾ ਦਿੱਤੇ ਗਏ ਹਨ। ਪੰਜਾਬ ਦਾ ਪੇਂਡੂ ਖੇਤਰ ਮਾਰਚ, 2018 ਵਿਚ ਹੀ ਓ.ਡੀ.ਐੱਫ ਹੋ ਗਿਆ ਸੀ ਜਦ ਕਿ ਰਾਸ਼ਟਰੀ ਟੀਚਾ ਅਕਤੂਬਰ, 2019 ਹੈ।

163. ਮੈਨੂੰ ਇਹ ਤੱਥ ਸਾਂਝੇ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਸੀਂ ਸਾਲ 2021 ਤੱਕ ਆਪਣੇ 100 ਫ਼ੀਸਦ ਪੇਂਡੂ ਪਰਿਵਾਰਾਂ ਨੂੰ ਵਿਅਕਤੀਗਤ ਜਲ

ਸਪਲਾਈ ਕੁਨੈਕਸ਼ਨ ਮੁਹੱਈਆ ਕਰਵਾਉਣ ਦੇ ਟੀਚੇ ਮੁਕਾਬਲੇ ਹੁਣ ਤੱਕ 99.9 ਫ਼ੀਸਦ ਆਬਾਦੀ ਨੂੰ ਪੀਣ ਯੋਗ ਪਾਣੀ ਦੀ ਸਪਲਾਈ ਮੁਹੱਈਆ ਕਰਵਾ ਚੁੱਕੇ ਹਾਂ ਅਤੇ 60 ਫ਼ੀਸਦ ਵਿਅਕਤੀਗਤ ਪਾਣੀ ਕੁਨੈਕਸ਼ਨ ਮੁਹੱਈਆ ਕਰਵਾ ਚੁੱਕੇ ਹਾਂ। ਇਸ ਉਦੇਸ਼ ਲਈ 1584.18 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕੀਤੀ ਗਈ ਹੈ ਜੋ ਕਿ ਸਾਲ 2018-19 ਨਾਲੋਂ 6.37 ਫ਼ੀਸਦ ਵਧੇਰੇ ਹੈ।

164. ਅਸੀਂ ਮੌਜੂਦਾ 600 ਆਬਾਦੀਆਂ ਦੀਆਂ ਜਲ ਸਪਲਾਈ ਸਕੀਮਾਂ ਨੂੰ 750 ਕਰੋੜ ਦੀ ਲਾਗਤ ਨਾਲ ਅਰੰਭ ਕਰਨ ਦਾ ਟੀਚਾ ਰੱਖਿਆ ਹੈ। ਇਸ ਤੋਂ ਇਲਾਵਾ 1000 ਹੋਰ ਪਿੰਡਾਂ ਨੂੰ ਘਰੇਲੂ ਕੁਨੈਕਸ਼ਨਾਂ ਰਾਹੀਂ ਸਾਫ਼ ਪਾਣੀ ਮੁਹੱਈਆ ਕਰਵਾਇਆ ਜਾਵੇਗਾ।

165. ਪੇਂਡੂ ਖੇਤਰਾਂ ਵਿਚ ਬਹੁਤ ਸਾਰੀਆਂ ਆਬਾਦੀਆਂ ਪੀਣ ਯੋਗ ਪਾਣੀ ਵਿਚ ਆਰਸੈਨਿਕ, ਫਲੋਰਾਈਡ, ਯੂਰੇਨੀਅਮ ਅਤੇ ਹੋਰ ਭਾਰੀ ਧਾਤਾਂ ਦੀ ਮੌਜੂਦਗੀ ਤੋਂ ਪ੍ਰਭਾਵਿਤ ਹਨ। ਇਸ ਸਮੱਸਿਆ ਦਾ ਸਮਾਧਾਨ ਮੁਹੱਈਆ ਕਰਨ ਲਈ ਪੇਂਡੂ ਖੇਤਰਾਂ ਵਿਚ 2311 ਰਿਵਰਸ ਓਸਮੋਸਿਸ (ਆਰ.ਓ) ਸਿਸਟਮ ਲਗਾਏ ਗਏ ਹਨ ਅਤੇ 20.00 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 193 ਹੋਰ ਆਰ.ਓ. ਪਲਾਂਟ ਪ੍ਰਗਤੀ ਅਧੀਨ ਹਨ।

**ਖਾਰਾਪਣ ਦੂਰ ਕਰਨ ਵਾਲੇ ਪਲਾਂਟ**

166. ਮੌਸਮੀ ਜਲ ਸਰੋਤਾਂ ਅਤੇ ਜ਼ਮੀਨ ਹੇਠਲੇ ਪਾਣੀ ਵਿਚਲੇ ਖਾਰੇਪਣ ਕਾਰਨ ਪੰਜਾਬ ਦੇ ਦੱਖਣੀ ਖੇਤਰਾਂ ਵਿਚ ਪੀਣ ਵਾਲੇ ਪਾਣੀ ਦੀ ਬਹੁਤ ਘਾਟ ਹੈ। ਸਰਕਾਰ ਇਨ੍ਹਾਂ ਖੇਤਰਾਂ ਵਿਚ ਪੀਣ ਵਾਲੇ ਪਾਣੀ ਦੀ ਮਿਕਦਾਰ ਵਧਾਉਣ ਲਈ 5 ਮਿਲੀਅਨ ਲੀਟਰ ਪ੍ਰਤੀ ਦਿਨ ਦੀ ਸਮਰੱਥਾ ਵਾਲੇ ਜ਼ਮੀਨੀ ਪਾਣੀ ਆਧਾਰਿਤ ਖਾਰਾਪਣ ਦੂਰ ਕਰਨ ਵਾਲੇ ਪਲਾਂਟਾਂ ਨੂੰ ਸਥਾਪਤ ਕਰੇਗੀ। ਸਾਲ 2019-20 ਦੌਰਾਨ 50,000 ਦੀ ਆਬਾਦੀ ਦੇ ਫਾਇਦੇ ਲਈ 25 ਕਰੋੜ ਰੁਪਏ ਦੀ ਲਾਗਤ ਨਾਲ ਇਕ 5 ਮਿਲੀਅਨ ਲੀਟਰ ਪ੍ਰਤੀ ਦਿਨ ਵਾਲੇ ਖਾਰਾਪਣ ਦੂਰ ਕਰਨ ਵਾਲੇ ਪਲਾਂਟ ਦੀ ਸਥਾਪਨਾ ਕੀਤੀ ਜਾਵੇਗੀ।

**ਜਲ ਸਰੋਤ**

167. ਜੰਮੂ ਕਸ਼ਮੀਰ ਸਰਕਾਰ ਦੀ ਦਖ਼ਲਅੰਦਾਜ਼ੀ ਕਾਰਨ ਲੰਮੇ ਸਮੇਂ ਤੋਂ ਲਟਕੇ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਦੇ ਕਾਰਜ ਨੂੰ ਹੁਣ ਦਸੰਬਰ, 2018 ਤੋਂ ਮੁੜ ਸ਼ੁਰੂ ਕੀਤਾ ਗਿਆ ਹੈ। ਭਾਰਤ ਸਰਕਾਰ ਨੇ ਵੀ ਇਸ ਪ੍ਰਾਜੈਕਟ ਲਈ 2716 ਕਰੋੜ ਰੁਪਏ ਦੀ ਸੋਧੀ ਲਾਗਤ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪ੍ਰਾਜੈਕਟ ਨੂੰ ਪ੍ਰਧਾਨ

ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ (ਪੀ ਐੱਮ ਕੇ ਐੱਸ ਵਾਈ) ਅਧੀਨ 99 ਮਹੱਤਵਪੂਰਨ ਪ੍ਰਾਜੈਕਟਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਸਾਡੀ ਸਰਕਾਰ ਵੱਲੋਂ ਕੀਤੇ ਯਤਨਾਂ ਦੀ ਬਦੌਲਤ ਇਸ ਪ੍ਰਾਜੈਕਟ ਦੇ ਸ਼ੇਅਰਿੰਗ ਪੈਟਰਨ ਨੂੰ ਹੁਣ 60:40 ਤੋਂ ਤਬਦੀਲ ਕਰਕੇ 86:14 ਕਰ ਦਿੱਤਾ ਹੈ। ਇਸ ਨਾਲ ਰਾਜ ਨੂੰ 145 ਕਰੋੜ ਰੁਪਏ ਦਾ ਲਾਭ ਹੋਇਆ ਹੈ। ਇਹ ਦਸੰਬਰ 2022 ਤੋਂ ਪਹਿਲਾਂ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ਅਤੇ ਇਸ ਤੋਂ 207 ਮੈਗਾਵਾਟ ਊਰਜਾ ਪੈਦਾ ਹੋਵੇਗੀ। ਇਸ ਪ੍ਰਾਜੈਕਟ ਲਈ ਸਾਲ 2019-20 ਦੌਰਾਨ 207.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

168. ਇਸ ਤੋਂ ਇਲਾਵਾ ਸਾਡੀ ਸਰਕਾਰ ਦੇ ਯਤਨਾਂ ਸਦਕਾ ਭਾਰਤ ਸਰਕਾਰ ਨੇ ਵੀ ਕ੍ਰਮਵਾਰ 1305.27 ਕਰੋੜ ਅਤੇ 671.48 ਕਰੋੜ ਰੁਪਏ ਦੀ ਲਾਗਤ ਵਾਲੇ ਰਾਜਸਥਾਨ ਫੀਡਰ ਅਤੇ ਸਰਹਿੰਦ ਫੀਡਰ ਕੈਨਾਲ ਦੀ ਰੀ-ਲਾਈਨਿੰਗ ਦੇ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਹੈ। ਸਾਲ 2019-20 ਦੌਰਾਨ ਇਨ੍ਹਾਂ ਪ੍ਰਾਜੈਕਟਾਂ ਨੂੰ ਮੁਕੰਮਲ ਕਰਨ ਲਈ ਸਾਡੇ ਵੱਲੋਂ ਕ੍ਰਮਵਾਰ 80.00 ਕਰੋੜ ਅਤੇ 120 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

169. ਕੰਢੀ ਖੇਤਰ ਦੇ 1800 ਹੈਕਟੇਅਰ ਬੰਜਰ ਭੂਮੀ ਨੂੰ ਟਿਊਬਵੈੱਲ ਸਿੰਜਾਈ ਅਧੀਨ ਲਿਆਉਣ ਲਈ 36 ਅਲਟਰਨੇਟ (alternate) ਡੂੰਘੇ ਟਿਊਬਵੈੱਲਾਂ ਦੀ ਸਥਾਪਤੀ ਲਈ 18.12 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

170. ਇਸ ਤੋਂ ਇਲਾਵਾ ਸੂਬੇ ਵਿੱਚ ਸੇਮ ਅਤੇ ਹੜ੍ਹਾਂ ਦੀ ਸਮੱਸਿਆ ਨਾਲ ਨਿਪਟਣ ਲਈ 100 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

171. ਭਾਰਤ ਸਰਕਾਰ ਦੀ ਬ੍ਰਿਜਿੰਗ ਇਰੀਗੇਸ਼ਨ ਗੈਪ (ਆਈ.ਐੱਸ. ਬੀ.ਆਈ. ਜੀ.) ਸਕੀਮ ਅਧੀਨ ਸਾਲ 2019-20 ਦੌਰਾਨ 12,49,257 ਹੈਕਟੇਅਰ ਦੇ ਕੁੱਲ ਖੇਤਰ ਵਾਲੇ 12 ਨਹਿਰੀ ਪ੍ਰਾਜੈਕਟਾਂ ਦੀਆਂ ਕਮੀਆਂ ਨੂੰ ਦੂਰ ਕਰਨ ਸਬੰਧੀ ਕਾਰਜ ਸ਼ੁਰੂ ਕੀਤਾ ਜਾਵੇਗਾ।

**ਬੁੱਢੇ ਨਾਲੇ ਦੀ ਸਫਾਈ**

172. ਮੇਰੀ ਸਰਕਾਰ ਦਰਿਆ ਸਤਲੁਜ ਵਿੱਚ ਪ੍ਰਦੂਸ਼ਣ ਦੇ ਸ੍ਰੋਤ ਬੁੱਢਾ ਨਾਲਾ ਦੀ ਸਫਾਈ ਦੇ ਕਾਰਜ ਨੂੰ ਪਰਮ ਅਗੇਤ ਦੇਣੀ ਜਾਰੀ ਰੱਖੇਗੀ। ਅਸੀਂ 'ਸਤਿਗੁਰ ਉਦੈ ਸਿੰਘ ਜੀ ਨਾਮਧਾਰੀ ਸੰਪਰਦਾ' ਅਧੀਨ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਸਥਾਪਿਤ ਕੀਤੀ ਹੈ ਅਤੇ ਬੁੱਢਾ ਨਾਲਾ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਗੰਦੇ ਪਾਣੀ ਜਾਂ ਕਿਸੇ ਹੋਰ ਪ੍ਰਦੂਸ਼ਣ ਸ੍ਰੋਤ ਨੂੰ ਰੋਕਣ ਲਈ ਇਕ ਵਿਸਤ੍ਰਿਤ ਕਾਰਜ ਯੋਜਨਾ ਵੀ ਤਿਆਰ ਕੀਤੀ ਗਈ ਹੈ। ਬੁੱਢੇ ਨਾਲੇ ਦੀ ਸਫਾਈ ਅਤੇ

ਸਾਂਭ-ਸੰਭਾਲ ਲਈ 4.38 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਹੈ।

173. ਇਸ ਤੋਂ ਇਲਾਵਾ ਅਸੀਂ ਦੂਸਰੇ ਪ੍ਰਾਜ਼ੈਕਟਾਂ ਜਿਵੇਂ ਕਿ ਬਿਸਤ ਦੁਆਬ ਨਹਿਰ ਦੀ ਰੀ-ਲਾਈਨਿੰਗ, ਸੁਖਨਾ ਚੋਅ ਦੀ ਚੈਨੇਲਾਈਜ਼ੇਸ਼ਨ/ਲਾਈਨਿੰਗ ਅਤੇ ਕੰਢੀ ਨਹਿਰ ਪੜਾਅ-II ਦੇ ਵਿਸਤਾਰ ਦੇ ਚੱਲ ਰਹੇ ਪ੍ਰਾਜੈਕਟਾਂ ਸਬੰਧੀ ਵੀ ਉਚਿਤ ਰਾਖਵਾਂਕਰਨ ਕੀਤਾ ਹੈ।

174. ਭੂਗੋਲਿਕ ਕਾਰਨਾਂ ਕਰਕੇ ਪਾਣੀ ਉਪਲਬਧਤਾ ਦੀ ਵੱਡੀ ਸਮੱਸਿਆ ਕਾਰਨ ਸੂਬੇ ਦੇ ਕੰਢੀ ਖੇਤਰ ਬਹੁਤ ਜ਼ਿਆਦਾ ਪ੍ਰਭਾਵਿਤ ਹਨ। ਸ੍ਰੀ ਅਨੰਦਪੁਰ ਸਾਹਿਬ ਆਦਿ ਵਿੱਚ ਖੇਤੀਬਾੜੀ ਦੀ ਤਰੱਕੀ ਅਤੇ ਪਾਣੀ ਦੀ ਉਪਲਬਧਤਾ ਲਈ ਇਕ ਵਿਸ਼ੇਸ਼ ਲਿਫਟ ਸਿੰਜਾਈ ਸਕੀਮ ਦੀ ਵਿਉਂਤ ਬਣਾਈ ਗਈ ਹੈ, ਜਿਸ ਲਈ ਸਾਲ 2019-20 ਦੌਰਾਨ 19.00 ਕਰੋੜ ਰੁਪਏ ਮਖਸੂਸ ਕੀਤੇ ਗਏ ਹਨ।

## ਸਸਟੈਨੇਬਲ ਡਿਵੈਲਪਮੈਂਟ

175. ਮੈਨੂੰ ਇਹ ਸੂਚਿਤ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਜਨਾਬ ਸਪੀਕਰ ਸਾਹਿਬ, ਦੀ ਯੋਗ ਅਗਵਾਈ ਅਧੀਨ ਅਸੀਂ ਇਸ ਵਿਧਾਨ ਸਭਾ ਨੂੰ ਕਾਗਜ਼ ਰਹਿਤ ਬਣਾਉਣ ਦੀ ਪ੍ਰਕਿਰਿਆ ਆਰੰਭੀ ਹੈ। ਸਾਫਟ ਕਾਪੀ ਵਜੋਂ ਬਜਟ ਦਸਤਾਵੇਜ਼ਾਂ ਦੀ ਪ੍ਰਸਤੁਤੀ ਨਾਲ ਅਸੀਂ 200 ਦਰਖਤਾਂ ਨੂੰ ਕੱਟੇ ਜਾਣ ਤੋਂ ਬਚਾਇਆ ਹੈ। ਇਸ ਪ੍ਰਾਜੈਕਟ ਅਧੀਨ ਵਿਧਾਨਕਾਰਾਂ ਦੀਆਂ ਸੀਟਾਂ ਤੇ ਸਕਰੀਨਾਂ ਸਥਾਪਿਤ ਕੀਤੀਆਂ ਜਾਣਗੀਆਂ ਅਤੇ ਵਿਧਾਨ ਸਭਾ ਦਾ ਡਾਟਾ ਭੰਡਾਰ ਵੀ ਤਿਆਰ ਕੀਤਾ ਜਾਵੇਗਾ।

## ਸਸਟੈਨੇਬਲ ਡਿਵੈਲਪਮੈਂਟ ਗੋਲਜ਼

176. ਯੂਨਾਈਟਿਡ ਨੇਸ਼ਨਜ਼ ਵੱਲੋਂ 169 ਟੀਚਿਆਂ ਅਤੇ 243 ਵਿਸ਼ਵੀ ਸੂਚਕਾਂ ਸਹਿਤ 17 ਸਸਟੈਨੇਬਲ ਡਿਵੈਲਪਮੈਂਟ ਗੋਲਜ਼ ਅਪਣਾਏ ਗਏ ਹਨ। ਰਾਜ ਸਰਕਾਰ ਇਨ੍ਹਾਂ ਗੋਲਜ਼ ਨੂੰ ਹਾਸਲ ਕਰਨ ਲਈ ਅਤੇ ਉਨ੍ਹਾਂ ਦੇ ਮੁਲਾਂਕਣ ਲਈ 4 ਸਾਲਾ ਨੀਤੀਗਤ ਕਾਰਜ ਯੋਜਨਾ (4 ਐੱਸ.ਏ.ਪੀ.) 2019-23 ਅਤੇ ਸਾਲਾਨਾ ਕਾਰਜ ਯੋਜਨਾ 2019-20 ਤਿਆਰ ਕਰ ਰਹੀ ਹੈ। ਯੂਨਾਈਟਿਡ ਨੇਸ਼ਨਜ਼ ਵਿਕਾਸ ਪ੍ਰੋਗਰਾਮ ਨੂੰ ਸਮਰੱਥਾ ਨਿਰਮਾਣ, ਸੂਚਨਾ, ਸਿੱਖਿਆ ਅਤੇ ਸੰਚਾਰ ਗਤੀਵਿਧੀਆਂ ਅਤੇ ਨਿਯੰਤ੍ਰਣ ਅਤੇ ਮੁਲਾਂਕਣ ਆਦਿ ਲਈ ਸ਼ਾਮਲ ਕੀਤਾ ਜਾਵੇਗਾ।

[ਵਿੱਤ ਮੰਤਰੀ]

## ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ

177. ਉਦਯੋਗ ਨੂੰ ਤਕਨੀਕੀ ਪ੍ਰਗਤੀਆਂ ਉਪਲਬਧ ਕਰਵਾਉਣ ਲਈ ਸਾਡੀ ਸਰਕਾਰ ਨੇ ਬਾਇਓ-ਤਕਨਾਲੋਜੀ ਇੰਡਸਟਰੀ ਰਿਸਰਚ ਅਸੀਸਟੈਂਸ ਕੌਂਸਲ (ਬੀ.ਆਈ.ਆਰ. ਏ. ਸੀ.) ਨਾਲ ਮਿਲ ਕੇ ਜੂਨ, 2018 ਵਿੱਚ ਪੰਜਾਬ ਵਿੱਚ ਆਪਣੀ ਕਿਸਮ ਦਾ ਪਹਿਲਾ ''ਸੈਕੰਡਰੀ ਐਗਰੀਕਲਚਰ/ਫ਼ੂਡ ਪ੍ਰੋਸੈਸਿੰਗ ਐਂਟਰਪ੍ਰੀਨਿਉਰੀਅਲ ਨੈੱਟਵਰਕ'' ਸ਼ੁਰੂ ਕੀਤਾ ਹੈ। ਇਹ ਨੈਟਵਰਕ ਖੇਤੀਬਾੜੀ ਖੁਰਾਕ ਉਦਯੋਗ ਦੀਆਂ ਅਨਪੂਰਕ ਲੋੜਾਂ ਤੱਕ ਪਹੁੰਚ ਕਰੇਗਾ ਅਤੇ ਇਸ ਦੇ ਨਿਪਟਾਰੇ ਲਈ ਤਕਨੀਕੀ ਸਮਾਧਾਨ ਵਿਕਸਿਤ ਕਰੇਗਾ।

178. ਭਾਰਤ ਸਰਕਾਰ ਦੀ ਸਹਾਇਤਾ ਨਾਲ ਪੰਜਾਬ ਦੇ ਕੰਢੀ ਖੇਤਰ ਵਿੱਚ ਇਕ ਪੇਂਡੂ ਬਾਇਓ-ਤਕਨਾਲੋਜੀ ਇਨੋਵੇਸ਼ਨ ਐਪਲੀਕੇਸ਼ਨ ਸੈਂਟਰ ਸਥਾਪਿਤ ਕੀਤਾ ਜਾ ਰਿਹਾ ਹੈ। ਲਗਭਗ 500 ਐੱਮ.ਐੱਸ.ਐੱਮ.ਈ. ਯੂਨਿਟਾਂ ਜਿਵੇਂ ਕਿ ਫਾਊਂਡਰੀਆਂ, ਰੀ-ਰੋਲਿੰਗ ਮਿੱਲਾਂ, ਇੰਡਕਸ਼ਨ ਭੱਠੀਆਂ ਅਤੇ ਇੱਟਾਂ ਵਾਲੇ ਭੱਠਿਆਂ ਵਿੱਚ ਹਵਾ ਪ੍ਰਦੂਸ਼ਣ, ਨਿਯੰਤ੍ਰਣ ਅਤੇ ਊਰਜਾ ਕੁਸ਼ਲਤਾ ਲਈ ਨਵੀਨ ਤਕਨਾਲੋਜੀਆਂ ਨੂੰ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ।

## ਜੰਗਲਾਤ ਅਤੇ ਜੰਗਲੀ ਜੀਵ

179. ਇਹ ਕਹਿੰਦੇ ਹੋਏ ਮੈਨੂੰ ਫ਼ਖਰ ਮਹਿਸੂਸ ਹੋ ਰਿਹਾ ਹੈ ਕਿ ਪਿਛਲੇ ਸਾਲ ਸ਼ੁਰੂ ਕੀਤੀ ਗਈ ''ਘਰ-ਘਰ ਹਰਿਆਲੀ'' ਸਕੀਮ ਅਧੀਨ ਸਰਕਾਰੀ ਅਤੇ ਵੱਖ-ਵੱਖ ਸੰਸਥਾਵਾਂ ਦੁਆਰਾ 63 ਲੱਖ ਪੌਦੇ ਲਗਾਏ ਜਾ ਚੁੱਕੇ ਹਨ। ਸਾਲ 2019-20 ਦੌਰਾਨ ਗਰੀਨ ਪੰਜਾਬ ਮਿਸ਼ਨ ਅਧੀਨ 100 ਲੱਖ ਪੌਦੇ ਅਤੇ ਹੋਰ ਦੂਸਰੀਆਂ ਸਕੀਮਾਂ ਅਧੀਨ 50 ਲੱਖ ਪੌਦੇ ਵੱਖ-ਵੱਖ ਕਿਸਾਨਾਂ, ਸਕੂਲਾਂ, ਧਾਰਮਿਕ ਅਤੇ ਪਰਉਪਕਾਰੀ ਸੰਸਥਾਵਾਂ ਨੂੰ ਮੁਫ਼ਤ ਮੁਹੱਈਆ ਕਰਵਾਏ ਜਾਣਗੇ।

180. ਇਸ ਤੋਂ ਇਲਾਵਾ 20 ਨਵੰਬਰ 2018 ਨੂੰ ਸੁਲਤਾਨਪੁਰ ਲੋਧੀ ਵਿਖੇ ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ ਪੌਦਾ ਲਗਾ ਕੇ ਕੀਤੀ ਗਈ ਸ਼ੁਰੂਆਤ ਦੀ ਨਿਰੰਤਰਤਾ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੇ ਪਵਿੱਤਰ ਮੌਕੇ 'ਤੇ ਸੂਬੇ ਦੇ ਹਰੇਕ ਪਿੰਡ ਵਿੱਚ 550 ਪੌਦੇ ਲਗਾਏ ਜਾਣਗੇ।

## ਨਵੇਂ ਅਤੇ ਪੁਨਰ ਨਵਿਆਉਣਯੋਗ ਊਰਜਾ ਸਰੋਤ

181. ਪਾਰਦਰਸ਼ੀ ਬੋਲੀ ਰਾਹੀਂ 650 ਮੈਗਾਵਾਟ ਦੀ ਸਮਰੱਥਾ ਵਾਲੇ ਸੂਰਜੀ ਊਰਜਾ ਪ੍ਰਾਜੈਕਟਾਂ ਦੀ ਸਥਾਪਤੀ ਦੀ ਪ੍ਰਕਿਰਿਆ ਨੂੰ ਸ਼ੁਰੂ ਕੀਤਾ ਜਾ ਚੁੱਕਾ ਹੈ। ਸੂਬੇ ਵਿੱਚ

ਪਰਾਲੀ ਦੀ ਵਰਤੋਂ ਨਾਲ 150 ਮੈਗਾਵਾਟ ਦੀ ਸਮਰੱਥਾ ਵਾਲੇ ਬਾਇਓਮਾਸ ਆਧਾਰਿਤ ਊਰਜਾ ਪ੍ਰਾਜੈਕਟ ਸਥਾਪਿਤ ਕਰਵਾਏ ਜਾਣਗੇ। ਜ਼ਿਲ੍ਹਾ ਸੰਗਰੂਰ ਅਤੇ ਐੱਸ.ਏ.ਐੱਸ. ਨਗਰ (ਮੁਹਾਲੀ) ਵਿੱਚ ਪਰਾਲੀ ਦੀ ਵਰਤੋਂ ਨਾਲ ਬਾਇਓ-ਸੀ.ਐੱਨ.ਜੀ. ਉਤਪਾਦਨ ਲਈ ਦੋ ਪ੍ਰਾਜੈਕਟ ਸਥਾਪਿਤ ਕੀਤੇ ਜਾ ਰਹੇ ਹਨ।

182. ਸਾਲ 2019-20 ਦੌਰਾਨ ਜਵਾਹਰ ਲਾਲ ਨਹਿਰੂ ਸੋਲਰ ਮਿਸ਼ਨ ਅਧੀਨ 105 ਕਰੋੜ ਰੁਪਏ ਦੀ ਲਾਗਤ ਨਾਲ 5,000 ਸੋਲਰ ਵਾਟਰ ਪੰਪ ਲਗਾਏ ਜਾਣਗੇ। ਅਸੀਂ ਸਾਲ 2019-20 ਦੌਰਾਨ 15,000 ਸੋਲਰ ਸਟਰੀਟ ਲਾਈਟਾਂ, 5,000 ਪਰਿਵਾਰਕ ਬਾਇਓ ਗੈਸ ਪਲਾਂਟਾਂ ਅਤੇ 25 ਮੈਗਾਵਾਟ ਦੀ ਸਮਰੱਥਾ ਵਾਲੇ ਰੂਫ ਟਾਪ ਸੋਲਰ ਪਾਵਰ ਪਲਾਂਟਾਂ ਦੀ ਸਥਾਪਤੀ ਦਾ ਕਾਰਜ ਵੀ ਸ਼ੁਰੂ ਕਰਾਂਗੇ। ਅਸੀਂ ਪੰਜਾਬ ਵਿਧਾਨ ਸਭਾ, ਪੰਜਾਬ ਮੁੱਖ ਸਕੱਤਰੇਤ ਅਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸਾਂ ਵਿਖੇ ਸੋਲਰ ਰੂਫ ਟਾਪ ਪ੍ਰਾਜੈਕਟਾਂ ਦੀ ਸਥਾਪਤੀ ਦੀ ਵੀ ਯੋਜਨਾ ਬਣਾ ਰਹੇ ਹਾਂ।

**ਗ੍ਰਹਿ ਮਾਮਲੇ ਅਤੇ ਨਿਆਂ**

**ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ (ਈ ਆਰ ਐੱਸ ਐੱਸ) ਡਾਇਲ-112**

183. ਰਾਜ ਸਰਕਾਰ ਨੇ ਇਕ ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ (ਈ.ਆਰ.ਐੱਸ.ਐੱਸ.) "ਡਾਇਲ 112" ਸ਼ੁਰੂ ਕੀਤਾ ਹੈ ਜੋ ਕਿ ਪ੍ਰਗਤੀ ਦੇ ਪੱਧਰ ਹੈ ਅਤੇ ਜਲਦੀ ਹੀ ਚਾਲੂ ਹੋ ਜਾਵੇਗਾ। ਇਹ ਸਿੰਗਲ ਐਮਰਜੈਂਸੀ ਨੰਬਰ ਐਂਬੂਲੈਂਸ ਸੇਵਾਵਾਂ, ਫਾਇਰ ਸੇਵਾਵਾਂ ਅਤੇ ਪੁਲਿਸ ਤੋਂ ਇਲਾਵਾ ਆਫ਼ਤਾਂ ਸਬੰਧੀ ਜ਼ਰੂਰਤਾਂ ਦੀ ਵੀ ਪੂਰਤੀ ਕਰੇਗਾ।

**ਔਰਤਾਂ ਦੀ ਸੁਰੱਖਿਆ**

184. ਔਰਤਾਂ ਦੀ ਸੁਰੱਖਿਆ ਵਿਸ਼ਵ ਪੱਧਰ 'ਤੇ ਇਕ ਵਧੇਰੇ ਵਾਦ-ਵਿਵਾਦ ਵਾਲਾ ਮੁੱਦਾ ਰਿਹਾ ਹੈ ਅਤੇ ਇਸ ਨੂੰ ਆਂਤਰਿਕ ਰੂਪ ਵਿੱਚ ਔਰਤਾਂ ਵਿਰੁੱਧ ਜ਼ੁਲਮ ਨਾਲ ਜੋੜਿਆ ਜਾਂਦਾ ਹੈ। ਸਾਡੀ ਸਰਕਾਰ ਸਾਰੇ ਸਰਕਾਰੀ ਸਕੂਲਾਂ, ਕਾਲਜਾਂ ਅਤੇ ਦੂਸਰੇ ਜਨਤਕ ਸਥਾਨਾਂ ਉਪਰ ਸੀ.ਸੀ.ਟੀ.ਵੀ. ਨਿਗਰਾਨੀ ਪ੍ਰਣਾਲੀ ਦੇ ਉਪਬੰਧ ਦੁਆਰਾ ਰਾਜ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਏਗੀ।

**ਵਿਸ਼ੇਸ਼ ਆਪ੍ਰੇਸ਼ਨ ਗਰੁੱਪ**

185. ਅੱਤਵਾਦੀਆਂ ਦੁਆਰਾ ਗ਼ੈਰ-ਰਵਾਇਤੀ ਲੜਾਈ ਦੇ ਸਾਧਨਾਂ ਦੀ ਵਰਤੋਂ ਨੇ

[ਵਿੱਤ ਮੰਤਰੀ]
ਰਾਜ ਦੇ ਅੱਤਵਾਦ ਵਿਰੋਧੀ ਮੁਕਾਬਲੇ ਸਬੰਧੀ ਵਿਉਂਤਾਂ ਵਿੱਚ ਤਬਦੀਲੀ ਨੂੰ ਵਧੇਰੇ ਤੇਜ਼ ਕੀਤਾ ਹੈ। ਗੰਭੀਰ ਅੱਤਵਾਦੀ ਗਤੀਵਿਧੀਆਂ ਦੇ ਮੁਕਾਬਲੇ ਲਈ ਇਕ ਵਿਸ਼ੇਸ਼ ਆਪ੍ਰੇਸ਼ਨ ਗਰੁੱਪ ਸਥਾਪਿਤ ਕੀਤਾ ਗਿਆ ਹੈ ਅਤੇ ਇਨ੍ਹਾਂ ਦੇ ਨਿਰਵਿਘਨ ਕਾਰਜ ਲਈ ਲੋੜੀਂਦੇ ਉਪਬੰਧ ਕੀਤੇ ਹਨ। ਸੀ.ਐਮ. ਸਾਹਿਬ ਨੇ ਇਸ ਤੇ ਖਾਸ ਤਵੱਜੋ ਦਿੱਤੀ ਹੈ। ਪੰਜਾਬ ਪੁਲਿਸ ਵਿੱਚ ਸਪੈਸ਼ਲ ਆਪ੍ਰੇਸ਼ਨ ਗਰੁੱਪ ਤਿਆਰ ਕੀਤਾ ਜਾ ਰਿਹਾ ਹੈ ਕਿਉਂਕਿ ਸਪੀਕਰ ਸਾਹਿਬ ਜਿਸ ਤਰ੍ਹਾਂ ਦਾ ਮਾਹੌਲ ਹੈ ਔਰ ਜਿਸ ਤਰ੍ਹਾਂ ਕਸ਼ਮੀਰ ਵਿੱਚ ਪਰਸੋਂ ਬੜਾ ਮੰਦਭਾਗਾ ਵਾਕਿਆ ਹੋਇਆ ਹੈ ਜਿੱਥੇ ਹਿੰਦੁਸਤਾਨ ਦੀ ਪੱਗ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ। ਸਪੀਕਰ ਸਾਹਿਬ, ਅਸੀਂ ਅਮਨ ਪਸੰਦ ਲੋਕ ਹਾਂ। ਅਸੀਂ ਕਿਸੇ ਨਾਲ ਲੜਾਈ ਨਹੀਂ ਚਾਹੁੰਦੇ ਹਾਂ ਪਰ ਕਈ ਵਾਰੀ ਦੇਸ਼ ਦੇ ਦੁਸ਼ਮਨ ਸਾਡੀ ਅਮਨ ਪਸੰਦ ਦੀ ਲਾਲਸਾ ਨੂੰ ਸਾਡੀ ਕਮਜ਼ੋਰੀ ਸਮਝ ਲੈਂਦੇ ਹਨ। ਇਸ ਨੂੰ ਨਜਿੱਠਣ ਵਾਸਤੇ ਪੰਜਾਬ ਪੁਲਿਸ ਵਿੱਚ ਇੱਕ ਸਪੈਸ਼ਲ ਆਪ੍ਰੇਸ਼ਨ ਗਰੁੱਪ ਸ਼ੁਰੂ ਕੀਤਾ ਜਾ ਰਿਹਾ ਹੈ ਜਿਹੜਾ ਕਿ ਟੋਟਲੀ modern weapon ਨਾਲ ਲੈਸ ਹੋਵੇਗਾ ਔਰ ਸਾਰੀ ਟ੍ਰੇਨਿੰਗ ਬਿਹਤਰ ਤੋਂ ਬਿਹਤਰ ਉਨ੍ਹਾਂ ਨੂੰ ਦਿੱਤੀ ਜਾਵੇਗੀ।

**ਮਾਲ ਵਿਭਾਗ**

186. ਰਾਜ ਸਰਕਾਰ ਨੇ ਸਾਰੇ ਉਪ ਰਜਿਸਟਰਾਰ ਦਫਤਰਾਂ ਵਿੱਚ ਆਨ-ਲਾਈਨ ਰਜਿਸਟ੍ਰੇਸ਼ਨ ਦੁਆਰਾ ਪਾਰਦਰਸ਼ੀ ਅਤੇ ਕੁਸ਼ਲ ਰਾਜ ਪ੍ਰਬੰਧ ਮੁਹੱਈਆ ਕਰਵਾਉਣ ਦੇ ਮਹੱਤਵਪੂਰਨ ਟੀਚੇ ਨੂੰ ਪ੍ਰਾਪਤ ਕੀਤਾ ਹੈ ਅਤੇ ਸਾਲ 2018-19 ਦੌਰਾਨ ਇਸ ਪ੍ਰਣਾਲੀ ਦੁਆਰਾ 4 ਲੱਖ ਤੋਂ ਵਧੇਰੇ ਦਸਤਾਵੇਜ਼ ਰਜਿਸਟਰਡ ਕੀਤੇ ਜਾ ਚੁੱਕੇ ਹਨ। ਅਸੀਂ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਸਾਰੇ ਮਾਲੀਆ ਅਦਾਲਤਾਂ ਦੇ ਡਿਜੀਟਾਈਜੇਸ਼ਨ ਦਾ ਆਰੰਭਿਕ ਪ੍ਰੋਜੈਕਟ ਵੀ ਸ਼ੁਰੂ ਕੀਤਾ ਹੈ। ਸਾਡੀ ਸਰਕਾਰ ਸਾਲ 2019-20 ਦੌਰਾਨ ਰਹਿੰਦੇ ਜ਼ਿਲ੍ਹਿਆਂ ਨੂੰ ਵੀ ਕਵਰ ਕਰਨਾ ਚਾਹੁੰਦੀ ਹੈ।

187. ਸਾਲ 2019-20 ਦੌਰਾਨ ਅੰਮ੍ਰਿਤਸਰ, ਫਾਜ਼ਿਲਕਾ, ਫਿਰੋਜ਼ਪੁਰ, ਤਰਨਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਦੇ 6 ਸਰਹੱਦੀ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ 10,000 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਮੁਆਵਜ਼ਾ ਦੇਣ ਲਈ 19.47 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਜਾ ਰਹੀ ਹੈ। ਇਹ ਮੁਆਵਜ਼ਾ ਉਨ੍ਹਾਂ ਕਿਸਾਨਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਦੀ ਜ਼ਮੀਨ ਸਰਹੱਦੀ ਬਾੜ ਅਤੇ ਅੰਤਰ ਰਾਸ਼ਟਰੀ ਸਰਹੱਦ ਦੇ ਵਿਚਕਾਰ ਹੈ ਅਤੇ ਜਿਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਤੱਕ ਆਪਣੀ ਮਸ਼ੀਨਰੀ ਦੀ ਪਹੁੰਚ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਬੰਦਸ਼ਾਂ ਦਾ ਸਾਹਮਣਾ ਕਰਦੇ ਹਨ।

## ਸਬ-ਡਿਵੀਜ਼ਨ ਕਮ ਤਹਿਸੀਲ ਕੰਪਲੈਕਸ ਦਾ ਨਿਰਮਾਣ

188. ਚਾਲੂ ਸਾਲ ਦੌਰਾਨ ਮੋਰਿੰਡਾ, ਦੀਨਾ ਨਗਰ ਅਤੇ ਗੁਰੂ ਹਰਸਹਾਇ ਵਿਖੇ ਤਿੰਨ ਨਵੇਂ ਉਪ ਮੰਡਲ -ਕਮ-ਤਹਿਸੀਲ ਕੰਪਲੈਕਸਾਂ ਦਾ ਨਿਰਮਾਣ ਕੀਤਾ ਜਾਵੇਗਾ।

## ਵਸਤੂਆਂ ਅਤੇ ਸੇਵਾਵਾਂ ਕਰ (ਜੀ.ਐੱਸ.ਟੀ.)

189. ਵਸਤੂਆਂ ਅਤੇ ਸੇਵਾਵਾਂ ਕਰ (ਜੀ.ਐੱਸ.ਟੀ.) ਜੋ ਕਿ ਭਾਰਤ ਦਾ ਸਭ ਤੋਂ ਵੱਡਾ ਅਸਿੱਧਾ ਕਰ ਸੁਧਾਰ ਹੈ, ਨੇ ਹੁਣ ਤੱਕ ਡੇਢ ਸਾਲ ਪੂਰੇ ਕਰ ਲਏ ਹਨ। ਜੀ.ਐੱਸ. ਟੀ. ਦੇ ਅਮਲ ਵਿੱਚ ਲਿਆਉਣ ਤੋਂ ਪਹਿਲਾਂ ਇਹ ਅੰਦਾਜ਼ਾ ਲਗਾਇਆ ਗਿਆ ਸੀ ਕਿ ਜੀ.ਐੱਸ.ਟੀ ਵਧੇਰੇ ਪਾਲਣਾ ਨੂੰ ਅਮਲ ਵਿੱਚ ਲਿਆਵੇਗਾ ਜਿਸ ਨਾਲ ਵਧੇਰੇ ਮਾਲੀਆ ਇਕੱਤਰ ਹੋਵੇਗਾ ਅਤੇ ਨਤੀਜੇ ਵਜੋਂ ਸਾਰੇ ਰਾਜਾਂ ਵਿਚਲੇ ਮਾਲੀਏ ਵਿਚਲੀਆਂ ਕਮੀਆਂ ਨੂੰ ਪੂਰਾ ਕਰ ਦੇਵੇਗਾ। ਪ੍ਰੰਤੂ, ਜੀ.ਐੱਸ.ਟੀ. ਦੇ ਪਹਿਲੇ ਸਾਲ ਦੇ ਅਮਲ ਦੌਰਾਨ ਹੀ ਮਾਲੀਆ ਪ੍ਰਾਪਤੀਆਂ ਅਨੁਮਾਨਾਂ ਤੋਂ ਬਹੁਤ ਹੇਠਾਂ ਰਹੀਆਂ ਹਨ। ਮੁੱਖ ਵਸਤੂਆਂ ਜਿਵੇਂ ਕਿ ਆਟੋ-ਮੋਬਾਇਲਜ਼ ਅਤੇ ਆਟੋ-ਪਾਰਟਸ, ਸਾਈਕਲ ਅਤੇ ਸਾਈਕਲ ਪਾਰਟਸ, ਹੌਜ਼ਰੀ / ਰੈਡੀਮੇਡ ਕੱਪੜੇ, ਸਾਫਟ ਡਰਿੰਕਸ ਅਤੇ ਸੀਮਿੰਟ ਵਰਗੀਆਂ ਮੁੱਖ ਵਸਤੂਆਂ ਤੋਂ ਰਾਜ ਦਾ ਮਾਲੀਆ ਪੂਰਬਲੇ ਸਾਲ ਦੇ ਮਾਲੀਏ ਦੇ ਮੁਕਾਬਲੇ ਵਿੱਚ ਘੱਟ ਗਿਆ ਹੈ। ਇਸ ਪ੍ਰਕਾਰ ਜੀ.ਐੱਸ. ਟੀ. ਮਾਲੀਏ ਨੇ ਉਸ ਪ੍ਰਕਾਰ ਦੀ ਤੇਜ਼ੀ ਨਹੀਂ ਵਿਖਾਈ ਜਿਸ ਦੀ ਕਿ ਇਸ ਤੋਂ ਉਮੀਦ ਕੀਤੀ ਗਈ ਸੀ।

190. ਪੰਜਾਬ ਦੇ ਵਪਾਰੀ ਵਰਗ ਨੇ ਜੀ.ਐੱਸ.ਟੀ. ਨੂੰ ਸੱਚੇ ਦਿਲੋਂ ਅਪਣਾਇਆ ਹੈ ਅਤੇ ਪੰਜਾਬ ਦਾ ਦਰਜਾ ਰਿਟਰਨ ਫਾਈਲ ਕਰਨ ਵਾਲੇ ਉੱਪਰਲੇ ਤਿੰਨ ਸੂਬਿਆਂ ਵਿੱਚ ਆਇਆ ਹੈ। ਅਸੀਂ ਸਮੇਂ-ਸਮੇਂ 'ਤੇ ਜੀ.ਐੱਸ.ਟੀ. ਕੌਂਸਲ ਦੀਆਂ ਮੀਟਿੰਗਾਂ ਵਿੱਚ ਵਪਾਰੀ ਭਾਈਵਾਲਾਂ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦੇ ਰਹੇ ਹਾਂ। ਸਥਾਨਕ ਵਪਾਰੀ ਵਰਗ ਦੀਆਂ ਸਮੱਸਿਆਵਾਂ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬ ਨੇ ਅੰਤਰਰਾਜੀ ਸਪਲਾਈਆਂ ਲਈ ਈ-ਵੇਅ ਬਿਲ ਸੀਮਾ 50,000/- ਤੋਂ ਵਧਾ ਕੇ 1,00,000/-ਰੁਪਏ ਕਰ ਦਿੱਤੀ ਹੈ। ਅਸੀਂ ਰਿਫਰੈਸ਼ਰ ਵਰਕਸ਼ਾਪਾਂ ਅਤੇ ਸੈਮੀਨਾਰਾਂ ਦਾ ਆਯੋਜਨ ਵੀ ਕਰ ਰਹੇ ਹਾਂ ਕਿ ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਸਰਕਾਰ ਦੇ ਸਾਕਾਰਾਤਮਕ ਉਪਾਵਾਂ ਅਤੇ ਉਦਯੋਗ ਦੀ ਸਰਗਰਮ ਸ਼ਮੂਲੀਅਤ ਕਾਰਨ ਜੀ.ਐੱਸ.ਟੀ. ਦਾ ਚੰਗਾ ਅਤੇ ਸਾਦਾ ਟੈਕਸ ਅਮਲ ਹੋਵੇਗਾ।

**ਬਜਟ ਇਕ ਝਲਕ**

191. ਜਨਾਬ ਸਪੀਕਰ ਸਾਹਿਬ, ਸਾਲ 2019-20 ਲਈ ਕੁੱਲ ਬਜਟ ਅਕਾਰ 158493 ਕਰੋੜ ਰੁਪਏ ਹੈ ਪ੍ਰੰਤੂ ਚਾਲੂ ਸਾਲ ਲਈ ਉਪਾਅ ਅਤੇ ਸਾਧਨ ਲੈਣ ਦੇਣ ਲਈ 32000 ਕਰੋੜ ਰੁਪਏ ਦਾ ਬਜਟ ਉਪਬੰਧ ਕਰਨ ਤੋਂ ਬਾਅਦ ਵਾਸਤਵਿਕ ਬਜਟ ਆਕਾਰ 126493 ਕਰੋੜ ਰੁਪਏ ਹੈ। ਕੁੱਲ ਪ੍ਰਾਪਤੀਆਂ 154170 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਵੇਰਵੇ ਨਿਮਨ ਅਨੁਸਾਰ ਹਨ :

| **ਲੜੀ ਨੰ.** | **ਮੱਦ** | **ਸੋਧੇ ਅਨੁਮਾਨ 2018-19 (ਕਰੋੜ ਰੁਪਏ)** | **ਬਜਟ ਅਨੁਮਾਨ 2019-20 (ਕਰੋੜ ਰੁਪਏ)** |
|---|---|---|---|
| **1** | **2** | **3** | **4** |
| 1. | **ਮਾਲੀਆ ਪ੍ਰਾਪਤੀਆਂ (2+3+4+5)** | 70399 | 78510 |
| 2. | ਰਾਜ ਦਾ ਆਪਣਾ ਕਰ ਮਾਲੀਆ | 32742 | 37674 |
| 3. | ਰਾਜ ਦਾ ਆਪਣਾ ਗ਼ੈਰ-ਕਰ ਮਾਲੀਆ | 9930 | 9477 |
| 4. | ਕੇਂਦਰੀ ਟੈਕਸਾਂ ਦਾ ਹਿੱਸਾ | 12009 | 13319 |
| 5. | ਕੇਂਦਰ ਤੋਂ ਗ੍ਰਾਂਟ-ਇਨ-ਏਡ | 15718 | 18039 |
| 6. | **ਪੂੰਜੀਗਤ ਪ੍ਰਾਪਤੀਆਂ (7+8+9)** | 54691 | 75660 |
| 7. | ਉਪਾਅ ਤੇ ਸਾਧਨ ਪੇਸ਼ਗੀਆਂ ਤੋਂ ਇਲਾਵਾ ਜਨਤਕ ਕਰਜ਼ | 23947 | 27975 |
| 8. | ਉਪਾਅ ਅਤੇ ਸਾਧਨ ਪੇਸ਼ਗੀਆਂ | 30000 | 32000 |
| 9 | ਕਰਜ਼ਿਆਂ ਦੀ ਵਸੂਲੀ | 743 | 15685 |
| 10. | **ਕੁੱਲ ਪ੍ਰਾਪਤੀਆਂ (1+6)** | 125090 | 154170 |
| 11. | **ਮਾਲੀਆ ਖ਼ਰਚ (12+13+14+15)** | 82318 | 90197 |
| 12. | ਤਨਖਾਹਾਂ ਅਤੇ ਉਜਰਤਾਂ (ਗ੍ਰਾਂਟ-ਇਨ-ਏਡ ਤਨਖਾਹ ਸਮੇਤ) (ਗ੍ਰਾਂਟ-ਇਨ-ਏਡ ਸਮੇਤ) | 25378 | 26979 |
| 13. | ਪੈਨਸ਼ਨ ਅਤੇ ਰਿਟਾਇਰਮੈਂਟ ਲਾਭ | 10254 | 10875 |
| 14. | ਵਿਆਜ ਅਦਾਇਗੀਆਂ | 16312 | 17669 |
| 15. | ਹੋਰ ਮਾਲੀਆ ਖ਼ਰਚ | 30374 | 34674 |

| | | | |
|---|---|---|---|
| 16. | ਪੂੰਜੀਗਤ ਖ਼ਰਚ | 4872 | 22842 |
| 17. | ਉਪਾਅ ਅਤੇ ਸਾਧਨ ਪੇਸ਼ਗੀਆਂ ਤੋਂ ਇਲਾਵਾ ਜਨਤਕ ਕਰਜ਼ ਦਾ ਭੁਗਤਾਨ | 8623 | 12640 |
| 1 | 2 | 3 | 4 |
| 18. | ਉਪਾਅ ਅਤੇ ਸਾਧਨ ਪੇਸ਼ਗੀਆਂ ਦਾ ਭੁਗਤਾਨ | 30000 | 32000 |
| 19. | ਕਰਜ਼ਾ ਪੇਸ਼ਗੀਆਂ | 1603 | 814 |
| **20.** | **ਕੁੱਲ ਖ਼ਰਚ (11+16+17+18+19)** | 127415 | 158493 |
| **21.** | **ਮਾਲੀਆ ਘਾਟਾ (11-1)** | 11919 | 11687 |
| **22.** | **ਵਿੱਤੀ ਘਾਟਾ (21+19+16-9)** | 17650 | 19658 |
| 23. | ਮੁੱਢਲਾ ਘਾਟਾ (22-14) | 1338 | 1989 |
| 24. | ਬਕਾਇਆ ਕਰਜ਼ | 212276 | 229612 |
| 25. | ਚਲੰਤ ਕੀਮਤਾਂ ਤੇ ਜੀ.ਐਸ.ਡੀ.ਪੀ. | 518291 | 577829 |

ਅੰਕੜਿਆਂ ਨੂੰ ਪੂਰ ਕਰ ਦਿੱਤਾ ਗਿਆ ਹੈ।

ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ। ਵੈਸੇ ਤਾਂ ਸਿਆਣੇ ਕਹਿੰਦੇ ਹਨ ਕਿ ਵੱਡੇ ਬੋਲ ਨਾ ਬੋਲੀਏ, ਪ੍ਰਮਾਤਮਾ ਤੇ ਹੰਕਾਰ ਦਾ ਵੈਰ ਪੈ ਜਾਂਦਾ ਹੈ ਪਰ ਸਪੀਕਰ ਸਾਹਿਬ, ਕੈਪਟਨ ਸਾਹਿਬ ਦੀ ਕਿਆਦਤ ਸੀ ਕਿ ਅਸੀਂ ਆਪਣਾ ਰੈਵੀਨਿਊ ਡੈਫੀਸਿਟ 2.02 ਤੇ ਬੰਨ੍ਹ ਲਿਆ। (ਥੰਪਿੰਗ) ਉਸੇ ਤਰ੍ਹਾਂ ਹੀ ਫਿਸਕਲ ਡੈਫੀਸਿਟ ਨੂੰ 3.40 ਤੇ ਰੋਕਣ ਵਿੱਚ ਕਾਮਯਾਬ ਹੋ ਗਏ ਹਾਂ। (ਥੰਪਿੰਗ) ਸਪੀਕਰ ਸਾਹਿਬ, ਜਿਹੜੇ ਸਾਲ ਸਾਨੂੰ ਸਰਕਾਰ ਮਿਲੀ ਸੀ ਉਸ ਸਾਲ ਫਿਸਕਲ ਡੈਫੀਸਿਟ 12.36 ਸੀ ਅਤੇ ਹੁਣ 12 ਤੋਂ ਘਟਾ ਕੇ 3.40 ਤੇ ਲੈ ਕੇ ਆਏ ਹਾਂ। ਸਪੀਕਰ ਸਾਹਿਬ, ਇਹ ਪ੍ਰਮਾਤਮਾ ਦੀ ਨੁਸਰਤ ਹੀ ਹੋ ਸਕਦੀ ਹੈ। ਸਪੀਕਰ ਸਾਹਿਬ, ਮੈਂ ਇਹ ਨਹੀਂ ਕਹਿੰਦਾ ਹਾਂ ਕਿ ਅਸੀਂ ਬਹੁਤ ਸਿਆਣੇ ਹਾਂ ਤੇ ਇਹ ਸ਼ਾਇਦ ਸਿਆਣੇ ਨਹੀਂ ਸੀ, ਗੱਲ ਨੀਅਤ ਦੀ ਸੀ। ਜੇ ਬੰਦੇ ਦੀ ਨੀਅਤ ਹੋਵੇ ਤਾਂ ਕੀ ਨਹੀਂ ਹੋ ਸਕਦਾ ਹੈ। (ਥੰਪਿੰਗ) ਸਪੀਕਰ ਸਾਹਿਬ, ਉਸੇ ਤਰ੍ਹਾਂ ਹੀ ਸਾਡਾ ਪ੍ਰਾਇਮਰੀ ਡੈਫੀਸਿਟ 0.34 ਤੇ ਰਹਿ ਗਿਆ ਹੈ ਔਰ ਸਾਡੀ ਡੈੱਟ ਤੇ ਜੀ.ਐਸ.ਡੀ.ਪੀ. ਦੀ ਰੇਸ਼ੋ 40 ਤੋਂ ਵੀ ਘੱਟ ਕੇ 39.74 ਆ ਗਈ ਹੈ।

192. ਜਦੋਂ 2017-18 ਵਿੱਚ ਮੈਂ ਇਸ ਸਰਕਾਰ ਦਾ ਪਹਿਲਾ ਬਜਟ ਪੇਸ਼ ਕੀਤਾ ਤਾਂ 10273 ਕਰੋੜ ਰੁਪਏ ਦਾ ਗ਼ੈਰ ਫ਼ੰਡਿਡ ਗੈਪ ਮੌਜੂਦ ਸੀ, ਜਿਸ ਨੂੰ ਘਟਾ ਕੇ ਸਾਲ 2018-19 (ਬਜਟ ਅਨੁਮਾਨ) ਵਿੱਚ 4175 ਕਰੋੜ ਰੁਪਏ 'ਤੇ ਲੈ ਆਉਂਦਾ ਹੈ। ਜਦੋਂ ਅਸੀਂ ਸਾਲ 2019-20 (ਬਜਟ ਅਨੁਮਾਨ) ਲਈ ਅਗਲੇ ਸਾਲ ਵਾਸਤੇ ਸਾਡੀਆਂ ਦੇਣਦਾਰੀਆਂ ਦੇ ਛੋਟੇ ਜਿਹੇ ਕੈਰੀ ਫਾਰਵਰਡ ਨੂੰ ਵੇਖਦੇ ਹਾਂ ਤਾਂ ਹੁਣ 2323 ਕਰੋੜ ਰੁਪਏ ਦਾ ਅਣਫ਼ੰਡਿਡ ਗੈਪ ਨਜ਼ਰ ਆਉਂਦਾ ਹੈ। ਮੈਂ ਇਸ ਖਸਾਰੇ ਨੂੰ ਟੈਕਸ ਨਾਲ ਪੂਰਾ ਕਰ ਸਕਦਾ ਸੀ ਪਰ ਮੈਂ ਪੁਰ ਯਕੀਨ ਹਾਂ ਕਿ ਅਸੀਂ ਇਸ ਨੂੰ ਬਿਹਤਰ ਮਾਲੀ ਪ੍ਰਬੰਧ ਨਾਲ ਪੂਰਾ ਕਰਨ ਦੇ ਵਿਚ ਕਾਮਯਾਬ ਹੋਵਾਂਗੇ।

193. ਸਾਡੀ ਸਰਕਾਰ ਨੇ ਵਿੱਤ ਵਿਭਾਗ ਵਿੱਚ ਇਕ ਖਸੂਸੀ 'ਕਰਜ਼ ਪ੍ਰਬੰਧ ਯੂਨਿਟ' ਕਾਇਮਤ ਕਰਕੇ ਸੂਬੇ ਦੇ ਕਰਜ਼ ਆਕਾਰ ਨੂੰ ਘਟਾਉਣ ਲਈ ਕਦਮ ਚੁੱਕੇ ਹਨ। ਇਹ ਗੱਲ ਧਿਆਨ ਵਿੱਚ ਲਿਆਉਂਦਿਆਂ ਮੈਨੂੰ ਤਸੱਲੀ ਹੈ ਕਿ ਨਕਦੀ ਸਪਲਾਈ (ਮਨੀ ਸਪਲਾਈ) ਦੇ ਚੰਗੇ ਪ੍ਰਬੰਧ ਕਾਰਨ ਸਾਡੀ ਸਰਕਾਰ ਉਪਾਅ ਅਤੇ ਸਾਧਨਾਂ ਦੇ ਪੇਸ਼ਗੀ ਦੇ ਦਿਨਾਂ ਅਤੇ ਓਵਰ ਡਰਾਫਟ ਨੂੰ ਘੱਟ ਕਰਨ ਦੇ ਯੋਗ ਹੋਈ ਹੈ। ਸਾਲ 2016-17 ਵਿੱਚ ਖ਼ਜ਼ਾਨਾ 179 ਦਿਨਾਂ ਲਈ ਅਤੇ 2017-18 ਵਿੱਚ 100 ਦਿਨਾਂ ਲਈ ਓਵਰ ਡਰਾਫਟ ਰਿਹਾ ਅਤੇ 2018-19 (31.01.2019 ਤੱਕ) ਵਿੱਚ 50 ਦਿਨਾਂ ਲਈ ਓਵਰ ਡਰਾਫਟ ਰਿਹਾ ਹੈ। ਜਿਸ ਨਾਲ ਅਸੀਂ ਲਗਭਗ 11.54 ਕਰੋੜ ਦੀਆਂ ਵਿਆਜ ਅਦਾਇਗੀਆਂ ਸੀਮਤ ਕਰਨ ਦੇ ਯੋਗ ਹੋਏ ਹਾਂ। ਜਦੋਂ ਕਿ ਰਾਜ 2016-17 ਵਿੱਚ 16 ਦਿਨਾਂ ਲਈ ਡਬਲ ਓਵਰ ਡਰਾਫਟ ਦੀ ਸਥਿਤੀ ਵਿੱਚ ਰਿਹਾ ਪ੍ਰੰਤੂ ਸਾਡੀ ਸਰਕਾਰ ਦੇ ਪਿਛਲੇ ਦੋ ਵਿੱਤੀ ਸਾਲਾਂ ਦੌਰਾਨ ਇਕ ਦਿਨ ਲਈ ਵੀ ਡਬਲ ਓਵਰ ਡਰਾਫਟ ਦੀ ਸਥਿਤੀ ਵਿਚ ਨਹੀਂ ਰਿਹਾ।

194. ਜਨਾਬ ਸਪੀਕਰ ਸਾਹਿਬ, ਮੌਜੂਦਾ ਸਮੇਂ ਪੈਟਰੋਲੀਅਮ ਉਤਪਾਦਾਂ ਉੱਪਰ ਵੈਟ ਦਰਾਂ ਗੁਆਂਢੀ ਰਾਜਾਂ ਦੇ ਮੁਕਾਬਲੇ ਪੰਜਾਬ ਵਿੱਚ ਵਧੇਰੇ ਹਨ। ਸਾਡੀ ਸਰਕਾਰ ਵੱਲੋਂ ਅਪਣਾਏ ਗਏ ਵਧੀਆ ਕੈਸ਼ ਪ੍ਰਵਾਹ ਪ੍ਰਬੰਧ ਵਿਵਹਾਰਾਂ ਕਾਰਨ ਸਾਡੀਆਂ ਮਾਲੀਆ ਪ੍ਰਾਪਤੀਆਂ ਵਿੱਚ ਆਈ ਤੇਜ਼ੀ ਤੋਂ ਉਤਸ਼ਾਹਿਤ ਹੋ ਕੇ ਅਸੀਂ ਗੁਆਂਢੀ ਸੂਬਿਆਂ ਦੇ ਅਨੁਰੂਪ ਪੈਟਰੋਲੀਅਮ ਉਤਪਾਦਾਂ ਉਪਰਲੇ ਵੈਟ ਦਰਾਂ ਨੂੰ ਤਰਕਪੂਰਨ ਬਣਾਉਣ ਲਈ ਕਦਮ ਚੁੱਕਾਂਗੇ। ਮੇਰੇ ਲਈ ਇਹ ਬੜਾ ਖੁਸ਼ਨੁਮਾ ਫਰਜ਼ ਹੈ ਕਿ ਮੈਂ ਹਾਊਸ ਦੇ ਫਲੋਰ ਤੇ ਅਨਾਊਂਸ ਕਰਾਂ ਕਿ ਅੱਜ ਰਾਤ 12 ਵਜੇ ਤੋਂ ਬਾਅਦ ਪੰਜਾਬ ਵਿੱਚ ਪੈਟਰੋਲ ਦਾ ਰੇਟ ਪੰਜ ਰੁਪਏ ਘੱਟ ਜਾਵੇਗਾ ਅਤੇ ਡੀਜ਼ਲ

ਦਾ ਰੇਟ ਇੱਕ ਰੁਪਏ ਘੱਟ ਜਾਵੇਗਾ। (ਥੰਪਿੰਗ) ਇਸ ਨਾਲ ਪੰਜਾਬ ਦੀ ਟੋਟਲ ਇਕਾਨਮੀ ਨੂੰ ਰਿਲੀਫ ਮਿਲੇਗੀ। ਅਸੀਂ ਚੰਡੀਗੜ੍ਹ ਨੂੰ ਛੱਡ ਕੇ ਆਪਣੇ ਗੁਆਂਢੀ ਸੂਬਿਆਂ ਦੇ ਨਾਲ ਆ ਜਾਵਾਂਗੇ ਕਿਉਂਕਿ ਚੰਡੀਗੜ੍ਹ ਸਾਡੇ ਨਾਲੋਂ ਡੀਜ਼ਲ ਵਿੱਚ ਤਾਂ ਨਹੀਂ ਪਰ ਪੈਟਰੋਲ ਵਿੱਚ ਅਜੇ ਵੀ ਸਸਤਾ ਰਹੇਗਾ। We will take it up with the Union Finance Minister ਕਿ ਇੱਕ ਛੋਟੀ ਜਿਹੀ ਯੂਨੀਅਨ ਟੈਰੀਟਰੀ, ਪੰਜਾਬ, ਹਰਿਆਣਾ ਨੂੰ ਇਸ ਤਰ੍ਹਾਂ ਮੁਤਾਸਿਰ ਕਰਦੀ ਹੈ। ਜਦੋਂ ਕਿ ਇਨ੍ਹਾਂ ਦੇ ਜਿਹੜੇ ਸਰਪਲੱਸ ਹਨ, ਇਨ੍ਹਾਂ ਦੇ ਕਿਸੇ ਕੰਮ ਨਹੀਂ ਆਉਂਦੇ ਇਹ ਤਾਂ ਕੰਸੋਲੀਡੇਟਿਡ ਫੰਡਜ਼ ਵਿੱਚ ਚਲੇ ਜਾਂਦੇ ਹਨ। ਸਪੀਕਰ ਸਾਹਿਬ, ਮੈਂ ਆਸ ਕਰਦਾ ਹਾਂ ਕਿ ਜਿਹੜਾ ਪੰਜਾਬ ਦਾ ਟਰੇਡ ਹੈ ਜੋ ਕਿ ਦੂਜੇ ਸਟੇਟਸ ਖਾ ਰਹੇ ਸੀ ਉਹ ਫਿਰ ਵਾਪਸ ਆ ਜਾਵੇਗਾ। ਇਹ ਉਮੀਦ ਕੀਤੀ ਜਾਂਦੀ ਹੈ ਕਿ ਪੈਟਰੋਲੀਅਮ ਉਤਪਾਦਾਂ ਉਪਰ ਵੈਟ ਦੀਆਂ ਦਰਾਂ ਨੂੰ ਗੁਆਂਢੀ ਰਾਜਾਂ ਨਾਲ ਬਰਾਬਰੀ ’ਤੇ ਲਿਆ ਕੇ ਪੰਜਾਬ ਵਿੱਚ ਪੈਟਰੋਲੀਅਮ ਉਤਪਾਦਾਂ ਉੱਪਰਲੀਆਂ ਕੀਮਤਾਂ ਨੂੰ ਘਟਾ ਕੇ ਖਪਤਕਾਰਾਂ ਨੂੰ ਰਾਹਤ ਮਿਲੇਗੀ।

195. ਜਨਾਬ ਸਪੀਕਰ ਸਾਹਿਬ, ਜਿਵੇਂ ਕਿ ਸਾਲ 2019-20 ਬਜਟ ਦੇ ਤਖਮੀਨੇ ਪੇਸ਼ ਕੀਤੇ ਗਏ ਨੇ, ਮੈਂ ਉਨ੍ਹਾਂ ਦੇ ਜ਼ਰੀਏ, ਆਪਣੀ ਕੌਮ ਨੂੰ ਇਸ ਗੱਲ ਦਾ ਯਕੀਨ ਦਿਵਾਉਣਾ ਚਾਹਾਂਗਾ ਅਤੇ ਯਕੀਨ ਦੇ ਨਾਲ ਪੂਰੀ ਜ਼ਿੰਮੇਵਾਰੀ ਦੇ ਨਾਲ ਕਹਿ ਰਿਹਾ ਹਾਂ, ਕਿ ਉਹਨਾਂ ਮੁਸ਼ਕਲ ਹਾਲਾਤ ਦੇ ਦੌਰ ਤੋਂ ਬਹੁਤ ਦੂਰ ਹੱਟ ਗਏ ਹਾਂ - ਜੋ ਕਿ ਪੁਰਾਣੀ ਸਰਕਾਰ ਵੱਲੋਂ ਪਰੇਸ਼ਾਨੀਆਂ ਤੇ ਗੁਰਬਤ ਦੀ ਸ਼ਕਲ ਵਿੱਚ ਸਾਨੂੰ ਵਿਰਾਸਤ ਵਿੱਚ ਮਿਲੀਆਂ।

196. ਇਕ ਬਹੁਤ ਹੀ ਮਸ਼ਹੂਰ ਇਕੋਨੋਮਿਸਟ (Economist) ਥਾਮਸ ਪਿਕੇਟੀ (Thomas Piketty) ਦੀ ਗੱਲ ਯਾਦ ਆ ਰਹੀ ਹੈ। ਜੋ ਉਨ੍ਹਾਂ ਨੇ ਮਾਲੀ ਹਾਲਾਤ ਤੇ ਕਹੀ "ਯਾਨੀ ਜੋ ਅਸੀਂ ਚਾਹੁੰਦੇ ਹਾਂ ਕਿ ਸੂਬੇ ਦੇ ਗਰੀਬ ਆਵਾਮ ਦੀ ਖਿਦਮਤ ਕਰਨੀ ਹੈ ਤਾਂ ਸਾਨੂੰ ਨੰਬਰ ਤੇ ਧਿਆਨ ਦੇਣਾ ਲਾਜ਼ਮੀ ਹੈ "

*Refusing to deal with numbers rarely serves the interests of the least well-off* . ਸਾਨੂੰ ਇਹ ਗੱਲ ਦਿਮਾਗ ਚੋਂ ਨਹੀਂ ਭੁਲਾਉਣੀ ਚਾਹੀਦੀ ਕਿ ਆਉਣ ਵਾਲੇ ਦਿਨਾਂ ਤੇ ਸਾਲਾਂ ਤੱਕ ਇਹ ਸ਼ਾਹਖਰਚੀਆਂ/ ਫਜ਼ੂਲਖਰਚੀਆਂ ਦਾ ਦੌਰ ਪੰਜਾਬ ਦੀ ਸਰਜ਼ਮੀਨ ਤੇ ਦੁਬਾਰਾ ਕਦੇ ਵੀ ਨਹੀਂ ਆਉਣਾ ਚਾਹੀਦਾ।

197. ਸਪੀਕਰ ਸਾਹਿਬ, ਮੈਂ ਹਾਊਸ ਨੂੰ ਯਕੀਨ ਦੁਆਵਾਂਗਾ ਕਿ ਸਰਕਾਰੀ ਖਜ਼ਾਨਾ ਸਾਡੇ ਕੋਲ ਪੰਜਾਬ ਦੀ ਜਨਤਾ ਦੀ ਅਮਾਨਤ ਹੈ, ਇਸ ਅਮਾਨਤ ਵਿੱਚ

ਕਦੇ ਵੀ ਖਿਆਨਤ ਨਹੀਂ ਹੋਵੇਗੀ, ਸਾਡੀ ਸਰਕਾਰ ਦਾ ਇਹੀ ਆਇਨ ਤੇ ਅਸੂਲ ਹੈ, ਯਾਨੀ ਮੰਤਰ ਹੈ, ਕਿ ਸੂਬੇ ਦੇ ਪਿਛੜੇ ਤੇ ਪਾਸਮਾਨ ਦੇ ਇਲਾਕੇ ਦੀ ਖਿਦਮਤ ਤਦ ਹੀ ਹੋ ਸਕਦੀ ਹੈ, ਜਦ ਅਸੀਂ ਆਰਥਿਕ ਤੌਰ ਤੇ ਪੰਜਾਬ ਨੂੰ ਮਜ਼ਬੂਤ ਬਣਾਵਾਂਗੇ ਅਤੇ ਇਹ ਤਦ ਹੀ ਹੋ ਸਕਦਾ ਹੈ, ਜਦ ਅਸੀਂ ਫਜ਼ੂਲ ਖਰਚਿਆਂ ਤੋਂ ਬਚੀਏ ਅਤੇ ਕਫਾਇਤ ਨਾਲ ਕੰਮ ਲਈਏ। ਇਸ ਵਿੱਚ ਹੀ ਲੋਕਾਂ ਦੀ ਖੁਸ਼ੀ ਅਤੇ ਭਲਾਈ ਹੈ ਅਤੇ ਇਹ ਸਾਡਾ ਅਵਲ ਤੇ ਆਲਾਤਾਰੀਮ ਫਰਜ਼ ਹੈ।

198. ਇੱਜ਼ਤ ਮੁਆਬ ਸਪੀਕਰ ਸਾਹਿਬ, ਮੇਰਾ ਦਿਲ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਪੰਜਾਬ ਦੇ ਲੋਕ ਸਿਰ ਉੱਚਾ ਚੁੱਕ ਕੇ ਤਰੱਕੀ ਦੀ ਰਾਹ ਤੇ ਗਾਮਜ਼ਨ ਹਨ ਅਤੇ ਰਹਿਣਗੇ। ਇਸ ਦਾ ਸਾਰਾ ਦਾਰੋਮਦਾਰ ਤੇ ਸਿਹਰਾ ਸਾਡੇ ਮਹਿਬੂਬ ਸੀ.ਐਮ. ਜਨਾਬ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਹੀ ਜਾਂਦਾ ਹੈ। ਸਪੀਕਰ ਸਾਹਬ, ਅੱਜ ਦੇ Financial Figure & Estimates ਨੇ ਇੱਕ ਵਾਰ ਫਿਰ ਸਾਬਿਤ ਕਰ ਦਿੱਤਾ ਹੈ ਕਿ ਪੰਜਾਬੀ ਇਤਿਹਾਸ ਵਿੱਚ ਗਵਾਚ ਜਾਣ ਵਾਲੀਆਂ ਕੌਮਾਂ ਵਿੱਚੋਂ ਨਹੀਂ ਹਨ ਬਲਕਿ ਇਹ ਰੋਜ਼-ਬ-ਰੋਜ਼, ਨਸਲ-ਦਰ-ਨਸਲ, ਆਪਣਾ ਇਤਿਹਾਸ ਸੁਨਹਿਰੇ ਅੱਖਰਾਂ ਵਿੱਚ ਲਿਖਦੇ ਰਹਿਣਗੇ ਅਤੇ ਆਉਣ ਵਾਲੀਆਂ ਨਸਲਾਂ ਨੂੰ ਅਖ਼ਤਿਆਰ ਦੇ ਕੇ ਜਾਣਗੇ। ਕੈਪਟਨ ਅਮਰਿੰਦਰ ਸਿੰਘ ਜੀ ਦੀ ਰਹਿਨੁਮਾਈ, ਪਰਵਰਿਸ਼, ਕੋਸ਼ਿਸ਼ ਤੇ ਰਹਿਬਰੀ ਤੋਂ ਬਗੈਰ ਮੈਂ ਇੰਨੇ ਪੁਰਜ਼ੋਰ ਤੇ ਪੁਰ ਅਮਲ ਤਰੀਕੇ ਨਾਲ ਆਪਣੀਆਂ ਜ਼ਿੰਮੇਵਾਰੀਆਂ ਨੂੰ ਅੰਜਾਮ ਨਹੀਂ ਦੇ ਸਕਦਾ ਸੀ ਜਿਸ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਉਹ ਇਸ ਪੰਜਾਬ ਦੇ ਹਰ ਦਿਲ ਅਜ਼ੀਜ਼ ਲੀਡਰ ਹੀ ਨਹੀਂ ਬਲਕਿ ਮੇਰੇ ਬੇਹਤਰੀਨ ਦੋਸਤ ਵੀ ਹਨ।

199. ਸਪੀਕਰ ਸਾਹਿਬ, ਮੈਨੂੰ ਪੰਜਾਬ ਦੇ ਇਕ ਹੋਰ ਮਸ਼ਹੂਰ ਸਪੂਤ ਜਨਾਬ ਜਗਨਨਾਥ ਆਜ਼ਾਦ ਦੇ ਅਲਫਾਜ਼ ਯਾਦ ਆ ਰਹੇ ਹਨ:-

"ਨਜ਼ਰ ਜਮਤੀ ਤੋਂ ਕਿਆ ਜਮਤੀ,
ਕਦਮ ਰੁਕਤੇ ਤੋਂ ਕਿਆ ਰੁਕਤੇ,
ਕਿ ਹਮਨੇ ਆਪਣੀ ਮੰਜ਼ਿਲ ਕੋ ਭੀ,
ਆਪਣੀ ਰਹਿ ਗੁਜ਼ਰ ਜਾਨਾ।"

200. ਜਨਾਬ ਸਪੀਕਰ ਸਾਹਿਬ, ਮੈਂ ਆਪ ਜੀ ਦਾ ਤੇ ਹਾਊਸ ਦੇ ਸਾਰੇ ਮੈਂਬਰਾਨ ਦਾ ਤਹਿ ਦਿਲ ਤੋਂ ਧੰਨਵਾਦ ਕਰਦਾਂ ਹਾਂ ਜੋ ਤੁਸੀਂ ਮੇਰਾ ਲੰਬੇ ਸਮੇਂ ਤੋਂ ਲਿਹਾਜ਼ ਕੀਤਾ ਅਤੇ ਮੈਂ ਆਸ ਰੱਖਦਾ ਹਾਂ ਕਿ ਤੁਸੀਂ ਆਇੰਦਾ ਵੀ ਹਰ ਕਦਮ ਮੇਰੇ ਨਾਲ

ਰਹੋਗੇ ਤਾਂ ਕਿ ਅਸੀਂ ਰਲ ਮਿਲ ਕੇ ਇਸ ਧਰਤੀ ਮਾਂ ਨੂੰ ਇੱਜ਼ਤ ਦੇ ਸਕੀਏ।

201. ਸਪੀਕਰ ਸਾਹਿਬ, ਆਪਣੀ ਤਕਰੀਰ ਖ਼ਤਮ ਕਰਨ ਤੋਂ ਪਹਿਲਾ ਮੇਰਾ ਇਹ ਜ਼ਰੂਰੀ ਤੇ ਖੁਸ਼ਨੁਮਾ ਫਰਜ਼ ਹੈ ਕਿ ਮੈਂ ਆਪਣੇ ਮਹਿਕਮਾ ਵਿੱਤ ਤੇ ਯੋਜਨਾ ਦੇ ਤਮਾਮ ਅਫਸਰਾਂ ਤੇ ਅਧਿਕਾਰਿਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰੀਆ ਅਦਾ ਕਰਾਂ ਜਿਨ੍ਹਾਂ ਨੇ ਰਾਤ ਤੇ ਦਿਨ ਮਦਦ ਕੀਤੀ ਅਤੇ ਜਿਨ੍ਹਾਂ ਦੀ ਵਜ੍ਹਾ ਨਾਲ ਇਹ ਬਜਟ ਪੇਸ਼ ਹੋ ਸਕਿਆ ਹੈ।

202. ਕੋਈ ਵੀ ਸਰਕਾਰ ਅਕਾਊਂਟੈਂਟ ਜਨਰਲ ਦੀ ਮਦਦ ਤੋਂ ਬਗੈਰ ਕਾਮਯਾਬ ਨਹੀਂ ਹੋ ਸਕਦੀ। ਮੈਂ ਤਹਿ ਦਿਲ ਤੋਂ ਅਕਾਊਟੈਂਟ ਜਨਰਲ ਸਾਹਿਬ ਦਾ ਵੀ ਮਸ਼ਕੂਰ ਹਾਂ। ਜਨਾਬ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਸਾਲ 2019-20 ਦਾ ਬਜਟ ਅਸੈਂਬਲੀ ਵਿੱਚ ਪੇਸ਼ ਕਰਨ ਦਾ ਮੌਕਾ ਫਰਹਾਮ ਕੀਤਾ।

ਜੈ ਹਿੰਦ।

**ਮਾਨਯੋਗ ਸਪੀਕਰ:** ਹੁਣ, ਸਦਨ ਬੁੱਧਵਾਰ, ਮਿਤੀ 20 ਫਰਵਰੀ, 2019 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ ।

*2.09 ਵਜੇ ਬਾਅਦ ਦੁਪਹਿਰ } (ਇਸ *ਉਪਰੰਤ ਸਦਨ ਬੁੱਧਵਾਰ, ਮਿਤੀ 20 ਫਰਵਰੀ, 2019 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

----

# APPENDIX

# TO

# PUNJAB VIDHAN SABHA

# DEBATES

Monday, the 18th February, 2019

Vol. VII-No.5

STARRED QUESTIONS AND ANSWERS

## ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ ਦਾ ਦਫ਼ਤਰ ਬਨਾਉਣਾ

***1924. ਰਾਣਾ ਗੁਰਜੀਤ ਸਿੰਘ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਪੂਰਥਲਾ ਜ਼ਿਲ੍ਹੇ ਵਿੱਚ ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ ਦਾ ਦਫ਼ਤਰ ਮੌਜੂਦ ਨਹੀਂ ਹੈ ਅਤੇ ਗੱਡੀਆਂ ਦੀ ਰਜਿਸਟ੍ਰੇਸ਼ਨ ਅਤੇ ਡਰਾਈਵਿੰਗ ਲਾਈਸੈਂਸ ਲਈ ਇਸ ਜ਼ਿਲ੍ਹੇ ਦੇ ਵਸਨੀਕਾਂ ਨੂੰ ਜਲੰਧਰ ਜਾਣਾ ਪੈਂਦਾ ਹੈ ; ਜੇਕਰ ਅਜਿਹਾ ਹੈ ਤਾਂ ਇਸਦੇ ਕਾਰਨ ਕੀ ਹਨ ਅਤੇ ਕਪੂਰਥਲਾ ਵਿੱਚ ਇਹ ਦਫਤਰ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਸ਼੍ਰੀਮਤੀ ਅਰੁਨਾ ਚੌਧਰੀ :** ਹਾਂ ਜੀ, ਕਪੂਰਥਲਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਕੇਵਲ ਕਮਰਸ਼ੀਅਲ ਗੱਡੀਆਂ ਦੀ ਰਜਿਸਟਰੇਸ਼ਨ ਅਤੇ ਕਮਰਸ਼ੀਅਲ ਡਰਾਈਵਿੰਗ ਲਾਈਸੈਂਸ ਬਣਾਉਣ ਲਈ ਜਲੰਧਰ ਵਿਖੇ ਜਾਣਾ ਪੈਂਦਾ ਹੈ। ਕਪੂਰਥਲਾ ਵਿਖੇ ਸਕੱਤਰ, ਰਿਜ਼ਨਲ ਟਰਾਂਸਪੋਰਟ ਅਥਾਰਟੀ ਦਾ ਦਫਤਰ ਬਣਾਉਣ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

----

© 2020
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

10012/02-2020/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ